# ਵਿਗਿਆਨ ਜੋਤ

**ਸਾਲ 10, ਅੰਕ 3**

**ਮਈ-ਜੂਨ, 2015**

**PUNPUN/2006/17457**



ਮੁੱਖ ਸੰਪਾਦਕ : ਮੇਘ ਰਾਜ ਮਿੱਤਰ
ਸੰਪਾਦਕ : ਅਜਮੇਰ ਸਿੱਧੂ
ਰਣਜੀਤ ਝਨੇਰ
ਮੁੱਖ ਪ੍ਰਬੰਧਕ : ਅਮਿੱਤ ਮਿੱਤਰ

ਸੰਪਾਦਕੀ ਬੋਰਡ:
* ਸਰਜੀਤ ਤਲਵਾਰ
* ਰਾਜਾ ਰਾਮ ਹੰਢਿਆਇਆ
* ਬਲਜਿੰਦਰ ਕੋਟਭਾਰਾ
* ਡਾ. ਹਰੀਸ਼ ਮਲਹੋਤਰਾ ਬਰਮਿੰਘਮ
* ਅਵਤਾਰ ਨਿਊਜ਼ੀਲੈਂਡ
* ਡਾ. ਵਿਸ਼ਾਲ ਭਾਰਤੀ (ਐਮ.ਡੀ.)
* ਤਲਵਿੰਦਰ ਸੱਭਰਵਾਲ (ਕੈਨੇਡਾ)
* ਹਰਪਿੰਦਰ ਬਰਾੜ (ਕੈਨੇਡਾ)

**ਸਲਾਹਕਾਰੀ ਬੋਰਡ:**
* ਸੁਖਵੀਰ ਰੈਣਾ
* ਡਾ. ਗੁਰਵਿੰਦਰ ਸਿੰਘ ਐਮ. ਡੀ.
* ਡਾ. ਪਵਿੱਤਰ ਅਮਰਗੜ੍ਹ



**ਦਰ ਚੰਦਾ**

| | |
|---|---|
| ਸਲਾਨਾ ਚੰਦਾ | 100/- |
| ਦੋ ਸਾਲਾਂ ਦਾ ਚੰਦਾ | 150/- |
| ਪੰਜ ਸਾਲ ਲਈ | 350/- |
| ਦਸ ਸਾਲ ਲਈ | 700/- |
| ਵਿਦੇਸ਼ਾਂ ਲਈ ਸਲਾਨਾ ਚੰਦਾ | 500/- |
| ਵਿਦੇਸ਼ਾਂ 'ਚ ਪੰਜ ਸਾਲ ਲਈ | 2000/- |

ਚੰਦੇ ਅਤੇ ਰਚਨਾਵਾਂ ਭੇਜਣ ਲਈ ਪਤਾ :-



**ਅਮਿੱਤ ਮਿੱਤਰ**
ਤਰਕਸ਼ੀਲ ਨਿਵਾਸ, ਕੱਚਾ ਕਾਲਜ ਰੋਡ, ਗਲੀ ਨੰਬਰ 8, ਬਰਨਾਲਾ - 148101 (ਪੰਜਾਬ) ਫੋਨ : 01679-241744
Email : tarksheel@gmail.com



**ਨੋਟ : ਸਿੱਖਿਆ ਵਿਭਾਗ ਵੱਲੋਂ 'ਵਿਗਿਆਨ ਜੋਤ' ਸਕੂਲਾਂ ਲਈ ਪ੍ਰਵਾਨਿਤ ਹੈ**
ਮੈਗਜ਼ੀਨ 'ਵਿਗਿਆਨ ਜੋਤ' ਡਾਇਰੈਕਟਰ ਸਿੱਖਿਆ ਵਿਭਾਗ ਪੰਜਾਬ, ਚੰਡੀਗੜ੍ਹ ਦੇ ਹੁਕਮ ਨੰ: 4/2-2003 ਮਿਤੀ 2-5-2003 ਐਡੀਟਰ ਪੰਜਾਬੀ ਰਾਹੀਂ ਰਾਜ ਦੀਆਂ ਸਾਰੀਆਂ ਵਿੱਦਿਅਕ ਸੰਸਥਾਵਾਂ ਲਈ ਪ੍ਰਵਾਨਿਤ ਹੈ।



ਵਿਸ਼ੇਸ਼ ਨੋਟ : ਕਿਸੇ ਵੀ ਤਰ੍ਹਾਂ ਦਾ ਵਾਦ ਵਿਵਾਦ ਸਿਰਫ਼ ਬਰਨਾਲਾ ਦੀ ਅਦਾਲਤ ਵਿੱਚ ਨਜਿੱਠਿਆ ਜਾਵੇਗਾ।


ਸੰਪਾਦਕੀ

# ਨਿੱਘਰ ਰਿਹਾ ਸਮਾਜ

ਦੋ ਘਟਨਾਵਾਂ ਨਾਲ ਆਪਣੀ ਗੱਲ ਕਹਿਣ ਦਾ ਯਤਨ ਕਰ ਰਿਹਾ ਹਾਂ। ਪਹਿਲੀ ਘਟਨਾ ਗੁੜਗਾਓਂ ਦੇ ਰੇਲਵੇ ਸਟੇਸ਼ਨ ਦੀ ਹੈ। ਇੱਕ ਬਜ਼ੁਰਗ ਜੋੜੀ ਪਤੀ-ਪਤਨੀ ਗੱਡੀ ਵਿੱਚੋਂ ਉੱਤਰੇ। ਆਸੇ-ਪਾਸੇ ਨਿਗਾਹ ਮਾਰਨ ਤੋਂ ਬਾਅਦ ਉਹ ਇੱਕ ਬੈਂਚ 'ਤੇ ਬੈਠ ਗਏ। ਜਦੋਂ ਉਹ ਚਾਰ-ਪੰਜ ਘੰਟੇ ਬੇਸਬਰੀ ਦੀਆਂ ਨਿਗਾਹਾਂ ਨਾਲ ਕਿਸੇ ਵਿਅਕਤੀ ਨੂੰ ਢੂੰਡ ਰਹੇ ਪ੍ਰਤੀਤ ਹੋਏ ਤਾਂ ਇੱਕ ਟੀ. ਸਟਾਲ ਵਾਲੇ ਨੇ ਉਹਨਾਂ ਨੂੰ ਪੁੱਛ ਹੀ ਲਿਆ। "ਬਜ਼ੁਰਗੋ ਤੁਸੀਂ ਕੋਈ ਗੱਡੀ ਫੜੀ ਵੀ ਨਹੀਂ ਬੈਠੇ ਆਸੇ-ਪਾਸੇ ਹੀ ਵੇਖ ਰਹੇ ਹੋ, ਕੀ ਮਾਜਰਾ ਹੈ?" ਉਹ ਕਹਿਣ ਲੱਗੇ, "ਸਾਡੇ ਸਪੁੱਤਰ ਨੇ ਸਾਨੂੰ ਲੈਣ ਲਈ ਸਟੇਸ਼ਨ 'ਤੇ ਆਉਣਾ ਸੀ ਪਰ ਉਹ ਆਇਆ ਨਹੀਂ।" ਉਹ ਸਟਾਲ ਵਾਲਾ ਉਹਨਾਂ ਨੂੰ ਕਹਿਣ ਲੱਗਿਆ ਤੁਹਾਡੇ ਕੋਲ ਤੁਹਾਡੇ ਸਪੁੱਤਰ ਦਾ ਕੋਈ ਪਤਾ ਟਿਕਾਣਾ ਹੋਊ? ਉਹ ਕਹਿਣ ਲੱਗੇ, "ਅਸੀਂ ਤਾਂ ਅਨਪੜ੍ਹ ਹਾਂ ਸਾਡੀ ਨੂੰਹ ਨੇ ਉਸਦਾ ਪਤਾ ਲਿਖ ਕੇ ਸਾਡੀ ਜੇਬ੍ਹ ਵਿੱਚ ਪਾ ਦਿੱਤਾ ਸੀ, ਇਹ ਤੁਸੀਂ ਪੜ੍ਹ ਲਉ।" ਇਹ ਕਹਿ ਕੇ ਉਹਨਾਂ ਨੇ ਚਿਟ ਜੇਬ੍ਹ ਵਿੱਚੋਂ ਕੱਢੀ ਤੇ ਉਸਨੂੰ ਫੜ੍ਹਾ ਦਿੱਤੀ। ਉਸ ਚਿਟ 'ਤੇ ਜੋ ਕੁਝ ਲਿਖਿਆ ਸੀ ਉਸਨੂੰ ਪੜ੍ਹ ਕੇ ਉਹ ਹੈਰਾਨ ਰਹਿ ਗਿਆ। ਚਿਟ 'ਤੇ ਲਿਖਿਆ ਸੀ :-



"ਕਿਰਪਾ ਕਰਕੇ ਇਸ ਬਜ਼ੁਰਗ ਜੋੜੀ ਨੂੰ ਕਿਸੇ ਬਿਰਧ ਆਸ਼ਰਮ ਵਿੱਚ ਛੱਡ ਦੇਣਾ।"

ਇਸੇ ਤਰ੍ਹਾਂ ਦੀ ਇੱਕ ਹੋਰ ਘਟਨਾ ਚੰਡੀਗੜ੍ਹ ਬੱਸ ਸਟੈਂਡ 'ਤੇ ਵਾਪਰੀ। ਇੱਕ ਬਜ਼ੁਰਗ ਜੋੜੀ ਕਾਫੀ ਦੇਰ ਇੱਕ ਬੈਂਚ 'ਤੇ ਬੈਠੀ ਰਹੀ। ਆਲੇ-ਦੁਆਲੇ ਕੁਝ ਲੋਕ ਇਕੱਠੇ ਹੋ ਗਏ। ਉਹਨਾਂ ਨੇ ਪੁੱਛਿਆ ਬਜ਼ੁਰਗੋ ਤੁਸੀਂ ਕਿੱਥੇ ਜਾਣਾ ਹੈ ਹੁਣ ਤਾਂ ਬੱਸ ਵੀ ਕਿਤੇ ਨਹੀਂ ਜਾਵੇਗੀ। ਤਾਂ ਉਹ ਕਹਿਣ ਲੱਗੇ "ਅਸੀਂ ਪੀ. ਜੀ. ਆਈ. ਚੰਡੀਗੜ੍ਹ ਵਿੱਚੋਂ ਆਪਣਾ ਇਲਾਜ ਕਰਵਾਉਣ ਆਏ ਸਾਂ। ਹਸਪਤਾਲ ਦੀਆਂ ਦਵਾਈਆਂ 'ਤੇ ਸਾਡੇ ਸਾਰੇ ਪੈਸੇ ਖਰਚ ਹੋ ਗਏ। ਸਾਡਾ ਸਪੁੱਤਰ ਕਿਰਾਇਆ ਲੈਣ ਗਿਆ ਹੋਇਆ ਹੈ। ਉਹ ਪੈਸੇ ਲੈ ਕੇ ਆਇਗਾ ਫਿਰ ਹੀ ਅਸੀਂ ਵਾਪਸ ਜਾਵਾਂਗੇ।"

ਪਹਿਲੀ ਘਟਨਾ ਦਰਸਾਉਂਦੀ ਹੈ ਕਿ ਆਪਣੇ ਹੱਥੀਂ ਪਾਲੀ-ਪੋਸੀ ਆਪਣੀ ਹੀ ਸੰਤਾਨ ਐਨੀ ਨਿਰਮੋਹੀ ਕਿਉਂ ਹੋ ਗਈ ਹੈ। ਕਾਰਨ ਸਪਸ਼ਟ ਹੈ ਕਿ ਅਸੀਂ ਆਪਣੇ ਆਪ ਨੂੰ ਗਊ ਭਗਤ ਕਹਾਉਂਦੇ ਹੋਏ ਵੀ ਦੁੱਧ ਦੇਣੋਂ ਹਟੀਆਂ ਗਊਆਂ ਨੂੰ ਵੀ ਆਪਣੇ ਘਰੋਂ ਬੇਘਰ ਕਰ ਦਿੰਦੇ ਹਾਂ। ਆਪਣੇ ਮਾਂ-ਪਿਉ ਤਾਂ ਸਾਡੇ ਲੱਗਣੇ ਹੀ ਕੀ ਹਨ? ਆਪਣੇ ਪੀਰਾਂ, ਸਾਧਾਂ-ਸੰਤਾਂ ਨੂੰ ਤਾਂ ਅਸੀਂ ਆਪਣਾ ਪਿਤਾ ਮੰਨ ਕੇ ਉਸਦਾ ਜਨਮ ਦਿਨ ਤੱਕ ਮਨਾਉਣੋਂ ਖੁੰਝਦੇ ਹੀ ਨਹੀਂ। ਪਰ ਸਾਡੇ ਆਪਣੇ ਮਾਪਿਆਂ ਪ੍ਰਤੀ ਸਾਡਾ ਵਤੀਰਾ ਕੀ ਹੁੰਦਾ ਹੈ। ਇਹ ਗੱਲਾਂ ਗੰਭੀਰ ਵਿਚਾਰ-ਵਟਾਂਦਰੇ ਦੀ ਮੰਗ ਕਰਦੀਆਂ ਹਨ। ਦੂਸਰੀ ਘਟਨਾ ਸਾਡੇ ਦੇਸ਼ ਦੀ ਗਰੀਬੀ ਦੀ ਦੁਹਾਈ ਪਾ ਰਹੀ ਹੈ। ਕਿਵੇਂ ਇਲਾਜ ਕਰਵਾਉਂਦੇ ਲੋਕ ਆਪਣਾ ਸਭ ਕੁਝ ਹਸਪਤਾਲਾਂ ਨੂੰ ਭੇਂਟ ਕਰਕੇ ਮਲੰਗ ਹੋ ਜਾਂਦੇ ਹਨ ਅਤੇ ਲੋਕਾਂ ਨੂੰ ਆਪਣਾ ਜਾਂ ਆਪਣੇ ਬੱਚਿਆਂ ਦਾ ਇਲਾਜ ਕਰਵਾਉਣ ਲਈ ਆਪਣੇ ਘਰਾਂ ਨੂੰ ਵੇਚਣਾ ਪੈ ਜਾਂਦਾ ਹੈ ਤੇ ਟੱਪਰੀਵਾਸ ਬਣ ਜਾਂਦੇ ਹਨ।

ਸਾਡੀ ਆਰਥਿਕਤਾ ਸਾਡੇ ਰਿਸ਼ਤਿਆਂ ਦੇ ਨਿਘਾਰ ਦਾ ਕਾਰਨ ਵੀ ਬਣ ਰਹੀ ਹੈ। ਸਾਡੇ ਦੇਸ਼ ਦੇ ਹੁਣ ਤੱਕ ਦੇ ਹਾਕਮਾਂ ਨੇ ਸਾਡੇ ਦੇਸ਼ ਦੀ ਹਾਲਤ ਦੁਨੀਆਂ ਵਿੱਚੋਂ ਸਭ ਤੋਂ ਗਰੀਬ ਮੁਲਕ ਵਾਲੀ ਬਣਾ ਦਿੱਤੀ ਹੈ। ਮਈ ਦਿਵਸ 'ਤੇ ਇਹ ਸੋਚਣ ਦੀ ਲੋੜ ਬਣਦੀ ਹੈ ਕਿ ਭਾਰਤ ਨੂੰ ਮੌਜੂਦਾ ਸੰਕਟ ਤੋਂ ਕਿਵੇਂ ਬਾਹਰ ਕੱਢਿਆ ਜਾਵੇ।

**-ਮੇਘ ਰਾਜ ਮਿੱਤਰ (ਮੁੱਖ ਸੰਪਾਦਕ) ਮੋ. 98887-87440**

# ਯਾਦਾਂ ਦੇ ਝਰੋਖੇ ’ਚੋਂ...

ਮੇਘ ਰਾਜ ਮਿੱਤਰ
ਫੋਨ ਨੰ: 98887-87440



ਸਾਥੀ ਗੁਰਦੇਵ ਲਾਲੀ ਸ਼ਦੀਵੀ ਵਿਛੋੜਾ ਦੇ ਗਏ, ਪਿਛਲੇ ਦਿਨੀਂ ਸਾਥੀ ਗੁਰਦੇਵ ਲਾਲੀ ਇੰਡੀਆ ਆ ਰਹੇ ਸਨ। ਏਅਰਪੋਰਟ ’ਤੇ ਹੀ ਉਨ੍ਹਾਂ ਨੂੰ ਅਜਿਹਾ ਦਿਲ ਦਾ ਦੌਰਾ ਪਿਆ ਕਿ ਉਨ੍ਹਾਂ ਦੀ ਹਵਾਈ ਅੱਡੇ ’ਤੇ ਹੀ ਮੌਤ ਹੋ ਗਈ। ਲਾਲੀ ਜੀ 65 ਕੁ ਸਾਲ ਦੀ ਉਮਰ ਦੇ ਸਨ। ਲੱਗਭੱਗ ਪਿਛਲੇ 40 ਵਰ੍ਹਿਆਂ ਤੋਂ ਹੀ ਕੈਨੇਡਾ ਦੀ ਧਰਤੀ ਉੱਤੇ ਟੋਰਾਂਟੋ ਵਿਖੇ ਰਹਿ ਰਹੇ ਸਨ। ਮੇਰੇ 2004 ਵਿੱਚ ਕੈਨੇਡਾ ਜਾਣ ਸਮੇਂ ਉਨ੍ਹਾਂ ਨੇ ਹਰਪਿੰਦਰ ਬਰਾੜ ਤੇ ਹਰਪ੍ਰੀਤ ਬਰਾੜ ਤੋਂ ਬਾਅਦ ਸਭ ਤੋਂ ਵੱਧ ਸਹਿਯੋਗ ਦੇਣ ਵਾਲੇ ਸਾਥੀ ਸਨ ਜੇ ਕਿਸੇ ਨੇ ਸਹਿਯੋਗ ਕੀਤਾ। ਉਹ ਗੁਰਦੇਵ ਹੀ ਸਨ। ਮੈਨੂੰ ਕਿਤੇ ਵੀ ਲੈ ਕੇ ਜਾਣਾ ਹੁੰਦਾ ਤਾਂ ਉਹ ਆਪਣੀ ਕਾਰ ਲੈ ਕੇ ਹਾਜ਼ਿਰ ਹੋ ਜਾਂਦੇ। ਤਰਕਸ਼ੀਲ ਤੇ ਇਨਕਲਾਬੀ ਵਿਚਾਰ ਉਨ੍ਹਾਂ ਦੇ ਮਨ ਵਿੱਚ ਬਹੁਤ ਡੂੰਘਾਈ ਤੱਕ ਵਸੇ ਹੋਏ ਸਨ। ਆਪਣੇ ਵਿਚਾਰਾਂ ਲਈ ਹਰ ਕਿਸਮ ਦੀ ਕੁਰਬਾਨੀ ਦੇਣ ਲਈ ਉਹ ਹਮੇਸ਼ਾ ਤਿਆਰ ਰਹਿੰਦੇ। ਅਜਿਹੇ ਕਾਰਜਾਂ ਲਈ ਪੰਜਾਬ ਵਿੱਚੋਂ ਵੀ ਸਮੇਂ ਸਮੇਂ ਸਿਰ ਜਾਂਦੇ ਆਉਂਦੇ ਰਹਿੰਦੇ ਕਾਮਰੇਡਾਂ ਲਈ ਵੀ ਉਨ੍ਹਾਂ ਦਾ ਰਹਿਣ ਵਸ਼ੇਰਾ ਹਮੇਸ਼ਾ ਖੁੱਲ੍ਹਾ ਰਹਿੰਦਾ। ਜਵਾਨੀ ਦੇ ਦਿਨ੍ਹਾਂ ਦੇ ਵਿੱਚ ਉਨਾ ਦਾ ਵਿਆਹ ਹੋ ਗਿਆ! ਪਰ 20 -25 ਸਾਲ ਬੀਤਣ ਤੋਂ ਬਾਅਦ ਉਸ ਦਾ ਆਪਣੀ ਪਤਨੀ ਦੇ ਨਾਲ ਤਲਾਕ ਹੋ ਗਿਆ। ਉਨ੍ਹਾ ਨੇ ਇੰਡੀਆ ਵਿੱਚ ਆ ਕੇ ਵਿਆਹ ਕਰਵਾਇਆ ਤਾਂ ਜੋ ਉਹ ਫਗਵਾੜਾ ਵਿਖੇ ਰਿਹਾਇਸ਼ ਕਰ ਸਕਣ ਅਤੇ ਆਪਣੀ ਰਿਟਾਇਰਡ ਲਾਈਫ ਬੀਤਤ ਕਰ ਸਕਣ। ਪਰ ਇਹ ਵਿਆਹ ਵੀ ਉਹਨਾ ਨੂੰ ਰਾਸ ਨਾ ਆਇਆ। ਇਸ ਤਰ੍ਹਾ ਵਿਆਹੁਤਾ ਜਿੰਦਗੀ ਦੋ ਵਾਰ ਬਰਬਾਦ ਹੋ ਗਈ। ਪਰ ਉਹਨਾ ਦਾ ਇਨਕਲਾਬੀ ਸੋਚ ਅਤੇ ਤਰਕਸ਼ੀਲ ਵਿਚਾਰਧਾਰਾ ਲਈ ਯੋਗਦਾਨ ਹਮੇਸ਼ਾ ਯਾਦ ਰਹੇਗਾ।

## ਸਿਰਸੇ ਵਾਲੇ ਡੇਰੇ ਨਾਲ ਸਰਕਾਰ ਹੈ ਘਿਉ ਖਿਚੜੀ

ਭਾਰਤ ਦੇ ਵਿੱਚ ਸਾਰੇ ਡੇਰੇ ਕਾਂਗਰਸ, ਅਕਾਲੀਆਂ ਜਾਂ ਭਾਜਪਾ ਦੇ ਵੋਟ ਬੈਂਕ ਹਨ। ਡੇਰਿਆ ਵਾਲਿਆਂ ਨੂੰ ਆਪਣੀਆਂ ਸਾਜ਼ਿਸ ਸੀ। ਗਤੀਵਿਧੀਆਂ ਤੇ ਪਰਦਾ ਪਾਉਣ ਲਈ ਸਰਕਾਰੀ ਸਰਪ੍ਰਸ਼ਤੀ ਦੀ ਲੋੜ ਹੈ ਅਤੇ ਮੋਕਾ ਪ੍ਰਸਰਤ ਸਿਆਸੀ ਪਾਰਟੀਆ ਨੂੰ ਸਰਕਾਰ ਬਣਾਉਣ ਲਈ ਵੋਟਾਂ ਵਿੱਚ ਬਹੁਸੰਮਤੀ ਲੈਣੀ ਹੁੰਦੀ ਹੈ। ਇਸ ਲਈ ਘਟਿਆ ਕਿਸਮ ਦਾ ਗੱਠ ਜੋੜ ਉਸਰ ਜਾਦਾ ਹੈ। ਸਿਰਸੇ ਦੇ ਡੇਰੇ ਵਾਲਿਆ ਨੇ ਹਰਿਆਣੇ ਦੀਆਂ ਇਲੈਕਸ਼ਨਾਂ ਦੇ ਵਿੱਚ ਭਾਰਤੀ ਜਨਤਾ ਪਾਰਟੀ ਦੀ ਹਿਮਾਇਤ ਕੀਤੀ ਸੀ। ਆਪਣੇ ਸਾਰੇ ਚੇਲਿਆਂ ਨੂੰ ਭਾਜਪਾ ਨੂੰ ਵੋਟ ਪਾਉਣ ਦੀ ਹਿਮਾਇਤ ਕੀਤੀ ਸੀ। ਹਰਿਆਣਾ ਦੇ ਵਿੱਚ ਭਾਜਪਾ ਦੀ ਸਰਕਾਰ ਬਣ ਗਈ। ਡੇਰੇ ਵਿੱਚ ਨਿਪੁੰਸਕ ਕੀਤੇ ਗਏ 400 ਸੌ ਸ਼ਰਧਾਲੂਆ ਦੀ ਜਾਂਚ ਪੜਤਾਲ ਸੀ. ਬੀ. ਆਈ ਕਰ ਰਹੀ ਹੈ। ਪਰ ਸੀ. ਬੀ. ਆਈ ਦੇ ਵਕੀਲ ਨੇ ਹਰਿਆਣਾ ਸਰਕਾਰ ਤੇ ਦੋਸ਼ ਲਾਇਆ ਹੈ ਕਿ ਸਰਕਾਰ ਵੱਲੋਂ ਡੇਰੇ ਬਾਰੇ ਉਨ੍ਹਾਂ ਨੂੰ ਕੋਈ ਸਹਿਯੋਗ ਨਹੀ ਮਿਲ ਰਿਹਾ ਹੈ। ਹਰਿਆਣਾ ਸਰਕਾਰ ਦੀ ਇਹ ਨੀਤ ਸ਼ਪੱਸਟ ਕਰਦੀ ਹੈ ਕਿ ਡੇਰੇ ਨੇ ਸਾਨੂੰ ਭਾਰੀ ਸਮਰੱਥਨ ਦਿੱਤਾ ਸੀ। ਹੁਣ ਅਸੀ ਡੇਰੇ ਦੇ ਖਿਲ਼ਾਫ ਕਿਵੇਂ ਜਾ ਸਕਦੇ ਹਾਂ। ਭਾਵੇਂ ਡੇਰੇ ਨੇ ਦਿੱਲੀ ਦੀਆਂ ਇਲੈਕਸ਼ਨਾਂ ਵਿੱਚ ਵੀ ਭਾਜਪਾ ਦੀ ਹਿਮਾਇਤ ਕੀਤੀ ਸੀ। ਪਰ ਉੱਥੋਂ ਦੇ ਲੋਕਾਂ ਨੇ ਡੇਰੇ ਦੇ ਮੁੱਖੀ ਵੱਲੋਂ ਦਿੱਲੀ ਦੀਆਂ ਬਹੁਤ ਸਾਰੀਆਂ ਸੀਟਾਂ ਡੇਰੇ ਦੀ ਹਿਮਾਇਤ ਨਾਲ ਜਿੱਤਣ ਦੀ ਭਵਿੱਖਬਾਣੀ ਗਲਤ ਸ਼ਾਬਿਤ ਕਰ ਦਿੱਤੀ ਹੈ। ਭਾਰਤ ਦੇ ਬਾਕੀ ਹਿੱਸਿਆਂ ਦੇ ਲੋਕਾਂ ਨੂੰ ਵੀ ਦਿੱਲੀ ਤੋਂ ਸਬਕ ਸਿੱਖਣ ਦੀ ਲੋੜ ਹੈ।



## ਇੰਟਰਨੈੱਟ ਦੀ ਆਜਾਦੀ ਲਈ ਧਾਰਾ (66ਏ) ਰੱਦ ਕੀਤੀ ਗਈ!

ਉਂਝ ਤਾਂ ਇੱਥੇ ਰਾਜ ਕਰ ਰਹੇ ਅਮੀਰ ਘਰਾਣਿਆਂ ਦੇ ਲੋਕਾਂ ਨੂੰ ਕਿਸੇ ਕਿਸਮ ਦੀ ਆਜਾਦੀ ਰਾਸ ਨਹੀ ਹੁੰਦੀ। ਪਰ ਪਿਛਲੀ ਕੇਂਦਰ ਦੀ ਕਾਂਗਰਸ਼ ਸਰਕਾਰ ਨੇ ਭਾਰਤੀ ਲੋਕਾ ਦੀ ਸੰਵਿਧਾਨ ਦੀ ਧਾਰਾ 19 (1ਏ) ਅਨੁਸਾਰ ਵਿਅਕਤੀਗਤ ਆਜਾਦੀ ਦੇ ਵਿਰੋਧ ਵਿੱਚ ਸੰਵਿਧਾਨ ਵਿੱਚ (66ਏ) ਜੋੜ ਦਿੱਤੀ ਗਈ ਸੀ। ਜਿਸ ਅਨੁਸਾਰ ਫੇਸਬੁੱਕ ਤੇ ਸ਼ੋਸਲ ਮੀਡੀਆ ਤੇ ਕੀਤੀ ਗਈ ਇੱਕ ਟਿੱਪਣੀ ਹੀ ਕਿਸੇ ਬੰਦੇ ਨੂੰ ਜੇਲ੍ਹ ਦੀਆਂ ਸ਼ਾਲਾਖਾ ਪਿੱਛੇ ਪੁਜਾ ਸਕਦੀ ਸੀ। ਭਾਰਤ ਵਿੱਚ ਬਹੁਤ ਸਾਰੇ ਵਿਅਕਤੀ ਧਾਰਾ (66ਏ) ਲਾਗੂ ਕਰਨ ਨਾਲ ਗ੍ਰਿਫਤਾਰ ਕੀਤੇ ਗਏ। ਭਾਵੇਂ ਕਿਤਾਬਾਂ, ਅਖਬਾਰਾਂ ਅਤੇ ਭਾਸਣਾਂ ਰਾਹੀਂ ਕਹੀਆਂ ਹੋਈਆਂ ਗੱਲਾਂ ਦੇ ਉੱਪਰ ਬਹੁਤ ਸਾਰੀਆ ਧਾਰਾਵਾਂ ਅਜਿਹੀਆਂ ਹਨ। ਜਿਹੜੀਆਂ ਇੱਕ ਦੋ ਲਾਈਨਾਂ ਨਾਲ ਹੀ ਕਿਸੇ ਵਿਅਕਤੀ ਨੂੰ ਜੇਲ੍ਹ ਦੀਆ ਸ਼ਾਲਾਖਾ ਪਿੱਛੇ ਸੁੱਟ ਸਕਦੀ ਹੈ। ਬਹੁਤ ਸਾਰੇ ਪ੍ਰਾਚੀਨ ਗ੍ਰੰਥ ਅਜਿਹੀਆਂ ਘਟਨਾਵਾਂ, ਗੱਲਾਂ ਅਤੇ ਗੱਪਾਂ ਦੇ ਨਾਲ ਭਰੇ ਹੋਏ ਹਨ। ਜਿਹੜੇ ਅੱਜ ਦੇ ਵਿਗਿਅਨਿਕ ਨਿਯਮਾਂ ਦੀ ਕਸੌਟੀ ’ਤੇ ਖਰੇ ਨਹੀਂ ਉੱਤਰਦੇ। ਕਿਉਂਕਿ ਪ੍ਰਾਚੀਨ ਗ੍ਰੰਥਾਂ ਵਿੱਚ ਕਿਸੇ ਕਿਸਮ ਦੀ ਤਬਦੀਲੀ ਨਹੀਂ ਕੀਤੀ ਜਾ ਸਕਦੀ। ਕੋਈ ਧਰਮ ਇਸ ਗੱਲ ਦੀ ਇਜ਼ਾਜਤ ਨਹੀਂ ਦਿੰਦਾ, ਇਸ ਦੇ ਨਤੀਜੇ ਬਹੁਤ ਹੀ ਭਿਆਨਕ ਨਿਕਲ ਰਹੇ ਹਨ। ਸਾਡਾ ਦੇਸ਼ ਸਮੁੱਚੀ ਦੁਨੀਆਂ ਦੇ ਸਾਰੇ ਮੁਲਕਾਂ ਤੋਂ ਇਸ ਕਰ ਕੇ ਹੀ ਪੱਛੜ ਚੁੱਕਿਆ ਹੈ । ਇੱਥੇ ਇਨ੍ਹਾਂ ਦੇ ਧਾਰਮਿਕ ਗ੍ਰੰਥਾਂ ਵਿੱਚ ਦਰਸਾਏ ਨਰਕਾਂ ਵਰਗੀਆਂ ਹਾਲ਼ਤਾਂ ਹੀ ਬਣ ਗਈਆ ਹਨ। ਮੁੱਠੀ ਭਰ ਬੰਦਿਆ ਅਮੀਰਾਂ ਲਈ ਇਹ ਸਵਰਗ ਬਣ ਚੁੱਕਿਆ ਹੈ। ਇਸ ਦਾ ਇੱਕੋ ਇੱਕ ਕਾਰਨ ਸਾਡੇ ਲੋਕਾਂ ਦੀ ਧਾਰਮਿਕ ਗ੍ਰੰਥਾਂ ਕਰਕੇ ਪੈਦਾ ਹੋਈ ਪਿਛਾਕੜੀ ਸੋਚ ਹੀ ਹੈ। ਕਿਉਂਕਿ ਇੱਥੋਂ ਹੀ ਬਹੁਤੀ ਜਨਤਾ ਧਾਰਮਿਕ ਗ੍ਰੰਥਾਂ ਵਿੱਚ ਲ਼ਿਖੇ ਹੋਏ ਗੱਪਾਂ ਨੂੰ ਸੱਚ ਮੰਨਦੀ ਹੈ। ਇਸ ਲਈ ਵਿਗਿਆਨਿਕ ਸੋਚ ਉਨ੍ਹਾਂ ਦੇ ਪੱਲੇ ਨਹੀਂ ਪੈਂਦੀ। ਸੋ ਭਾਰਤੀ ਸੰਵਿਧਾਨ ਦੀਆਂ ਮਾਣਵੱਤਾ ਵਿਰੋਧੀ ਅਜਿਹੀਆਂ ਧਾਰਾਵਾਂ ਵੀ ਰੱਦ ਹੋਣੀਆਂ ਚਾਹੀਦੀਆਂ ਹਨ ।

## ਭਾਰਤੀ ਖਿੱਤੇ ਵਿੱਚ ਹੋ ਰਹੇ ਤਰਕਸ਼ੀਲਾਂ ਦੇ ਕਤਲਾਂ ਬਾਰੇ

2013 ਵਿੱਚ ਪੂਨੇ ਵਿਖੇ ਤਰਕਸ਼ੀਲ ਆਗੂ ਨਰਿੰਦਰ ਦਬੋਲਕਰ ਨੂੰ ਮੋਟਰਸਾਈਕਲ ਸਵਾਰਾਂ ਨੇ ਗੋਲੀਆਂ ਮਾਰ ਕੇ ਕਤਲ ਕਰ ਦਿੱਤਾ ਸੀ। ਦਬੋਲਕਰ ਅਜਿਹੀ ਸ਼ਖਸ਼ੀਅਤ ਸੀ ਜਿਸ ਨੇ ਪੂਰੇ ਮਹਾਂਰਾਸ਼ਟਰ ਵਿੱਚ ਇੱਕ ਵੱਡੀ ਅੰਧ ਵਿਸ਼ਵਾਸ ਵਿਰੋਧੀ ਲਹਿਰ ਨੂੰ ਖੜ੍ਹਾ ਕੀਤਾ ਸੀ। ਹਰ ਕਿਸਮ ਦੇ ਧਰਮ ਦੇ ਠੇਕੇਦਾਰ ਦਾ ਉਸ ਤੋਂ ਉਸ ਦੇ ਵੱਧ ਪ੍ਰਭਾਵ ਨੂੰ ਦੇਖ ਕੇ ਥਰ ਥਰ ਕੰਬਦੇ ਸਨ। ਕਿਉਂਕਿ ਦਬੋਲਕਰ ਦੁਆਰਾ ਪੈਦਾ ਕੀਤੀ ਲੋਕ ਚੇਤਨਾ ਨਾਲ ਧਰਮਾਂ ਦੀ ਲੁੱਟ ਦਾ ਵਿਉਪਾਰ ਮੰਦੇ ਵਿੱਚ ਜਾ ਰਿਹਾ ਸੀ ਇਸ ਲਈ ਸਮੇ ਦੇ ਸਿਆਸਤਦਾਨਾਂ ਨੇ ਦਬੋਲਕਰ ਨੂੰ ਮਿਟਾ ਦਿੱਤਾ।

ਇਸੇ ਤਰ੍ਹਾਂ ਬੰਗਲਾ ਦੇਸ਼ ਵਿੱਚ ਢਾਕਾ ਵਿਖੇ 26 ਫਰਵਰੀ 2015 ਦੇ ਦਿਨ ਦਿਹਾੜੇ ਪੁਸਤਕ ਮੇਲੇ ਵਿੱਚੋਂ ਵਾਪਿਸ ਆਉਂਦਿਆਂ



ਅਵੀਜੀਤ ਰਾਏ ਨਾਂ ਦੇ ਤਰਕਸ਼ੀਲ ਲੇਖਕ ਨੂੰ ਇਸਲਾਮਿਕ ਕੱਟੜ ਪੰਥੀਆਂ ਵੱਲੋਂ ਮੌਤ ਦੇ ਘਾਟ ਉਤਾਰ ਦਿੱਤਾ। ਉਸ ਦੀ ਪਤਨੀ ਵੀ ਗੰਭੀਰ ਰੂਪ ਦੇ ਵਿੱਚ ਜ਼ਖ਼ਮੀ ਹੋ ਗਈ। ਅਵੀਜੀਤ ਰਾਏ ਇੱਕ ਬੰਗਲਾਦੇਸ਼ੀ ਪ੍ਰੋਫੈਸ਼ਰ ਦਾ ਬੇਟਾ ਸੀ। ਜੋ ਆਪਣੇ ਬਚਪਨ ਤੋਂ ਹੀ ਤਰਕਸ਼ੀਲ ਵਿਚਾਰਾਂ ਦੀ ਗੁੜਤੀ ਲੈ ਕੇ ਪਲਿਆ ਪੋਸਿਆ ਤੇ ਵੱਡਾ ਹੋਇਆ ਸੀ। ਭਾਵੇ ਉਹ ਇੱਕ ਅਮਰੀਕੀ ਨਾਗਰਿਕ ਸੀ। ਪਰ ਆਪਣੀ ਮਾਤਰ ਭੂਮੀ ਬੰਗਲਾਦੇਸ਼ ਨਾਲ ਵੀ ਅਥਾਹ ਪਿਆਰ ਕਰਦਾ ਸੀ। ਲੋਕ ਚੇਤਨਾ ਨੂੰ ਜਾਗ ਲਾਉਣ ਵਾਲੀਆ ਉਸ ਦੀਆਂ ਕਿਤਾਬਾਂ ਤੇ ਲੇਖ ਅਕਸਰ ਹੀ ਅਖਬਾਰਾਂ ਵਿੱਚ ਛਪਦੇ ਰਹਿੰਦੇ ਅਤੇ ਫੇਸਬੁੱਕ ਦੇ ਪੰਨਿਆਂ ਦੀ ਸੋਭਾ ਬਣਦੇ। ਇਸਲਾਮਿਕ ਧਰਮ ਦੇ ਠੇਕੇਦਾਰਾਂ ਨੂੰ ਉਸਦੀਆਂ ਲਿਖਤਾ ਕਾਰੋਬਾਰੀ ਘਾਟਾਂ ਪਾਉਂਦੀਆਂ ਉਨ੍ਹਾਂ ਦੀ ਗਿਣਤੀ ਦਿਨੋ ਦਿਨ ਘੱਟ ਰਹੀ ਸੀ। ਇਸ ਲਈ 28 ਫਰਵਰੀ 2015 ਨੂੰ ਉਨ੍ਹਾਂ ਨੇ ਸਦਾ ਲਈ ਅਵੀਜੀਤ ਰਾਏ ਨੂੰ ਦਿਨ ਦਿਹਾੜੇ ਮਾਰ ਕੇ ਸੁੱਟ ਦਿੱਤਾ ।

ਗੱਲ ਇੱਥੇ ਹੀ ਨਹੀਂ ਰੁਕੀ ਕਮਿਊਨਿਸ਼ਟ ਪਾਰਟੀ ਦੇ ਇੱਕ ਬਜ਼ੁਰਗ ਆਗੂ ਗੋਬਿੰਦ ਪਾਨਸਾਰੇ ਕੋਹਲਾਪੁਰ ਵਿਖੇ ਮਹਾਰਾਸ਼ਟਰ ਵਿੱਚ ਹੀ ਗੋਲੀਆ ਮਾਰ ਕੇ ਕਤਲ ਕਰ ਦਿੱਤਾ। ਗੋਬਿੰਦ ਪਾਨਸਾਰੇ ਦਾ ਕਸੂਰ ਸਿਰਫ ਇਹੀ ਸੀ ਕਿਉਂਕਿ ਅੰਧ ਵਿਸ਼ਵਾਸ਼ਾਂ ਵਿਰੋਧੀ ਵਿਗਿਆਨਿਕ ਨਜ਼ਰੀਏ ਤੋਂ ਲਿਖਤਾਂ ਲਿਖਦਾ ਰਹਿੰਦਾ ਸੀ। ਹਿੰਦੂ ਕੱਟੜ ਬਾਬਿਆਂ ਦੀਆਂ ਧਮਕੀਆਂ ਉਸ ਨੂੰ ਅਕਸਰ ਮਿਲਦੀਆਂ ਰਹਿੰਦੀਆਂ ਸਨ। ਜਿਸ ਕਾਰਨ ਹਿੰਦ ਧਰਮ ਦੀਆਂ ਧਾਰਮਿਕ ਧੰਦੇ ਦੀਆਂ ਦੁਕਾਨਾਂ ਵਿੱਚੋਂ ਗਾਹਕ ਦਿਨੋ ਦਿਨ ਘੱਟ ਰਹੇ ਸਨ। ਸੋ ਉਨ੍ਹਾਂ ਨੇ ਸਦਾ ਲਈ ਇਸ ਕਲਮ ਨੂੰ ਤੋੜ ਦਿੱਤਾ। ਪਰ ਉਹ ਇਹ ਨਹੀਂ ਜਾਣਦੇ ਕਿ ਤਰਕਸ਼ੀਲ ਅਹਿਜੇ ਬੂਟੇ ਹਨ ਜਿਨ੍ਹਾਂ ਨੂੰ ਜਿਉਂ ਜਿਉਂ ਸ਼ਾਂਗਿਆਂ ਜਾਦਾ ਹੈ। ਉਹ ਵੱਧ ਫੈਲ਼ਦੇ ਹਨ। ਮੈਨੂੰ ਵੀ ਪੰਜਾਬ ਵਿੱਚ 1984 ਤੋਂ ਲੈ ਕੇ 1992 ਤੱਕ ਖਾਲ਼ਿਸਤਾਨੀਆਂ ਨੇ ਧਮਕੀਆਂ ਦੇ 29 ਪੱਤਰ ਪ੍ਰਾਪਤ ਹੋਏ ਸਨ। ਪੱਤਰ ਲ਼ਿਖਣ ਵਾਲੇ ਲੱਗਭੱਗ ਸਾਰੇ ਮਾਰੇ ਗਏ। ਮੈਂ ਜਿਉਂਦਾ ਫਿਰਦਾ ਹਾਂ। ਬਰਨਾਲਾ, ਫਾਜਿਲਕਾ, ਤਪਾ ਤੇ ਭਗਤੇ ਵਿਖੇ ਮੇਰੇ ਤੇ ਤਰਕਸ਼ੀਲ ਸੁਸਾਇਟੀ ਵਿਰੁੱਧ ਬਹੁਤ ਸਾਰੇ ਕੱਟੜ ਪੰਥੀਆਂ ਵੱਲੋਂ ਮੁਜ਼ਾਹਰੇ ਕੀਤੇ ਗਏ। ਅਤੇ ਮੈਨੂੰ ਧਮਕੀਆਂ ਦਿੱਤੀਆਂ ਗਈਆਂ ਹਨ। ਪਰ ਮੇਰੀ ਕਲਮ ਨਾ ਰੁਕੀ ਤੇ ਨਾ ਹੀ ਰੁਕੇਗੀ। ਇਸ ਵਿੱਚੋਂ ਸਿਆਹੀ ਸਦਾ ਹੀ ਪੰਨਿਆਂ ਉਪਰ ਆਉਂਦੀ ਰਹੇਗੀ। ਅੱਜ ਮੈਂ ਦਾਅਵੇ ਨਾਲ ਕਹਿ ਸਕਦਾ ਹਾਂ। ਕਿ ਮੇਰੇ ਵਰਗੇ ਜੇ ਲ਼ੱਖਾਂ ਨਹੀ ਤਾਂ ਹਜ਼ਾਰਾਂ ਪੰਜਾਬ ਦੀ ਧਰਤੀ ਤੇ ਵਿਰਾਜਮਾਨ ਹਨ। ਫੇਸਬੁੱਕ ਦੇ ਉੱਪਰ ਸਾਡੇ ਤਰਕਸ਼ੀਲ਼ ਮੈਬਰਾਂ ਦੀ ਗਿਣਤੀ ਲੱਗਭੱਗ 25,000 ਦੇ ਕਰੀਬ ਹੋ ਚੁੱਕੀ ਹੈ। ਧਰਮ ਦੇ ਠੇਕੇਦਾਰਾਂ ਨੂੰ ਸਾਡੇ ਨਾਲ ਮੱਥਾ ਲਾਉਣਾ ਔਖਾ ਹੋ ਰਿਹਾ ਹੈ ।

# ਤਰਕਸ਼ੀਲ ਵਿਚਾਰਧਾਰਾ ਤੇ ਸ਼ਹੀਦ ਭਗਤ ਸਿੰਘ



ਇਸ ਸਦੀ ਦੇ ਤੀਜੇ ਦਹਾਕੇ ਵਿੱਚ ਸ਼ਹੀਦ ਭਗਤ ਸਿੰਘ ਨੇ ਲੋਕਾਂ ਦੀ ਸੋਚ ਤਰਕਸ਼ੀਲ ਬਣਾਉਣ ਲਈ ਗੰਭੀਰ ਯਤਨ ਕੀਤੇ ਸਨ। 1984 ਵਿੱਚ ਸ਼ੁਰੂ ਹੋਈ ਤਰਕਸ਼ੀਲ ਲਹਿਰ ਨੇ ਭਗਤ ਸਿੰਘ ਦੇ ਵਿਚਾਰਾਂ ਨੂੰ ਅੱਗੇ ਤੋਰਦਿਆਂ ਇਸ ਦਿਸ਼ਾ ਵਿੱਚ ਬਹੁਤ ਸਾਰੇ ਕਦਮ ਪੁੱਟੇ ਹਨ। ਤਰਕਸ਼ੀਲ ਲਹਿਰ ਅਤੇ ਸ਼ਹੀਦ ਭਗਤ ਸਿੰਘ ਦੀ ਵਿਚਾਰਧਾਰਾ ਵਿੱਚ ਬਹੁਤ ਸਾਰੀਆਂ ਸਮਾਨਤਾਵਾਂ ਸਿੱਧ ਕਰਦੀਆਂ ਹਨ ਕਿ ਭਗਤ ਸਿੰਘ ਸੱਚਾ-ਸੁੱਚਾ ਤਰਕਸ਼ੀਲ ਸੀ। ਜਿਵੇਂ ਇੰਨਸਾਨੀਅਤ ਬਾਰੇ ਤਰਕਸ਼ੀਲਾਂ ਦਾ ਨਜ਼ਰੀਆ ਇਹ ਹੈ ਕਿ ਮੰਦਿਰਾਂ ਮੂਰਤੀਆਂ ਅਤੇ ਗਰੰਥਾਂ ਨਾਲੋਂ ਇਨਸਾਨੀਅਤ ਜ਼ਿਆਦਾ ਜ਼ਰੂਰੀ ਹੈ। ਇਸ ਲਈ ਇਸੇ ਤਰ੍ਹਾਂ ਭਗਤ ਸਿੰਘ ਸਮਝਦਾ ਸੀ ਕਿ "ਭਾਰਤ ਦੀ ਪੱਵਿਤਰ ਧਰਤੀ ਹੀ ਮੇਰਾ ਸਵਰਗ ਹੈ। ਉਸ ਉੱਪਰ ਵਿਚਰਨ ਵਾਲਾ ਹਰੇਕ ਵਿਅਕਤੀ ਮੇਰਾ ਦੇਵਤਾ ਹੈ ਭਗਵਾਨ ਹੈ। ਇਸ ਅਸਲੀ ਭਗਵਾਨ ਨੂੰ ਕਲਪਿਤ ਭਗਵਾਨ ਨਾਲੋਂ ਵੱਡਾ ਬਣਾ ਕੇ ਹੀ ਮੇਰੇ ਦੇਸ਼ ਵਿੱਚ ਮੌਜੂਦ ਨਰਕ ਨੂੰ ਸਵਰਗ ਵਿੱਚ ਬਦਲਿਆਂ ਜਾ ਸਕਦਾ ਹੈ। ਸਿਰਫ ਨੂੰ ਇਹ ਕਦਮ ਹੀ ਮੇਰਾ ਧਰਮ ਹੈ।

**ਕਿਸਮਤ**

ਤਰਕਸ਼ੀਲ ਸਮਝਦੇ ਹਨ ਕਿ ਦੇਸ਼ ਦੀ ਕਿਸਮਤ ਹਮੇਸ਼ਾ ਸਰਕਾਰਾਂ ਦੇ ਹੱਥ ਵਿੱਚ ਹੁੰਦੀ ਹੈ। ਸਰਕਾਰਾਂ ਚਾਹੁਣ ਤਾਂ ਸਮੁੱਚੀ ਲੋਕਾਈ ਦੀ ਕਿਸਮਤ ਬਦਲ ਸਕਦੀਆਂ ਹਨ। ਇਸ ਤਰ੍ਹਾਂ ਭਗਤ ਸਿੰਘ ਲਿਖਦਾ ਹੈ ਕਿ ਮਾਇਆਵਾਦ, ਕਿਸਮਤਵਾਦ ਅਤੇ ਈਸ਼ਵਰਵਾਦ ਆਦਿ ਮੁੱਠੀ ਭਰ ਲੁਟੇਰਿਆਂ ਵੱਲੋਂ ਸਾਧਾਰਨ ਲੋਕਾਂ ਨੂੰ ਭੁਚਲਾਉਣ ਲਈ ਖੋਜੀ ਗਈ ਜ਼ਹਿਰੀਲੀ ਘੁੱਟੀ ਹੈ। ਤਰਕਸ਼ੀਲਾਂ ਅਤੇ ਭਗਤ ਸਿੰਘ ਦਾ ਧਰਮ ਬਾਰੇ ਨਜ਼ਰੀਆ ਵੀ ਇੱਕੋ ਜਿਹਾ ਰਿਹਾ ਹੈ। ਧਰਮ ਦੇ ਠੇਕੇਦਾਰਾਂ ਨੇ ਜੋ ਘਾਣ ਇੰਨਸਾਨੀਅਤ ਦਾ ਕੀਤਾ ਹੈ ਉਨੇ ਵਿਅਕਤੀ ਤਾਂ ਵਿਸ਼ਵ ਜੰਗਾਂ ਵਿੱਚ ਵੀ ਨਹੀਂ ਮਾਰੇ ਗਏ। ਸ਼ਹੀਦ ਭਗਤ ਸਿੰਘ ਅਨੁਸਾਰ ਜਿਹੜਾ "ਧਰਮ ਇੰਨਸਾਨ ਨੂੰ ਇਨਸਾਨ ਤੋਂ ਵੱਖ ਕਰੇ ਮੁੱਹਬਤ ਦੀ ਥਾਂ ਉਹਨਾਂ ਨੂੰ ਨਫ਼ਰਤ ਕਰਨੀ ਸਿਖਾਵੇ, ਅੰਧ-ਵਿਸ਼ਵਾਸ ਨੂੰ ਉਤਸਾਹਿਤ ਕਰਕੇ ਲੋਕਾਂ ਦੇ ਬੌਧਿਕ ਵਿਕਾਸ ਵਿੱਚ ਰੁਕਾਵਟ ਬਣੇ ਅਤੇ ਦਿਮਾਗਾਂ ਨੂੰ ਖੁੰਢਾ ਕਰੇ ਉਹ ਕਦੇ ਵੀ ਮੇਰਾ ਧਰਮ ਨਹੀਂ ਹੋ ਸਕਦਾ।" ਇਸ ਤਰ੍ਹਾਂ ਹੀ ਭਗਤ ਸਿੰਘ ਦੀ ਸਵਰਗ ਬਾਰੇ ਸਮਝ ਵੀ ਬਿਲਕੁੱਲ ਸਪੱਸ਼ਟ ਸੀ। ਉਹ ਇਸ ਜਗਤ ਨੂੰ ਪ੍ਰਚਾਵਾ ਜਾਂ ਮਾਇਆਜਾਲ ਨਹੀਂ ਸਮਝਦਾ ਸੀ। ਸਗੋਂ ਉਸ ਅਨੁਸਾਰ "ਇਹ ਇੱਕ ਜਿਉਂਦੀ ਜਾਗਦੀ ਹਕੀਕਤ ਹੈ। ਮੈਂ ਉਸ ਨੂੰ ਪਿਆਰ ਕਰਦਾ ਹਾਂ ਇਸ ਨੂੰ ਛੱਡ ਕੇ ਦੁਨੀਆਂ ਉੱਤੇ ਕੋਈ ਹੋਰ ਸਵਰਗ ਨਹੀਂ।" ਇਸੇ ਤਰ੍ਹਾਂ ਭਗਤ ਸਿੰਘ ਦੀ ਵਿਚਾਰਧਾਰਾ ਦਾ ਅਧਿਐਨ ਕਰਦੇ ਹੋਏ ਭਗਤ ਸਿੰਘ ਰਹੱਸਵਾਦ ਬਾਰੇ ਵੀ ਸਪੱਸ਼ਟ ਕਰਦਾ ਹੈ "ਉਹ ਇਸ ਨੂੰ ਮਾਨਸਿਕ ਕਮਜ਼ੋਰੀ ਸਮਝਦਾ ਹੈ।" ਇਹ ਸੰਸਾਰ ਮਾਇਆ ਹੈ ਜਾਂ ਕਾਲਪਨਿਕ ਹੈ ਜਾਂ ਇੱਕ ਸੁਪਨਾ ਹੈ। ਅਜਿਹੇ ਵਿਚਾਰਾਂ ਨੂੰ ਰਹੱਸਵਾਦ ਕਹਿੰਦੇ ਹਨ। ਪਦਾਰਥਵਾਦੀ ਫਲਸਫੇ ਅੰਦਰ ਇਸ ਵਿਚਾਰਧਾਰਾ ਨੂੰ ਕੋਈ ਥਾਂ ਨਹੀਂ ਦਿੱਤੀ ਗਈ ਹੈ। ਭਗਤ ਸਿੰਘ ਨੇ ਆਪਣੀ ਕਿਤਾਬ 'ਮੈਂ ਨਾਸਤਿਕ ਕਿਉਂ' ਵਿੱਚ ਖੁੱਲ੍ਹ ਕੇ ਲਿਖਿਆ ਹੈ ਕਿ "ਜੇ ਪਰਮਾਤਮਾ ਸਰਵ ਸ਼ਕਤੀਮਾਨ ਹੈ ਤਾਂ ਉਹ ਅਨਿਆ, ਅਤਿਆਚਾਰ, ਭੁੱਖ, ਗਰੀਬੀ, ਲੁੱਟ ਨਾਬਰਾਬਰੀ, ਗੁਲਾਮੀ, ਮਹਾਂਮਾਰੀ, ਹਿੰਸਾ ਅਤੇ ਯੁੱਧ ਆਦਿ ਦਾ ਅੰਤ ਕਿਉਂ ਨਹੀਂ ਕਰਦਾ ਜੇ ਉਹ ਮਨੁਖਤਾ ਨੂੰ ਇਹਨਾਂ ਸ਼ਰਾਪਾਂ ਤੋਂ ਮੁੱਕਤ ਨਹੀਂ ਕਰਦਾ ਤਾਂ ਉਸ ਨੂੰ ਚੰਗਾ ਭਗਵਾਨ ਨਹੀਂ ਕਿਹਾ ਜਾ ਸਕਦਾ। ਜੇ ਉਸ ਵਿੱਚ ਇਹਨਾਂ ਬੁਰਾਈਆਂ ਨੂੰ ਖ਼ਤਮ ਕਰਨ ਦੀਆਂ ਸ਼ਕਤੀਆਂ ਨਹੀਂ ਤਾਂ ਉਹ ਸਰਵਸ਼ਕਤੀਮਾਨ ਨਹੀਂ ਹੋ ਸਕਦਾ। ਜੇ ਉਹ ਇਹ ਸਭ-ਕੁਝ ਲੀਲਾਂ ਵਿਖਾਉਣ ਲਈ ਕਰ ਰਿਹਾ ਹੈ ਤਾਂ ਉਹ ਨਿਰਦਈ ਹੈ ਅਤੇ ਉਸ ਦਾ ਛੇਤੀ ਤੋਂ ਛੇਤੀ ਖ਼ਾਤਮਾ ਜਨਤਾ ਦੇ ਹਿੱਤ ਵਿੱਚ ਹੈ।"

**- ਮੇਘ ਰਾਜ ਮਿੱਤਰ**

# ਸਾਧੂ ਬਾਬਿਆਂ ਦੇ ਜਾਲ ਵਿੱਚ ਬੇਔਲਾਦ ਪਤੀ-ਪਤਨੀ

ਆਧੁਨਿਕ ਇਲਾਜ ਦੇ ਯੁੱਗ ਵਿੱਚ ਵੀ ਇਸ ਤਰ੍ਹਾਂ ਔਲਾਦ ਦੀ ਇੱਛਾ ਰੱਖਣ ਵਾਲੇ ਲੋਕ ਪੋਂਗਾਪੰਥੀਆਂ ਦਾ ਆਸਰਾ ਲੈ ਰਹੇ ਹਨ ਉਹ ਉਨ੍ਹਾਂ ਨੂੰ ਔਲਾਦ ਸੁੱਖ ਦੇਣ ਦੀ ਬਜਾਏ ਅਜਿਹੇ ਟੋਏ ਵਿੱਚ ਲੈ ਜਾ ਰਿਹਾ ਹੈ ਜਿੱਥੇ ਤੋਂ ਨਿਕਲ ਸਕਣਾ ਮੁਸ਼ਕਲ ਹੀ ਨਹੀਂ ਅਸੰਭਵ ਹੈ....।

ਕਿਸੇ ਜ਼ਮਾਨੇ ਵਿੱਚ ਮਸ਼ਹੂਰ ਐਥਲੀਟ (ਨਿਪੁੰਨ ਖਿਡਾਰੀ) ਰਹੀ ਅਤੇ ਪਿਛਲੇ 8 ਸਾਲਾਂ ਤੋਂ ਬਾਂਝਪਨ ਦਾ ਦਰਦ ਸਹਿ ਰਹੀ ਜੈਪੁਰ ਦੀ ਸੁਨੀਤਾ ਆਰੀਆ ਉੱਤੇ ਜਦ ਬੱਚਾ ਚੋਰੀ ਕਰਨ ਦਾ ਦੋਸ਼ ਲੱਗਾ, ਤਾਂ ਸਭ ਹੈਰਾਨ ਰਹਿ ਗਏ। ਦਰਅਸਲ, ਸਮਾਜਿਕ ਕੁਰੀਤੀਆਂ ਅਤੇ ਅੰਧਵਿਸ਼ਵਾਸ ਦੀ ਲਤ ਸੁਨੀਤਾ ਉੱਤੇ ਇਸ ਹੱਦ ਤੱਕ ਹਾਵੀ ਹੋਈ ਕਿ ਉਹ ਸਾਰੀਆਂ ਹੱਦਾਂ ਲੰਘ ਗਈ।

ਸੁਨੀਤਾ ਆਰੀਆ ਜੈਪੁਰ ਦੀ ਹੋਣਹਾਰ ਐਥਲੀਟ ਸੀ। 2002 ਵਿੱਚ ਉਹ ਅੰਤਰਾਸ਼ਟਰੀਆ ਰੇਸ ਮੁਕਾਬਲੇ ਵਿੱਚ ਹਿਸਾ ਲੈਣ ਹੈਦਰਾਬਾਦ ਗਈ ਸੀ। ਇੱਥੇ ਹੀ ਉਸ ਦੀ ਮੁਲਾਕਾਤ ਇੱਕ ਹੋਰ ਐਥਲੀਟ ਨੀਰਜ ਕੁਮਾਰ ਨਾਲ ਹੋਈ। ਇਹ ਮੁਲਾਕਾਤ ਪਹਿਲਾਂ ਦੋਸਤੀ ਫੇਰ ਪਿਆਰ ਅਤੇ ਬਾਅਦ ਵਿੱਚ ਵਿਆਹ ਵਿੱਚ ਬਦਲ ਗਈ। ਦੋਹਾਂ ਦੇ ਘਰ ਵਾਲੇ ਭਾਵੇਂ ਹੀ ਇਹ ਵਿਆਹ ਤੋਂ ਖੁਸ਼ ਨਹੀਂ ਸਨ, ਪਰੰਤੂ ਚੰਗੀ ਗੱਲ ਇਹ ਸੀ ਕਿ ਪਤੀ ਨੀਰਜ ਦਾ ਪਿਆਰ ਉਸਨੂੰ ਭਰਪੂਰ ਮਿਲ ਰਿਹਾ ਸੀ।

ਪਰੰਤੂ ਖੁਸ਼ੀਆਂ ਦੇ ਨਾਲ ਸੁਨੀਤਾ ਦਾ ਇਹ ਰਿਸ਼ਤਾ ਵੀ ਬਹੁਤ ਦਿਨਾਂ ਤੱਕ ਨਹੀਂ ਰਹਿ ਸਕਿਆ। ਹੋਇਆ ਇਹ ਕਿ ਜਦ ਵਿਆਹ ਦੇ ਕਾਫ਼ੀ ਦੇਰ ਬਾਅਦ ਵੀ ਸੁਨੀਤਾ ਨੂੰ ਕੋਈ ਬੱਚਾ ਨਹੀਂ ਹੋਇਆ ਤਾਂ ਸਾਰੇ ਲੋਕ ਉਸ ਤੋਂ ਨਾਰਾਜ਼ ਰਹਿਣ ਲੱਗੇ। ਹਾਲਾਂਕਿ ਸੁਨੀਤਾ ਨੇ ਇੱਕ ਦੇ ਬਾਅਦ ਇੱਕ 2 ਵਾਰ ਗਰਭਧਾਰਨ ਕੀਤਾ, ਪਰੰਤੂ ਦੋਹਾਂ ਵਾਰ ਗਰਭਪਾਤ ਹੋ ਗਿਆ।

ਇਸਦੇ ਬਾਅਦ ਤਾਂ ਪਤੀ ਵੀ ਉਸ ਤੋਂ ਦੂਰ-ਦੂਰ ਰਹਿਣ ਲੱਗਾ। ਪਤੀ ਦੀ ਅਣਦੇਖੀ ਸੁਨੀਤਾ ਸਹਿ ਨਹੀਂ ਸਕੀ। ਉਸ ਨੇ ਮਨ ਵਿੱਚ ਵਿਚਾਰ ਕੀਤਾ ਕਿ ਕਿਉਂ ਨਾ ਕਿਸੇ



ਮੂਲ ਲੇਖ ਮਦਨ ਕੋਥੁਨੀਆ ਅਨੁਵਾਦਕ : ਪਵਨ ਕੁਮਾਰ ਰੱਤੋਂ

ਅਣਵਿਆਹੀ ਮਾਂ ਦੇ ਬੱਚੇ ਨੂੰ ਆਪਣਾ ਲਈਏ ਜਾਂ ਫੇਰ ਕਿਸੇ ਹਸਪਤਾਲ ਤੋਂ ਬੱਚਾ ਪ੍ਰਾਪਤ ਕਰ ਲਈਏ।

ਇੱਕ ਵਾਰ ਸੁਨੀਤਾ ਨੇ ਇਸ ਤਰ੍ਹਾਂ ਦੇ ਵਿਚਾਰ ਆਪਣੇ ਪਤੀ ਦੇ ਸਾਹਮਣੇ ਜ਼ਾਹਰ ਵੀ ਕੀਤੇ, ਪਰੰਤੂ ਪਤੀ ਨੇ ਇਸ ਗੱਲ ਨੂੰ ਲੈ ਕੇ ਕਿਸੇ ਤਰ੍ਹਾਂ ਦੀ ਪ੍ਰਤੀਕਿਰਿਆ (ਅਸਰ) ਨਹੀਂ ਜਤਾਈ। ਸੁਨੀਤਾ ਸਮਝ ਨਹੀਂ ਪਾ ਰਹੀ ਸੀ ਕਿ ਕਰੇ ਤਾਂ ਕੀ ਕਰੇ ? ਇਸ ਦੌਰਾਨ ਉਸਨੇ ਸੋਚਿਆ ਕਿਉਂ ਨਾ ਕਿਸੇ ਬੱਚੇ ਨੂੰ ਚੁਰਾ ਲਿਆ ਜਾਵੇ। ਇਸ ਦੇ ਬਾਅਦ ਉਹ ਜੈਪੁਰ ਦੇ ਸਾਂਗਾਨੇਰੀ ਸਥਿਤ ਜਨਾਨਾ ਹਸਪਤਾਲ ਦੇ ਜਣੇਪਾ ਵਾਰਡਾਂ ਵਿੱਚ ਰੋਜ਼ਾਨਾ ਚੱਕਰ ਲਗਾਉਣ ਲੱਗੀ ਅਤੇ ਇੱਕ ਦਿਨ ਉਹ ਇੱਕ ਬੱਚੇ ਨੂੰ ਚੁਰਾਉਣ ਵਿੱਚ ਕਾਮਯਾਬ ਵੀ ਹੋ ਗਈ। ਪਰੰਤੂ ਹਸਪਤਾਲ ਪ੍ਰਸ਼ਾਸਨ ਦੀ ਸਾਵਧਾਨੀ ਦੇ ਕਾਰਨ ਉਹ ਪਕੜੀ ਵੀ ਗਈ।

**ਸਮਾਜਿਕ ਮਾਨਤਾਵਾਂ ਦਾ ਦੋਸ਼** : ਦਰਅਸਲ, ਇਹ ਸਮਾਜ ਦੀ ਮਾਨਤਾ ਦਾ ਕਸੂਰ ਹੈ ਕਿ ਉਸ ਵਿੱਚ ਬੱਚਾ ਪੈਦਾ ਨਾ ਕਰਨ ਵਾਲੀ ਇਸਤਰੀ ਨੂੰ ਅਸ਼ੁੱਭ ਮੰਨਿਆਂ ਜਾਂਦਾ ਹੈ। ਉਸ ਦਾ ਤਾਂ ਤਾਣਾ ਬਾਣਾ ਹੀ ਕੁੱਝ ਅਜਿਹਾ ਹੈ ਕਿ ਬੇਲੌਆਦ ਦੰਪਤੀਆਂ ਦਾ ਜਿਉਣਾ ਮੁਸ਼ਕਲ ਹੋ ਜਾਂਦਾ ਹੈ, ਕਿਉਂਕਿ ਲੋਕ ਉਹਨਾਂ ਨੂੰ ਮਾਨਸਿਕ ਤੌਰ ਉੱਤੇ ਬਹੁਤ ਸਤਾਉਂਦੇ ਹਨ। ਉਹ ਉਹਨਾਂ ਨੂੰ ਇਹੀ ਅਹਿਸਾਸ ਦਿਵਾਉਂਦੇ ਰਹਿੰਦੇ ਹਨ ਕਿ ਬੱਚਾ ਨਾ ਹੋਣ ਨਾਲ ਉਹਨਾਂ ਦਾ ਵਿਆਹ ਕਰਨਾ ਹੀ ਬੇਕਾਰ ਹੋ ਗਿਆ ਹੈ। ਇਸ ਦੇ ਕਾਰਨ ਇਸਤਰੀ ਆਪਣੇ ਉੱਪਰ ਤੋਂ ਇਹ ਦਾਗ ਖ਼ਤਮ ਕਰਨ ਦੇ ਲਈ ਕੁੱਝ ਵੀ ਕਰਨ ਨੂੰ ਤਿਆਰ ਹੋ ਜਾਂਦੀ ਹੈ। ਕਦੇ ਕਿਸੇ ਤਾਂਤਰਿਕ ਦੀ ਹਵਸ ਦੀ ਸ਼ਿਕਾਰ ਹੋ ਜਾਂਦੀ ਹੈ, ਤਾਂ ਕਦੇ ਕੋਈ ਬਾਬਾ ਜਾਂ ਪੁਜਾਰੀ ਉਸਦਾ ਆਰਥਿਕ ਲਾਭ ਉਠਾ ਲੈਂਦਾ ਹੈ।

ਆਧੁਨਿਕ, ਵਿਗਿਆਨਕ ਅਤੇ ਇੰਟਰਨੈੱਟ ਦੇ ਇਸ ਜਮਾਨੇ ਵਿੱਚ ਜਿਸ ਤਰ੍ਹਾਂ ਤੋਂ ਰੋਗਾਂ ਤੋਂ ਛੁਟਕਾਰਾ ਪਾਣ ਦੇ ਲਈ ਨਵੇਂ ਨਵੇਂ ਢੰਗ ਖੋਜੇ ਜਾ ਰਹੇ ਹਨ, ਓਨੀ ਹੀ ਗਿਣਤੀ ਵਿੱਚ ਰੋਗ ਵੀ ਵੱਧਦੇ ਜਾ ਰਹੇ ਹਨ। ਇਸ ਜ਼ਮਾਨੇ ਦਾ ਇੱਕ ਵੱਡਾ ਰੋਗ ਹੈ ਬਾਂਝਪਨ ਯਾਨੀ ਬੇਔਲਾਦ ਦੰਪਤੀਆਂ ਦੀ ਗਿਣਤੀ ਦਿਨੋ ਦਿਨ ਵੱਧਦੀ ਹੀ ਜਾ ਰਹੀ ਹੈ। ਅਜਿਹੇ ਪਤੀ-ਪਤਨੀ ਆਪ ਤਾਂ ਦੁਖੀ ਅਤੇ ਨਿਰਾਸ਼ ਹੈ ਹੀ, ਨਾਲ ਹੀ ਸਾਡਾ ਸਮਾਜ ਵੀ ਉਹਨਾਂ ਦੀ ਇਸ ਤਕਲੀਫ਼ ਨੂੰ ਹੋਰ ਵਧਾ ਦਿੰਦਾ ਹੈ। ਇਹ ਕਹਿਣਾ ਗਲਤ ਨਹੀਂ ਹੋਵੇਗਾ ਕਿ ਬਹੁਤ ਸਾਰੇ ਪੜ੍ਹੇ ਲਿਖੇ, ਸਭਿਆ ਅਤੇ ਮਾਡਰਨ ਕਹੇ ਜਾਣ ਵਾਲੇ ਲੋਕਾਂ ਦੀ ਸੋਚ ਵੀ ਇਸੇ ਤਰ੍ਹਾਂ ਦੀ ਹੁੰਦੀ ਹੈ। ਅੱਜ ਵੀ ਸਮਾਜ ਵਿੱਚ ਵਿਆਹ ਕਰਨ ਦਾ ਇੱਕੋ ਇੱਕ ਉਦੇਸ਼ ਸਿਰਫ਼ ਬੱਚੇ ਪੈਦਾ ਕਰਨਾ ਹੀ ਮੰਨਿਆ ਜਾਂਦਾ ਹੈ। ਔਲਾਦ ਪੈਦਾ ਹੋਣੀ ਚਾਹੀਦੀ ਹੈ ਫਿਰ ਭਾਵੇਂ ਉਸ ਦੇ ਲਈ ਕੁੱਝ ਵੀ ਕਿਉਂ ਨਾ ਕਰਨਾ ਪਵੇ। ਇਸ ਦੇ ਪਿੱਛੇ ਤਰਕ ਇਹੀ ਹੁੰਦਾ ਹੈ ਕਿ ਬੱਚੇ ਪੈਦਾ ਨਹੀਂ ਹੋਣਗੇ ਤਾਂ ਪਰਵਾਰ ਅਤੇ ਖ਼ਾਨਦਾਨ ਦਾ ਨਾਂ ਕਿਵੇਂ ਚੱਲੇਗਾ ? ਜਾਇਦਾਦ ਦਾ ਵਾਰਸ ਕੌਣ ਹੋਵੇਗਾ ? ਬੁਢਾਪੇ ਦਾ ਸਹਾਰਾ ਕੌਣ ਬਣੇਗਾ ? ਵਗੈਰਾ ਵਗੈਰਾ। ਅਜਿਹੀ ਸੋਚ ਦੇ ਤਹਿਤ ਲੋਕ ਇਹ ਭੁੱਲ ਜਾਂਦੇ ਹਨ ਕਿ ਬੱਚਿਆਂ ਦੇ

ਹੁੰਦੇ ਹੋਏ ਵੀ ਜਿਹੜੇ ਲੋਕ ਅਲੱਗ ਰਹਿੰਦੇ ਹਨ ਉਹ ਵੀ ਆਪਣਾ ਜੀਵਨ ਤਾਂ ਜਿਉਂਦੇ ਹੀ ਹਨ। ਪਰ ਨਹੀਂ, ਲੋਕਾਂ ਨੂੰ ਤਾਂ ਬੇਔਲਾਦ ਦੰਪਤੀਆਂ ਨੂੰ ਪਰੇਸ਼ਾਨ ਕਰਨ ਦੇ ਲਈ ਕੋਈ ਨਾ ਕੋਈ ਤਰਕ ਚਾਹੀਦਾ ਹੀ ਹੈ।

ਕਿਸੇ ਸ਼ਾਦੀਸ਼ੁਦਾ ਜੋੜੇ ਨੂੰ ਜੇਕਰ ਵਿਆਹ ਦੇ 2-3 ਸਾਲ ਬੀਤਣ ਉੱਤੇ ਵੀ ਔਲਾਦ ਨਹੀਂ ਹੁੰਦੀ ਤਾਂ ਸੱਭ ਤੋਂ ਪਹਿਲਾਂ ਰੌਲਾ ਘਰ ਦੀਆਂ ਜਨਾਨੀਆਂ ਹੀ ਮਚਾਉਂਦੀਆਂ ਹਨ। ਸਿਰਫ ਸਹੁਰੇ ਘਰ ਵਿੱਚ ਹੀ ਨਹੀਂ, ਪੇਕੇ ਵਿੱਚ ਵੀ ਬੇਔਲਾਦ ਇਸਤਰੀ ਨੂੰ ਬਾਕੀ ਇਸਤਰੀਆਂ ਦੇ ਤਾਹਨਿਆਂ ਦਾ ਸ਼ਿਕਾਰ ਹੋਣਾ ਪੈਂਦਾ ਹੈ। ਇਹ ਕਿਹੋ ਜਿਹੀ ਸ਼ਰਮਨਾਕ ਗੱਲ ਕਿ ਇਸ ਵਿਗਿਆਨਕ ਯੁੱਗ ਵਿੱਚ ਵੀ ਲੋਕਾਂ ਦੀ ਸੋਚ ਵਿੱਚ ਇੰਚ ਭਰ ਵੀ ਬਦਲਾਉ ਨਹੀਂ ਆਇਆ ਹੈ। ਅੱਜ ਵੀ ਔਲਾਦ ਨਾ ਕਰ ਸਕਣ ਦਾ ਜ਼ੁੰਮੇਵਾਰ ਇਸਤਰੀਆਂ ਨੂੰ ਹੀ ਮੰਨਿਆ ਜਾਂਦਾ ਹੈ, ਭਾਵੇਂ ਹੀ ਆਦਮੀ ਵਿੱਚ ਹੀ ਕਮੀ ਕਿਉਂ ਨਾ ਹੋਵੇ। ਘਰ ਦੀਆਂ ਜਨਾਨੀਆਂ ਦੁਆਰਾ ਹੀ ਉਸ ਉੱਤੇ ਕਈ ਤਰ੍ਹਾਂ ਦੀ ਤਾਨਾਕਸ਼ੀ ਕੀਤੀ ਜਾਂਦੀ ਹੈ।

ਸਾਡਾ ਸਮਾਜਿਕ ਤਾਨਾ ਬਾਨਾ ਪਹਿਲਾਂ ਤੋਂ ਹੀ ਅਜਿਹਾ ਹੈ ਕਿ ਵਿਆਹ ਹੁੰਦੇ ਸਾਰ ਲੋਕ ਬੱਚੇ ਦੀ ਦੁਹਾਈ ਦੇਣ ਲੱਗਦੇ ਹਨ। ਅਜਿਹੇ ਵਿੱਚ ਦੰਪਤੀ ਬਿਨਾ ਸੋਚੇ ਸਮਝੇ ਕੁੱਝ ਵੀ ਕਰਨ ਨੂੰ ਤਿਆਰ ਹੋ ਜਾਂਦੇ ਹਨ ਅਤੇ ਜੋ ਸੁਭਾਅ ਤੋਂ ਅਟਲ ਹੁੰਦੇ ਹਨ ਅਤੇ ਅਜਿਹਾ ਨਹੀਂ ਕਰਦੇ ਹਨ ਉਹਨਾਂ ਨੂੰ ਤਾਂ ਸਮਾਜ ਜਿਉਣ ਨਹੀਂ ਦੇਂਦਾ। ਉਨ੍ਹਾਂ ਉੱਤੇ ਦੋਸ਼ ਲਗਾਇਆ ਜਾਂਦਾ ਹੈ ਕਿ ਉਹ ਔਲਾਦ ਹੀ ਨਹੀਂ ਚਾਹੁੰਦੇ ਹਨ੍ਹ।

ਤਾਂਤਰਿਕ, ਬਾਬੇ ਅਤੇ ਸਿਆਣੇ ਲੋਕਾਂ ਦੀ ਇਸ ਮਾਨਸਿਕ ਕਮਜ਼ੋਰੀ ਦਾ ਭਰਪੂਰ ਲਾਭ ਉਠਾਂਦੇ ਹਨ। ਕਿਸੇ ਦੰਪਤੀ ਨੂੰ ਉਹ ਪਿਤਰਾਂ ਦਾ ਨਾਂ ਲੈ ਕੇ ਠੱਗਦੇ ਹਨ, ਤਾਂ ਕਿਸੇ ਤੋਂ ਦਾਨ ਦੇ ਨਾਂ ਉੱਤੇ ਉਨ੍ਹਾਂ ਦੀ ਸਾਰੀ ਕਮਾਈ, ਇੱਥੋਂ ਤੱਕ ਕਿ ਘਰ ਦੇ ਭਾਂਡੇ ਅਤੇ ਕੱਪੜੇ ਤੱਕ ਹੜੱਪ ਲੈਂਦੇ ਹਨ। ਇਹੀ ਨਹੀਂ ਕਈ ਬਾਬੇ ਸਿਆਣੇ ਤਾਂ ਔਲਾਦ ਦਾ ਸੁੱਖ ਦੇਣ ਦੇ ਨਾਂ ਉੱਤੇ ਇਸਤਰੀਆਂ ਦੇ ਸਰੀਰ ਨੂੰ ਜਮ ਕੇ ਲੁੱਟਦੇ ਹਨ। ਗੰਵਾਰ (ਮੂਰਖ) ਅਤੇ ਘੱਟ ਪੜ੍ਹੇ ਲਿਖੇ ਹੀ ਨਹੀਂ, ਇਹ ਤਾਂਤਰਿਕ ਤਾਂ ਪੜ੍ਹੇ ਲਿਖੇ ਲੋਕਾਂ ਦੇ ਮਨ ਵਿੱਚ ਵੀ ਭਰੋਸਾ ਪੈਦਾ ਕਰਕੇ ਉਹਨਾਂ ਨੂੰ ਬਹੁਤ ਬੇਵਕੂਫ ਬਣਾਉਂਦੇ ਹਨ। ਉਹ ਪਹਿਲਾਂ ਉਹਨਾਂ ਦੀ ਸਾਈਕੋਲੌਜੀ (ਮਨੋਵਿਗਿਆਨ, ਮਾਨਸਿਕਤਾ) ਦਾ ਅਧਿਐਨ ਕਰਦੇ ਹਨ, ਫੇਰ ਉਸੇ ਦੇ ਮੁਤਾਬਕ ਉਹਨਾਂ ਦੇ ਮਨ ਵਿੱਚ ਕਈ ਪ੍ਰਕਾਰ ਦੇ ਡਰ ਪੈਦਾ ਕਰਕੇ ਉਹਨਾਂ ਤੋਂ ਪਖੰਡ ਕਰਾਉਂਦੇ ਹਨ। ਉਹਨਾਂ ਨੂੰ ਉਹ ਮਾਨਸਿਕ ਤੌਰ ਉੱਤੇ ਅਪੰਗ ਬਣਾ ਦੇਂਦੇ ਹਨ ਤਾਂ ਜੋ ਉਹ ਉਹਨਾਂ ਦੇ ਪਿੱਛ ਲੱਗੂ ਬਣਕੇ ਚੱਲਦੇ ਰਹਿਣ।

ਸਾਲਾਂ ਤੱਕ ਇਹਨਾਂ ਤਾਂਤਰਿਕਾਂ ਦੇ ਆਸ਼ਰਮਾਂ ਅਤੇ ਡੇਰਿਆਂ ਉੱਤੇ ਚੱਕਰ ਲਗਾਉਣ ਅਤੇ ਆਪਣੀ ਮਿਹਨਤ ਦੀ ਕਮਾਈ ਲੁਟਾਉਣ ਦੇ ਬਾਅਦ ਵੀ ਜਦ ਲੋਕਾਂ ਨੂੰ ਔਲਾਦ ਦੀ ਪ੍ਰਾਪਤੀ ਨਹੀਂ ਹੁੰਦੀ ਤਾਂ ਸਿਰ ਪਿੱਟਣ ਜਾਂ ਅਜਿਹੇ ਤਥਾ-ਕਥਿਤ ਬਾਬੇ ਨੂੰ ਕੋਸਣ ਜਾਂ ਗਾਲ੍ਹਾਂ ਕੱਢਣ ਦੇ ਇਲਾਵਾ ਉਹਨਾਂ ਦੇ ਪਾਸ ਕੋਈ ਚਾਰਾ ਨਹੀਂ ਬਚਦਾ ਹੈ।

**ਔਲਾਦ ਨਾ ਹੋਣ ਦੇ ਜ਼ਿਆਦਾ ਜ਼ੁੰਮੇਵਾਰ ਆਦਮੀ** : ਭਾਰਤੀ ਸਮਾਜ ਦੀ ਅਗਿਆਨਤਾ ਅਤੇ ਮਰਦਵਾਦੀ ਸੋਚ ਦੇ ਕਾਰਨ ਤੋਂ ਬੇਔਲਾਦ ਦੇ ਲਈ ਆਮ ਤੌਰ ਉੱਤੇ ਇਸਤਰੀ ਨੂੰ ਹੀ ਦੋਸ਼ੀ ਗਰਦਾਨਿਆਂ ਜਾਂਦਾ ਰਿਹਾ ਹੈ। ਪਰੰਤੂ ਇਹ ਸਚਾਈ ਦਾ ਸਿਰਫ ਇੱਕ ਪਹਲੂ ਹੈ। ਮਾਹਰਾਂ ਦੀ ਮੰਨੀਏ ਤਾਂ ਜ਼ਿਆਦਾ ਵੱਡੀ ਸਚਾਈ ਤਾਂ ਇਹ ਹੈ ਕਿ ਕਿਸੇ ਇਸਤਰੀ ਦਾ ਗਰਭਵਤੀ ਹੋਣ ਜਾਂ ਨਾ ਹੋਣ ਵਿੱਚ 60 ਫੀਸਦੀ ਜਾਂ ਉਸ ਤੋਂ ਵੀ ਵੱਧ ਆਦਮੀ ਦੀ ਪ੍ਰਜਨਣ ਸਮੱਰਥਾ (ਔਲਾਦ ਪੈਦਾ ਕਰਨ ਦੀ ਸਮੱਰਥਾ) ਦੀ ਭੂਮਿਕਾ ਹੁੰਦੀ ਹੈ। ਜਨਾਨੀਆਂ ਅਤੇ ਆਦਮੀਆਂ ਦੀ ਪ੍ਰਜਨਣ ਸਮੱਰਥਾ ਉੱਤੇ ਸਾਲਾਂ ਤੋਂ ਕੰਮ ਕਰ ਰਹੇ ਮਾਹਰਾਂ ਦਾ ਮੰਨਣਾ ਹੈ ਕਿ ਇਸਤਰੀਆਂ ਦੇ ਗਰਭਧਾਰਨ ਨਾ ਕਰ ਪਾਣ ਦੀ 60 ਫੀਸਦੀ ਵਜਹ ਆਦਮੀਆਂ ਦੇ ਸ਼ੁਕਰਾਣੂਆਂ ਵਿੱਚ ਵੀਰਜ ਦੀ ਕਮੀ ਹੁੰਦੀ ਹੈ। ਹੁਣ ਤੋਂ 15 ਸਾਲ ਪਹਿਲਾਂ ਇਹ ਅਨੁਪਾਤ 60; 40 ਹੁੰਦਾ ਸੀ, ਜੋ ਪਿਛਲੇ 10-12 ਸਾਲਾਂ ਵਿੱਚ ਵੱਧ ਕੇ 40:60 ਹੋ ਗਿਆ ਹੈ।

ਇਸ ਬਦਲਦੇ ਅਨੁਪਾਤ ਦੇ ਕਾਰਨ ਬਦਲਦੀ ਆਬੋਹਵਾ, ਬਦਲਦੀ ਜੀਵਨਸ਼ੈਲੀ, ਖਾਣਪਾਨ ਵਿੱਚ ਪੌਸ਼ਟਿਕ ਤੱਤਾਂ ਦੀ ਕਮੀ, ਨਸ਼ੀਲੀਆਂ ਚੀਜ਼ਾਂ ਦੀ ਵਰਤੋਂ, ਲਗਾਤਾਰ ਵੱਧਦਾ ਤਣਾਅ, ਖਾਣਪੀਣ ਦੀਆਂ ਚੀਜ਼ਾਂ ਵਿੱਚ ਵੱਧਦੀ ਕੀਟਨਾਸ਼ਕਾਂ ਦੀ ਵਰਤੋਂ ਅਤੇ ਅਨੁਵੰਸ਼ਿਕਤਾ (ਜੱਦੀ, ਪੁਸ਼ਤ ਦਰ ਪੁਸ਼ਤ) ਵਗੈਰਾ ਹਨ, ਜਿਹਨਾਂ ਦਾ ਮਿਲਿਆ ਜੁਲਿਆ ਅਸਰ ਆਦਮੀਆਂ ਦੀ ਪ੍ਰਜਨਣ ਸਮੱਰਥਾ ਉੱਤੇ ਗਲਤ ਅਸਰ ਪਾ ਰਿਹਾ ਹੈ।

ਇਸ ਤਰ੍ਹਾਂ ਵੱਧਦਾ ਹੈ ਤਣਾਅ : ਜਦ ਹਰ ਪਾਸੇ ਤੋਂ ਨਿਰਾਸ਼ਾ ਹੀ ਹੱਥ ਲੱਗਦੀ ਹੈ ਤਾਂ ਅਜਿਹੇ ਦੰਪਤੀ ਆਪਣੀ ਕਿਸਮਤ ਨੂੰ ਗਾਲ੍ਹਾਂ ਕੱਢਣ ਲੱਗਦੇ ਹਨ। ਉਹਨਾਂ ਨੂੰ ਲੱਗਦਾ ਹੈ ਕਿ ਜੀਵਨ ਵਿੱਚ ਕੁੱਝ ਬਚਿਆ ਹੀ ਨਹੀਂ ਹੈ। ਉਹ ਸਮਾਜ ਤੋਂ ਕੱਟਣ ਲੱਗਦੇ ਹਨ ਕਿਉਂਕਿ ਜਿੱਥੇ ਵੀ ਜਾਂਦੇ ਹਨ ਉਥੇ 'ਭਾਈ ਖ਼ੁਸ਼ਖ਼ਬਰੀ ਕਦੋਂ ਸੁਣਾ ਰਹੇ ਹੋ' ਜਾਂ 'ਫਲਾਣਾ ਡਾਕਟਰ ਗਾਰੰਟੀ ਨਾਲ ਦਵਾਈ ਦੇਂਦਾ ਹੈ।' ਵਗੈਰਾ ਸੁਣਨ ਨੂੰ ਮਿਲਦਾ ਹੈ, ਜਿਸ ਨਾਲ ਉਹਨਾਂ ਦੀ ਔਲਾਦ ਪਾਣ ਦੀ ਇੱਛਾ ਹੋਰ ਵੱਧ ਜਾਂਦੀ ਹੈ। ਕਿਸੇ ਰਿਸ਼ਤੇਦਾਰ ਜਾਂ ਮਿੱਤਰ ਦੇ ਘਰ ਬੱਚਿਆਂ ਦੀ ਜਨਮ ਦਿਨ ਪਾਰਟੀ ਹੋਵੇ ਜਾਂ ਗੋਦਭਰਾਈ ਦੀ ਰਸਮ, (ਸਾੜ੍ਹੀ ਜਾਂ ਚੁੰਨੀ ਆਦਿ ਦੇ ਪੱਲੇ ਵਿੱਚ ਚੌਲ ਨਾਰੀਅਲ ਰੱਖ ਕੇ ਗੋਦ ਭਰਨ ਦੀ ਰਸਮ ਪੂਰੀ ਕਰਨਾ) ਲੋਕਾਂ ਦੀ ਝੂਠੀ ਹਮਦਰਦੀ ਭਰੀਆਂ ਨਜ਼ਰਾਂ ਬੇਔਲਾਦ ਦੰਪਤੀਆਂ ਵੱਲ ਹੀ ਲੱਗੀਆਂ ਰਹਿੰਦੀਆਂ ਹਨ। ਲੋਕ ਇਹਨਾਂ ਨੂੰ ਦੇਖ-ਦੇਖ ਕੇ ਕਾਨਾਫ਼ੂਸੀ (ਕੰਨ 'ਚ ਕੋਈ ਗੱਲ ਕਹਿਣੀ, ਨਿੰਦਿਆ) ਕਰਨ ਤੋਂ ਬਾਜ਼ ਨਹੀਂ ਆਉਂਦੇ ਹਨ। ਕੁੱਝ ਲੋਕ ਤਾਂ ਏਨੇ ਅੰਧਵਿਸ਼ਵਾਸੀ ਹੁੰਦੇ ਹਨ ਕਿ ਅਜਿਹੇ ਮੌਕਿਆਂ ਉੱਤੇ ਇਹਨਾਂ ਦੰਪਤੀਆਂ ਦਾ ਆਉਣਾ ਹੀ ਬਦਸ਼ਗਨ ਮੰਨਦੇ ਹਨ। ਅਜਿਹੇ ਲੋਕਾਂ ਦੇ ਵਿਅੰਗ ਸੁਣ ਸੁਣ ਕੇ ਉਹ ਵੀ ਆਉਣਾ ਜਾਣਾ ਬੰਦ ਕਰ ਦੇਂਦੇ ਹਨ।

ਬੱਚਿਆਂ ਦੇ ਮੋਹ ਵਿੱਚ ਅਕਸਰ ਅਜਿਹੇ ਦੰਪਤੀ ਆਪਣੇ ਭੈਣਾਂ-ਭਾਈਆਂ ਦੇ ਬੱਚਿਆਂ ਉੱਤੇ ਆਪਣਾ ਪਿਆਰ ਅਤੇ ਮਮਤਾ ਲੁਟਾਂਦੇ ਹਨ, ਪਰ ਸਮਾਜ ਨੂੰ ਇਹ ਵੀ ਮੰਜ਼ੂਰ ਨਹੀਂ ਹੁੰਦਾ ਹੈ। ਭੈਣ-ਭਾਈਆਂ ਨਾਲ ਉਨ੍ਹਾਂ ਦੇ ਸੰਬੰਧ ਜੇਕਰ ਮਜ਼ਬੂਤ ਨਹੀਂ ਹੁੰਦੇ ਤਾਂ ਉਹ ਲੋਕ ਜਾਂ ਤਾਂ ਆਪਣੇ ਬੱਚਿਆਂ ਨੂੰ ਇਹਨਾਂ ਦੇ ਕੋਲ ਭੇਜਣ ਤੋਂ ਕਤਰਾਂਦੇ ਹਨ ਜਾਂ ਇਹਨਾਂ ਦੀ ਕਮਜ਼ੋਰੀ ਅਤੇ ਭਾਵਨਾਵਾਂ ਦਾ ਫਾਇਦਾ ਉਠਾਉਣ ਦੀ ਕੋਸ਼ਿਸ਼ ਕਰਦੇ ਹਨ।

ਨਿਰਾਸ਼ ਅਤੇ ਤਣਾਅ ਭਰੇ ਮਾਹੌਲ ਵਿੱਚ ਅਜਿਹੇ ਦੰਪਤੀ ਅਕਸਰ ਇੱਕ-ਦੂਜੇ ਵਿੱਚ ਕਮੀਆਂ ਕੱਢਣ ਲੱਗਦੇ ਹਨ। ਕਮੀਆਂ ਦੋਹਾਂ ਵਿੱਚੋਂ ਕਿਸੇ ਵਿੱਚ ਵੀ ਹੋਣ, ਉਨ੍ਹਾਂ ਵਿੱਚ ਦੋਸ਼ ਉੱਤੇ ਮੁੜਣਾਂ ਦੋਸ਼ ਦਾ ਦੌਰ ਚੱਲਦਾ ਰਹਿੰਦਾ ਹੈ ਜਿਸ ਨਾਲ ਸੰਬੰਧਾਂ ਵਿੱਚ ਦਰਾਰ ਪੈਦਾ ਹੋ ਜਾਂਦੀ ਹੈ।

**ਕਈ ਧਰਮਸ਼ਾਸਤਰ ਸੱਭ ਤੋਂ ਵੱਡੇ ਦੋਸ਼ੀ** :- ਸਾਡੇ ਧਰਮਸ਼ਾਸਤਰਾਂ ਨੇ ਇਸਤਰੀ ਨੂੰ ਸਿਰਫ ਔਲਾਦ ਪੈਦਾ ਕਰਨ ਦਾ ਸਾਧਨ ਅਤੇ ਪੁਰਸ਼ ਦੀ ਵਾਸਨਾ ਸੰਤੁਸ਼ਟੀ ਦੇ ਜ਼ਰੀਏ ਤੋਂ ਵੱਧ ਹੋਰ ਕੁੱਝ ਨਹੀਂ ਮੰਨਿਆਂ ਹੈ। ਬਹੁਤੇ ਧਰਮ ਕਦੇ ਵੀ ਇਸਤਰੀ ਦੇ ਪੱਖ ਵਿੱਚ ਖੜ੍ਹਾ ਨਹੀਂ ਹੋਇਆ ਹੈ। ਧਰਮ ਨੇ ਸਦਾ ਹੀ ਇਸਤਰੀ ਨੂੰ ਭੋਗਵਿਲਾਸ ਦੀ ਚੀਜ਼ ਮੰਨਿਆਂ ਹੈ। ਸਾਡੇ ਧਰਮ ਗਰੰਥਾਂ ਵਿੱਚ ਤਾਂ ਇਸ ਦਾ ਘਿਰਣਤ ਉਦਾਹਰਣ ਮਿਲਦਾ ਹੈ।

ਮਹਾਂਭਾਰਤ ਦੇ ਆਦਿਪਰਵ ਦੇ ਅਧਿਆਏ 122 ਵਿੱਚ ਪਾਂਡੋ ਨੇ ਆਪਣੀ ਪਤਨੀ ਕੁੰਤੀ ਨੂੰ ਵਿਆਹ ਪ੍ਰਥਾ ਦੇ ਜਨਮ ਦਾ

ਕਾਰਨ ਦੱਸਦੇ ਹੋਏ ਜੋ ਕਥਾ ਸੁਣਾਈ ਹੈ, ਉਸ ਵਿੱਚ ਉਦਾਵਲਕ ਰਿਸ਼ੀ ਦੀ ਪਤਨੀ ਨੂੰ ਉਸ ਦੇ ਪਤੀ ਅਤੇ ਪੁੱਤਰ ਦੇ ਸਾਹਮਣੇ ਇੱਕ ਹੋਰ ਬ੍ਰਾਹਮਣ ਜ਼ਬਰਦਸਤੀ ਖਿੱਚ ਕੇ ਲੈ ਜਾਂਦਾ ਹੈ। ਉਦਾਵਲਕ ਦਾ ਨੌਜਵਾਨ ਪੁੱਤਰ ਸ਼ਵੇਤਕੇਤੂ ਜਦ ਆਪਣੀਆਂ ਅੱਖਾਂ ਦੇ ਸਾਹਮਣੇ ਆਪਣੀ ਮਾਤਾ ਉੱਤੇ ਹੋ ਰਹੇ ਇਸ ਬਲਾਤਕਾਰ ਦੇ ਪ੍ਰਤੀ ਰੋਸ ਪ੍ਰਗਟ ਕਰਦਾ ਹੈ ਤਾਂ ਮਹਾਂਰਿਸ਼ੀ ਉਦਾਵਲਕ ਜੀ ਕਹਿ ਉਠਦੇ ਹਨ, "ਹੇ ਪੁੱਤਰ, ਗੁੱਸਾ ਨਾ ਕਰੋ, ਇਹ ਤਾਂ ਸਨਾਤਨ ਧਰਮ ਹੈ।"

ਸ਼ਵੇਤਕੇਤੂ ਇਸ ਘਟਨਾ ਤੋਂ ਏਨਾ ਦੁੱਖੀ ਹੋਇਆ ਕਿ ਉਸਨੇ ਇਸ ਉੱਤੇ ਸਨਾਤਨ ਧਰਮ ਦੀ ਉਲੰਘਣਾ ਕਰਕੇ ਅਤੇ ਪਿਤਾ ਦੀ ਆਗਿਆ ਦੀ ਅਣਦੇਖੀ ਕਰ ਕੇ ਇਸਤਰੀ ਸਮਾਜ ਦੀ ਸੁਰੱਖਿਆ ਹੇਤੂ ਪ੍ਰਬੰਧ ਕੀਤੇ। ਪਰੰਤੂ ਸ਼ਵੇਤਕੇਤੂ ਵੀ ਆਖਰ ਸੀ ਤਾਂ ਉਦਾਵਲਕ ਦਾ ਪੁੱਤਰ ਹੀ। ਇੰਤਜਾਮਾਂ ਦੇ ਅੰਤਰਗਤ ਉਸ ਨੇ ਇਹ ਸਪੱਸ਼ਟ ਕਰ ਦਿੱਤਾ ਕਿ ਪੁੱਤਰ ਪੈਦਾ ਕਰਨ ਦੇ ਲਈ ਪਤੀ ਦੁਆਰਾ ਕਿਸੇ ਨਾਲ ਮਿਲਣ ਦੇ ਲਈ ਪ੍ਰੇਰਿਤ ਕੀਤੀ ਗਈ ਇਸਤਰੀ ਜੇਕਰ ਪਤੀ ਦੀ ਆਗਿਆ ਨਹੀਂ ਮੰਨੇਗੀ ਤਾਂ ਉਸ ਨੂੰ ਭਰੂਣ ਹੱਤਿਆਂ ਦਾ ਪਾਪ ਲੱਗੇਗਾ।

ਇਸ ਪ੍ਰਬੰਧ ਦੇ ਨਾਂ ਉੱਤੇ ਰਿਸ਼ੀਆਂ ਅਤੇ ਰਾਜਿਆਂ ਦਾ ਇਹ ਪੇਸ਼ਾ ਜਿਹਾ ਹੋ ਗਿਆ। ਉਹ ਪਤਨੀਆਂ ਨੂੰ ਪੁੱਤਰ ਇੱਛਾ ਦੇ ਨਾਂ ਉੱਤੇ ਭਾਵੇਂ ਜਿਸ ਕਿਸੇ ਦੇ ਪਾਸ ਭੇਜ ਦੇਂਦੇ ਸਨ ਅਤੇ ਪਤਨੀ ਨਾਂਹ ਨਹੀਂ ਕਰ ਸਕਦੀ ਸੀ। ਔਲਾਦ ਪ੍ਰਾਪਤੀ ਹੇਤੂ ਹੋਰ ਬੰਦਿਆਂ ਦੇ ਪਾਸ ਆਪਣੀ ਪਤਨੀ ਨੂੰ ਭੇਜਣ ਦੀ ਪ੍ਰਥਾ ਦਾ ਨਾਂ ਹੀ ਨਿਯੋਗ ਸੀ। ਨਿਯੋਗ ਦੇ ਏਨੇ ਉਦਾਹਰਣ ਹਨ ਕਿ ਸਾਡੇ ਪ੍ਰਸਿੱਧ ਵੱਡ-ਵਡੇਰਿਆਂ ਵਿੱਚ ਘੱਟ ਹੀ ਅਜਿਹੇ ਨਿਕਲਣਗੇ ਜਿਹੜੇ ਨਿਯੋਗ ਤੋਂ ਪੈਦਾ ਹੋਏ ਹੋਣ। ਇਸ ਦੀ ਦਸ਼ਾ ਹਰੇਕ ਯੁੱਗ ਵਿੱਚ ਇੱਕੋ ਜਿਹੀ ਹੀ ਰਹੀ ਹੈ। ਉਸ ਵਿੱਚ ਕੁੱਝ ਵੀ ਬਦਲਾਅ ਨਹੀਂ ਆਇਆ ਹੈ।

ਜੈਪੁਰ ਵਿੱਚ ਇੱਕ ਅੰਤਰਰਾਸ਼ਟਰੀ ਸੈਮੀਨਾਰ ਵਿੱਚ ਦੇਸ਼ ਅਤੇ ਦੁਨੀਆਂ ਭਰ ਤੋਂ ਆਏ ਮਾਹਰਾਂ ਨੇ ਇਸ ਗੱਲ ਨੂੰ ਮੰਨਿਆਂ ਹੈ ਕਿ ਪਿਛਲੇ ਕੁੱਝ ਸਾਲਾਂ ਵਿੱਚ ਆਦਮੀਆਂ ਵਿੱਚ ਨਮਰਦੀ ਦੇ ਮਾਮਲੇ ਬਹੁਤ ਜ਼ਿਆਦਾ ਵਧੇ ਹਨ। ਸੈਮੀਨਾਰ ਵਿੱਚ ਚੈਨੱਈ ਦੇ ਪ੍ਰਸ਼ਾਂਤ ਹਸਪਤਾਲ ਦੀ ਇਨਫਰਟਿਲਿਟੀ (ਬਾਂਝਪਨ) ਮਾਹਰ ਡਾਕਟਰ ਗੀਤਾ ਹਰੀਪ੍ਰਿਯਾ ਜੀ ਨੇ ਦੱਸਿਆ ਹੈ ਕਿ ਪਿਛਲੇ 10 ਸਾਲਾਂ ਵਿੱਚ ਆਦਮੀਆਂ ਦੀ ਪ੍ਰਜਨਣ ਸਮੱਰਥਾ ਵਿੱਚ ਬਹੁਤ ਭਾਰੀ ਗਿਰਾਵਟ ਆਈ ਹੈ। ਪਹਿਲਾਂ ਬੱਚੇ ਦੀ ਇੱਛਾ ਲੈ ਕੇ ਹਸਪਤਾਲ ਵਿੱਚ ਆਉਣ ਵਾਲੇ ਜੋੜਿਆਂ ਵਿੱਚ 60 ਫੀਸਦੀ ਇਸਤਰੀਆਂ ਕਿਸੇ ਨਾ ਕਿਸੇ ਰੂਪ ਵਿੱਚ ਗਰਭਧਾਰਨ ਕਰਨ ਵਿੱਚ ਨਾਕਾਬਿਲ ਸਨ, ਪਰੰਤੂ ਹੁਣ ਇਹੀ ਅੰਕੜਾ ਮਰਦਾਂ ਵਿੱਚ ਦੇਖਿਆ ਜਾ ਰਿਹਾ ਹੈ।

ਅਹਿਮਦਾਬਾਦ ਦੇ ਨਾਗੌਰੀ ਸੰਸਥਾਨ ਇਨਸਟੀਟਯੂਟ ਆਫ਼ ਇਨਫਰਟਿਲਿਟੀ ਦੇ ਡਾਕਟਰ ਚੇਤੰਆ ਨਾਗੌਰੀ ਜੀ ਨੇ ਦੱਸਿਆ ਕਿ ਪਹਿਲਾਂ ਜੇ ਕੋਈ ਇਸਤਰੀ ਗਰਭਵਤੀ ਨਹੀਂ ਹੁੰਦੀ ਸੀ ਤਾਂ ਪਰਿਵਾਰ ਵਾਲੇ ਸਿਰਫ਼ ਇਸਤਰੀ ਦਾ ਹੀ ਇਲਾਜ ਕਰਾਂਦੇ ਸਨ। ਇਸ ਦੇ ਲਈ ਤਰ੍ਹਾਂ-ਤਰ੍ਹਾਂ ਦੇ ਪੂਜਾ ਪਾਠ ਕਰਵਾਉਂਦੇ ਸਨ। ਇਹੀ ਨਹੀਂ, ਇਸਤਰੀ ਨੂੰ ਇਸ ਦੇ ਲਈ ਤਾਹਨਾ ਮਾਰਿਆ ਜਾਂਦਾ ਸੀ। ਜਾਂਚ-ਪੜਤਾਲਾਂ ਦੇ ਬਾਅਦ ਜੇਕਰ ਇਹ ਪਾਇਆ ਜਾਂਦਾ ਸੀ ਕਿ ਇਸਤਰੀ ਦੀ ਪ੍ਰਜਨਨ ਸਮੱਰਥਾ ਵਿੱਚ ਕਮੀ ਨਹੀਂ ਹੈ ਤਾਂ ਵੀ ਆਦਮੀ ਦੇ ਪਰਿਵਾਰ ਵਾਲੇ ਪੁਰਸ਼ ਵਿੱਚ ਕਿਸੇ ਤਰ੍ਹਾਂ ਦੀ ਕਮੀ ਨੂੰ ਮੰਨਣ ਤੋਂ ਨਾਂਹ ਕਰ ਦੇਂਦੇ ਸਨ। ਪਰੰਤੂ ਹੁਣ ਹੌਲੀ-ਹੌਲੀ ਲੋਕਾਂ ਵਿੱਚ ਜਾਗਰੂਕਤਾ ਆ ਰਹੀ ਹੈ। ਹੁਣ ਜੋੜੇ ਇਲਾਜ ਕਰਾਉਣ ਆਉਂਦੇ ਹਨ ਅਤੇ ਆਪਣੀ ਜਾਂਚ ਕਰਵਾਉਂਦੇ ਹਨ। ਡਾਕਟਰ ਨਾਗੌਰੀ ਜੀ ਦੇ ਅਨੁਸਾਰ ਮਰਦਾਂ ਵਿੱਚ ਘਟਦੀ ਪ੍ਰਜਨਣ ਸਮੱਰਥਾ ਦੇ ਲਈ ਜ਼ਿਆਦਾਤਰ ਚਾਹਕੌਫ਼ੀ, ਸ਼ਰਾਬ, ਤੰਬਾਕੂ ਅਤੇ ਸਿਗਰੇਟ ਦਾ ਜ਼ਿਆਦਾ ਸੇਵਨ ਅਤੇ ਤਣਾਅ ਦੇ ਨਾਲ-ਨਾਲ ਅਨੁਵੰਸ਼ਿਕ ਕਾਰਨਾਂ ਨੂੰ ਜ਼ੁੰਮੇਵਾਰ ਮੰਨਿਆ ਜਾ ਸਕਦਾ ਹੈ। ਨਾਜ਼ਾਇਜ ਮੰਨੇ ਜਾਣ ਵਾਲੇ ਸੰਬੰਧਾਂ ਵਿੱਚ ਵੀ ਅੱਜਕੱਲ੍ਹ ਖੁੱਲ੍ਹਾਪਣ ਆਇਆ ਹੈ। ਇਸ ਤਰ੍ਹਾਂ ਦੇ ਸੰਬੰਧਾਂ ਨਾਲ ਛੂਤ ਦਾ ਰੋਗ ਫੈਲਦਾ ਹੈ, ਜੋ ਪ੍ਰਜਨਣ ਸਮੱਰਥਾ ਉੱਤੇ ਅਸਰ ਪਾਉਂਦਾ ਹੈ। ਪ੍ਰਜਨਣ ਸਮੱਰਥਾ ਦਾ ਪਤਨ ਸਿਰਫ਼ ਸ਼ਹਿਰੀ ਮਰਦਾਂ ਵਿੱਚ ਹੀ ਨਹੀਂ, ਸਗੋਂ ਪਿੰਡਾਂ ਵਿੱਚ ਰਹਿਣ ਵਾਲੇ ਅਤੇ ਕਸਬਿਆਂ ਵਿੱਚ ਰਹਿਣ ਵਾਲੇ ਆਦਮੀਆਂ ਵਿੱਚ ਵੀ ਦੇਖਣ ਨੂੰ ਮਿਲ ਰਿਹਾ ਹੈ। ਉੱਚ ਅਤੇ ਗਰੀਬ, ਦੋਹਾਂ ਹੀ ਤਰ੍ਹਾਂ ਦੇ ਵਰਗਾਂ ਵਿੱਚ ਇਸ ਤਰ੍ਹਾਂ ਦੇ ਮਾਮਲੇ ਦੇਖੇ ਜਾ ਰਹੇ ਹਨ।

ਦਿੱਲੀ ਦੇ ਸੁਪਰ ਸਪੈਸ਼ਲਿਟੀ ਹਸਪਤਾਲ ਦੀ ਇਸਤਰੀ ਰੋਗ, ਇਨਫਰਟੀਲਿਟੀ ਅਤੇ ਆਈ.ਵੀ. ਐਫ ਮਾਹਰ ਡਾਕਟਰ ਆਂਚਲ ਅੱਗਰਵਾਲ ਜੀ ਨੇ ਦੱਸਿਆ ਕਿ ਆਈ. ਵੀ. ਐਫ ਤਕਨੀਕ ਦਾ ਪ੍ਰਚਾਰ-ਪ੍ਰਸਾਰ ਹੋਣ ਨਾਲ ਪੇਂਡੂ ਇਲਾਕਿਆਂ ਤੋਂ ਵੀ ਕਾਫੀ ਗਿਣਤੀ ਵਿੱਚ ਦੰਪਤੀ ਔਲਾਦ ਦੀ ਇੱਛਾ ਵਿੱਚ ਹਸਪਤਾਲਾਂ ਕਲੀਨਿਕਾਂ ਵਿੱਚ ਆ ਰਹੇ ਹਨ ਅਤੇ ਉਹਨਾਂ ਨੂੰ ਵੀ ਪਤਾ ਚੱਲ ਰਿਹਾ ਹੈ ਕਿ ਉਹਨਾਂ ਨੂੰ ਬੱਚੇ ਇਸਤਰੀ ਵਿੱਚ ਕਿਸੇ ਤਰ੍ਹਾਂ ਦੀ ਬਿਮਾਰੀ ਦੇ ਕਾਰਨ ਨਾਲ ਨਹੀਂ ਸਗੋਂ ਆਦਮੀ ਵਿੱਚ ਕਮੀ ਦੇ ਕਾਰਨ ਤੋਂ ਨਹੀਂ ਹੋ ਰਹੇ ਹਨ। ਇਸ ਮਾਮਲੇ ਵਿੱਚ ਲੋਕ ਹੁਣ ਜਾਗਰੂਕ ਅਤੇ ਸਮਝਦਾਰ ਹੋ ਰਹੇ ਹਨ। ਡਾਕਟਰ ਆਂਚਲ ਜੀ ਨੇ ਅੱਗੇ ਦੱਸਿਆ ਕਿ ਸਾਰੇ ਦਿਨ ਵਿੱਚ 15 ਜੋੜੇ ਬੱਚੇ ਦੀ ਇੱਛਾ ਲੈ ਕੇ ਆਉਂਦੇ ਹਨ ਤਾਂ ਉਨ੍ਹਾਂ ਵਿੱਚੋਂ 7-8 ਜੋੜੇ ਅਜਿਹੇ ਹੁੰਦੇ ਹਨ ਜਿਨ੍ਹਾਂ ਦੇ ਆਦਮੀਆਂ ਵਿੱਚ ਸ਼ੁਕਰਾਣੂ ਦੀ ਕਮੀ ਪਾਈ ਜਾਂਦੀ ਹੈ ਜਾਂ ਫਿਰ ਕਿਸੇ ਤਰ੍ਹਾਂ ਦਾ ਛੂਤ ਦਾ ਰੋਗ ਹੁੰਦਾ ਹੈ ਜਿਸ ਨਾਲ ਇਸਤਰੀਆਂ ਨੂੰ ਗਰਭ ਨਹੀਂ ਠਹਿਰ ਪਾਉਂਦਾ ਹੈ। ਅਕਸਰ ਇਨਫਰਟਿਲਿਟੀ ਕਲੀਨਿਕ ਆਉਣ ਵਾਲੇ ਜ਼ਿਆਦਾਤਰ ਜੋੜਿਆਂ ਦੀ ਉਮਰ 35 ਸਾਲ ਜਾਂ ਉਸ ਤੋਂ ਜ਼ਿਆਦਾ ਹੁੰਦੀ ਹੈ ਅਤੇ ਉਨ੍ਹਾਂ ਵਿੱਚੋਂ ਜ਼ਿਆਦਾਤਰ ਕਿਸੇ ਹੋਰ ਦਾ ਅੰਡਾਣੂ ਜਾਂ ਸ਼ੁਕਰਾਣੂ ਲੈਣ ਤੋਂ ਨਾਂਹ ਕਰ ਦਿੰਦੇ ਹਨ। ਅਜਿਹੇ ਵਿੱਚ ਤਕਨੀਕ ਅਤੇ ਦਵਾਈਆਂ ਦੀ ਮਦਦ ਨਾਲ ਉਹਨਾਂ ਦੇ ਹੀ ਅੰਡਾਣੂਆਂ ਅਤੇ ਸ਼ੁਕਰਾਣੂਆਂ ਦੀ ਗਿਣਤੀ ਵਧਾਈ ਜਾਂਦੀ ਹੈ ਤਾਂ ਜੋ ਉਹ ਅਸਾਨੀ ਨਾਲ ਔਲਾਦ ਪ੍ਰਾਪਤ ਕਰਨ ਵਿੱਚ ਸਮੱਰਥ ਹੋ ਸਕਣ।

**ਬੇਔਲਾਦ ਇਸਤਰੀ ਦੀ ਸਰੀਰਕ ਜਾਂ ਮਾਨਸਿਕ ਤਕਲੀਫ਼ ਬਨਾਮ ਧਰਮ ਦੀ ਲੀਲਾ**

**"ਅਜਿਹੀ ਪਤਨੀ ਨੂੰ ਪਤੀ ਦੁਆਰਾ ਤਿਆਗ ਦਿੱਤਾ ਜਾਣਾ ਚਾਹੀਦਾ ਹੈ, ਜੋ ਪਤੀ ਨੂੰ ਔਲਾਦ ਸੁੱਖ ਦੇਣ ਵਿੱਚ ਅਸਮੱਰਥ ਹੋਵੇ।"**

**- ਮਨੂੰ ਸਿਮਰਤੀ**





# ਵਿਗਿਆਨ ਜੋਤ

- ਮੈਂਬਰਸ਼ਿਪ ਫੀਸ ਇੱਕ ਸਾਲ ਲਈ 80/-
- ਦੋ ਸਾਲ ਲਈ 150/-

ਹੁਣ ਤੁਸੀਂ ਘਰ ਬੈਠੇ ਵੀ ਵੀਪੀਪੀ ਰਾਹੀਂ 'ਵਿਗਿਆਨ ਜੋਤ' ਮੰਗਵਾ ਸਕਦੇ ਹੋ, ਵਧੇਰੇ ਜਾਣਕਾਰੀ ਲਈ ਫ਼ੋਨ ਨੰਬਰ 01679 241744 'ਤੇ ਸੰਪਰਕ ਕਰੋ।



**"ਪਤੀ ਭਾਵੇਂ ਸਦਾਚਾਰਹੀਣ, ਭਾਵੇਂ ਬੇਹੱਦ ਦੁਰਾਚਾਰੀ ਅਤੇ ਭਾਵੇਂ ਗੁਣਹੀਣ ਹੀ ਕਿਉਂ ਨਾ ਹੋਵੇ, ਔਲਾਦ ਪੈਦਾ ਕਰਨ ਵਿੱਚ ਅਸਮਰੱਥ ਇਸਤਰੀ ਨੂੰ ਆਪਣੇ ਪਤੀ ਦੁਆਰਾ ਲਿਆਂਦੀ ਦੂਸਰੀ ਪਤਨੀ ਦੀ ਪਰਛਾਈਂ ਤੋਂ ਵੀ ਦੂਰ ਰਹਿਣਾ ਚਾਹੀਦਾ ਹੈ।"**

**– ਮਨੂੰ ਸਿਮਰਤੀ**

**"ਇਸਤਰੀ ਨੂੰ ਔਲਾਦ ਨਾ ਹੋਣਾ ਮਹਾਂਪਾਪ ਹੈ।"**

**– ਮਹਾਂਭਾਰਤ ਆਦਿਪਰਵ**

**ਬਾਂਝਪਨ ਦਾ ਹੈ ਇਲਾਜ** : ਬੱਚਾ ਨਾ ਹੋਣ ਉੱਤੇ ਤਾਂਤਰਿਕਾਂ ਦੇ ਚੱਕਰ ਵਿੱਚ ਫਸਣ ਵਾਲੇ ਦੰਪਤੀਆਂ ਨੂੰ ਕਿਸੇ ਚੰਗੇ ਡਾਕਟਰ ਦੇ ਕੋਲ ਜਾ ਕੇ ਇਲਾਜ ਕਰਾਉਣ ਨਾਲ ਉਹਨਾਂ ਦੇ ਵਿਹੜੇ ਵਿੱਚ ਬੱਚੇ ਦੀ ਕਿਲਕਾਰੀ (ਖ਼ੁਸ਼ੀ ਦੀ ਚੀਖ਼ ਤੇਜ਼ ਆਵਾਜ਼) ਗੂੰਜਣ ਦੀਆਂ ਉਮੀਦਾਂ ਹਜ਼ਾਰ ਗੁਣਾਂ ਵੱਧ ਜਾਂਦੀਆਂ ਹਨ। ਜਿੰਨਾ ਖਰਚ ਲੋਕ ਪੂਜਾ-ਪਾਠ, ਹਵਨ ਅਤੇ ਝਾੜਫੂਕ ਵਗੈਰਾ ਉੱਤੇ ਕਰ ਦਿੰਦੇ ਹਨ ਉਸ ਤੋਂ ਬਹੁਤ ਹੀ ਘੱਟ ਖਰਚ ਉੱਤੇ ਡਾਕਟਰੀ ਇਲਾਜ ਕਰਾ ਕੇ ਬੱਚਾ ਅਤੇ ਖ਼ੁਸ਼ੀ ਦੋਵੇਂ ਪ੍ਰਾਪਤ ਕੀਤੀਆਂ ਜਾ ਸਕਦੀਆਂ ਹਨ।

ਮਾਹਰ ਡਾਕਟਰਾਂ ਦਾ ਮੰਨਣਾ ਹੈ ਕਿ ਬਾਂਝਪਨ ਦਾ ਦਰਦ ਝੱਲ ਰਹੀਆਂ ਇਸਤਰੀਆਂ ਦੇ ਲਈ ਹਿਸਟੈਰੋਸਕੋਪੀ ਕਿਸੇ ਵਰਦਾਨ ਤੋਂ ਘੱਟ ਨਹੀਂ ਹੈ। ਇਹ ਤਰੀਕਾ ਉਹਨਾਂ ਇਸਤਰੀਆਂ ਦੇ ਲਈ ਵੀ ਕਾਫੀ ਰਾਹਤ ਦੇਣ ਵਾਲਾ ਹੈ ਜਿਹਨਾਂ ਨੂੰ ਮਾਂਹਵਾਰੀ ਦੇ ਦੌਰਾਨ ਬਹੁਤ ਜ਼ਿਆਦਾ ਖ਼ੂਨ ਆਉਂਦਾ ਹੈ। ਹਿਸਟੈਰੋਸਕੋਪੀ ਨਾਲ ਇਸਤਰੀ ਦੇ ਬੱਚਾਦਾਨੀ ਦੇ ਅੰਦਰ ਦੇ ਹਿੱਸੇ ਨੂੰ ਦੂਰਬੀਨ ਦੇ ਜ਼ਰੀਏ ਅਸਾਨੀ ਨਾਲ ਦੇਖਿਆ ਜਾ ਸਕਦਾ ਹੈ, ਜਿਸ ਨਾਲ ਜੁੜੀਆਂ ਪਰੇਸ਼ਾਨੀਆਂ ਦਾ ਇਲਾਜ ਬਹੁਤ ਹੀ ਆਸਾਨ ਹੋ ਜਾਂਦਾ ਹੈ, ਕੋਈ ਗੱਠ ਵਗੈਰਾ ਤਾਂ ਨਹੀਂ ਹੈ, ਬੱਚੇਦਾਨੀ ਦਾ ਅੰਦਰਲਾ ਹਿੱਸਾ ਤਾਂ ਚਿਪਕਿਆ ਹੋਇਆ ਨਹੀਂ ਹੈ, ਵਰਗੀਆਂ ਸਾਰੀਆਂ ਆਮ ਪਰੇਸ਼ਾਨੀਆਂ ਨੂੰ ਦੇਖਣ-ਸਮਝਣ ਨਾਲ ਡਾਕਟਰਾਂ ਨੂੰ ਇਲਾਜ ਕਰਨ ਵਿੱਚ ਸਹੂਲਤ ਹੋ ਜਾਂਦੀ ਹੈ।

ਜੈਪੁਰ ਦੇ ਜਨਾਨਾ ਹਸਪਤਾਲ ਦੀ ਡਾਕਟਰ ਵਿਮਲਾ ਜੈਨ ਜੀ ਦੱਸਦੇ ਹਨ ਕਿ ਜਿਹੜੀਆਂ ਇਸਤਰੀਆਂ ਨੂੰ ਮਾਹਵਾਰੀ ਦੇ ਦੌਰਾਨ ਬਹੁਤ ਜ਼ਿਆਦਾ ਖ਼ੂਨ ਆਉਣ ਦੀ ਸਮੱਸਿਆ ਹੁੰਦੀ ਹੈ, ਉਨ੍ਹਾਂ ਦੇ ਅੰਗ ਦੇ ਚਿਪਕੇ ਹੋਏ ਅੰਦਰੂਨੀ ਹਿੱਸੇ ਨੂੰ ਹਿਸਟੈਰੋਸਕੋਪੀ ਦੇ ਜ਼ਰੀਏ ਅਲੱਗ ਕੀਤਾ ਜਾ ਸਕਦਾ ਹੈ। ਜਿਹੜੀਆਂ ਇਸਤਰੀਆਂ ਨੂੰ ਬੱਚਾ ਨਾ ਹੋ ਰਿਹਾ ਹੋਵੇ, ਉਨ੍ਹਾਂ ਦੇ ਲਈ ਵੀ ਇਹ ਤਰੀਕਾ ਕਾਫ਼ੀ ਫਾਇਦੇਮੰਦ ਹੈ। ਕਈ ਇਸਤਰੀਆਂ ਦੀ ਬੱਚਾਦਾਨੀ ਦੀ ਨਲੀ ਜਨਮ ਤੋਂ ਹੀ ਬੰਦ ਰਹਿੰਦੀ ਹੈ, ਜਿਸ ਨੂੰ 'ਕੌਰਨੁਅਲ ਬਲੌਕ' ਕਿਹਾ ਜਾਂਦਾ ਹੈ। ਹਿਸਟੈਰੋਸਕੋਪੀ ਦੇ ਦੁਆਰਾ ਇਸ ਪਰੇਸ਼ਾਨੀ ਨੂੰ ਵੀ ਦੂਰ ਕੀਤਾ ਜਾ ਸਕਦਾ ਹੈ।

ਬੱਚਾ ਨਾ ਹੋਣ ਉੱਤੇ ਜ਼ਿਆਦਾਤਰ ਇਸਤਰੀਆਂ ਜਾਦੂ ਟੂਣਾਂ, ਝਾੜਫੂਕ ਅਤੇ ਧਾਗਾ ਤਵੀਤ ਦੇ ਝਾਂਸੇ ਵਿੱਚ ਫਸੀਆਂ ਰਹਿੰਦੀਆਂ ਹਨ। ਤਥਾਕਥਿਤ ਇਲਾਜ ਦੇ ਲਈ ਪਰਿਵਾਰ ਵਾਲੇ ਹੀ ਉਨ੍ਹਾਂ ਨੂੰ ਬਾਬਿਆਂ, ਸਿਆਣਿਆਂ, ਪੁਜਾਰੀਆਂ ਅਤੇ ਤਾਂਤਰਿਕਾਂ ਦੇ ਪਾਸ ਲੈ ਜਾਂਦੇ ਹਨ। ਉਥੇ ਹਜ਼ਾਰਾਂ ਰੁਪਏ ਪਾਣੀ ਵਾਂਗ ਵਹਾਉਣ ਦੇ ਬਾਅਦ ਵੀ ਨਤੀਜਾ ਸਿਫਰ ਹੀ ਰਹਿੰਦਾ ਹੈ। ਜਦ ਸਰੀਰ ਦੇ ਅੰਦਰ ਕਿਸੇ ਵੀ ਤਰ੍ਹਾਂ ਦੀ ਪਰੇਸ਼ਾਨੀ ਜਾਂ ਬਣਾਵਟ ਵਿੱਚ ਗੜਬੜੀ ਹੈ ਤਾਂ ਉਸ ਨੂੰ ਝਾੜਫੂਕ ਨਾਲ ਦੂਰ ਕਰਨ ਦੀ ਕੋਸ਼ਿਸ਼ ਕਰਨਾ ਪੂਰੀ ਤਰ੍ਹਾਂ ਤੋਂ ਨਾ-ਸਮਝੀ ਅਤੇ ਬੇਵਕੂਫੀ ਹੈ।

ਰਾਜਸਥਾਨ ਦੇ ਅਜਮੇਰ ਜ਼ਿਲ੍ਹੇ ਦੇ ਕੇਕੜੀ ਕਸਬੇ ਵਿੱਚ ਰਹਿਣ ਵਾਲਾ ਰਾਜੇਸ਼ ਜਾਖੜ ਦੱਸਦਾ ਹੈ ਕਿ ਵਿਆਹ ਦੇ 6 ਸਾਲ ਬੀਤ ਜਾਣ ਦੇ ਬਾਅਦ ਵੀ ਉਸ ਦੀ ਪਤਨੀ ਦੀ ਗੋਦ ਹਰੀ ਨਹੀਂ ਹੋ ਸਕੀ, ਤਾਂ ਕੁੱਝ ਜਾਣਕਾਰ ਅਤੇ ਰਿਸ਼ਤੇਦਾਰ ਲੋਕਾਂ ਨੇ ਝਾੜਫੂਕ ਕਰਾਉਣ ਦੀ ਸਲਾਹ ਦਿੱਤੀ। ਇਸ ਉੱਤੇ ਸਾਲ 2006 ਤੋਂ ਸਾਲ 2012 ਤੱਕ ਉਹ ਬਾਬਿਆਂ ਅਤੇ ਤਾਂਤਰਿਕਾਂ ਦੇ ਪਾਸ ਭਟਕਦਾ ਰਿਹਾ ਅਤੇ ਲੱਗਭਗ ਡੇਢ ਲੱਖ ਰੁਪਏ ਖ਼ਰਚ ਵੀ ਹੋ ਗਏ। ਇਸ ਦੇ ਬਾਵਜੂਦ ਵੀ ਕੋਈ ਫਾਇਦਾ ਨਹੀਂ ਹੋ ਸਕਿਆ। ਇੱਕ ਦਿਨ ਜੈਪੁਰ ਵਿੱਚ ਰਹਿਣ ਵਾਲੇ ਇੱਕ ਮਿੱਤਰ ਨੇ ਕਿਸੀ ਚੰਗੇ ਡਾਕਟਰ ਨੂੰ ਦਿਖਾਉਣ ਦੀ ਸਲਾਹ ਦਿੱਤੀ ਤਾਂ ਉਸਨੇ ਜੈਪੁਰ ਦੇ ਇੱਕ ਜਨਾਨਾ ਹਸਪਤਾਲ 'ਸਪਰਸ਼' ਦੀ ਡਾਕਟਰ ਜਾਹਨਵੀ ਸ਼ਰਮਾਂ ਜੀ ਦੀ ਦੇਖਰੇਖ ਵਿੱਚ ਆਪਣੀ ਪਤਨੀ ਦਾ ਟੈਸਟ ਕਰਾਇਆ। ਤਦ ਪਤਾ ਚੱਲਿਆ ਕਿ ਉਸ ਦੇ ਅੰਗ ਦਾ ਅੰਦਰੂਨੀ ਹਿੱਸਾ ਇੱਕ-ਦੂਜੇ ਨਾਲ ਚਿਪਕਿਆ ਹੋਇਆ ਹੈ, ਜਿਸ ਕਰਕੇ ਗਰਭਠਹਿਰ ਨਹੀਂ ਪਾਉਂਦਾ ਸੀ। ਇਲਾਜ ਦੇ ਬਾਅਦ ਹੁਣ ਰਾਜੇਸ਼ ਦੇ ਘਰ ਵਿੱਚ ਬੱਚੇ ਦੀ ਕਿਲਕਾਰੀ ਗੂੰਜ ਰਹੀ ਹੈ।

ਡਾਕਟਰ ਜਾਹਨਵੀ ਸ਼ਰਮਾ ਜੀ ਦੱਸਦੇ ਹਨ ਕਿ ਹਿਸਟੈਰੋਸਕੋਪੀ ਦੇ ਜ਼ਰੀਏ ਅੰਗ ਵਿੱਚ ਬਿਨਾ ਕਿਸੇ ਚੀਰਫਾੜ ਦੇ ਨਲੀ ਵਰਗੀ ਦੂਰਬੀਨ ਪਾਈ ਜਾਂਦੀ ਹੈ ਅਤੇ ਮੌਨੀਟਰ ਉੱਤੇ ਦੇਖਦੇ ਹੋਏ ਔਪਰੇਸ਼ਨ ਕੀਤਾ ਜਾਂਦਾ ਹੈ। ਆਮ ਤੌਰ ਉੱਤੇ ਔਪਰੇਸ਼ਨ ਵਿੱਚ 6-7 ਮਿੰਟ ਦਾ ਸਮਾਂ ਲੱਗਦਾ ਹੈ ਅਤੇ ਉਸ ਦੇ 3-4 ਘੰਟੇ ਬਾਅਦ ਹੀ ਮਰੀਜ਼ ਭੋਜਨ-ਪਾਣੀ ਲੈ ਸਕਦਾ ਹੈ। ਕਿਸੇ ਮਰੀਜ਼ ਦਾ ਕੇਸ ਜ਼ਿਆਦਾ ਗੰਭੀਰ ਦੇਖਿਆ ਜਾਂਦਾ ਹੈ ਤਾਂ ਹੀ ਉਸ ਦਾ ਵੱਡਾ ਔਪਰੇਸ਼ਨ ਕੀਤਾ ਜਾਂਦਾ ਹੈ।

ਇਹ ਧਿਆਨ ਰੱਖਣ ਦੀ ਗੱਲ ਹੈ ਕਿ ਜੇਕਰ ਪਰਿਵਾਰ ਵਿੱਚ ਕਿਸੇ ਇਸਤਰੀ ਨੂੰ ਬੱਚਾ ਨਾ ਹੋਣ ਦੀ ਸਮੱਸਿਆ ਹੋਵੇ ਤਾਂ ਕਿਸੇ ਬਾਬੇ, ਤਾਂਤਰਿਕ, ਸਿਆਣੇ ਅਤੇ ਪੰਡੇਪੁਜਾਰੀਆਂ ਵਰਗੇ ਠੱਗਾਂ ਦੇ ਜਾਲ ਵਿੱਚ ਨਾ ਫਸੋ। ਕਿਸੇ ਮਾਹਰ ਡਾਕਟਰ ਦੀ ਹੀ ਸਲਾਹ ਲਵੋ। ਇਸ ਨਾਲ ਬੇਔਲਾਦ ਦੰਪਤੀ ਦੀ ਮਿਹਨਤ ਦੀ ਕਮਾਈ ਬਰਬਾਦ ਨਹੀਂ ਜਾਵੇਗੀ ਅਤੇ ਵਿਹੜੇ ਵਿੱਚ ਕਿਲਕਾਰੀ ਗੂੰਜਣ ਦੀ ਗਰੰਟੀ ਵੀ ਹੋਵੇਗੀ।


**ਸੂ ਚ ਨਾ**

ਸਾਲ 2003, 2004, 2005, 2006, 2007, 2008, 2009, 2010, 2011 ਅਤੇ 2012 ਦੀਆਂ ਮੈਗਜ਼ੀਨ 'ਵਿਗਿਆਨ ਜੋਤ' ਦੀਆਂ ਫਾਈਲਾਂ ਸਾਡੇ ਕੋਲ ਉਪਲਬਧ ਹਨ। ਛੇ-ਛੇ ਮੈਗਜ਼ੀਨਾਂ ਦੀ ਇੱਕ ਫਾਈਲ ਸਿਰਫ 50 ਰੁਪਏ ਅਤੇ ਦੋ ਸਾਲ ਦੀਆਂ ਫਾਈਲਾਂ 90 ਰੁਪਏ ਵਿੱਚ ਤਿੰਨ ਸਾਲਾਂ ਦੀਆਂ ਫਾਈਲਾਂ 130 ਰੁਪਏ ਅਤੇ ਚਾਰ ਸਾਲ ਦੀਆਂ ਫਾਈਲਾਂ 160 ਰੁਪਏ ਵਿਚ, ਪੰਜ ਸਾਲ ਦੀਆਂ ਫਾਈਲਾਂ 200 ਰੁਪਏ ਅਤੇ 10 ਸਾਲਾਂ ਦੀਆਂ ਫਾਈਲਾਂ ਤੁਹਾਨੂੰ **400/-ਰੁਪੈ** ਵਿੱਚ ਪ੍ਰਾਪਤ ਹੋ ਸਕਦੀਆਂ ਹਨ। ਤੁਸੀਂ ਇਹ ਫਾਈਲਾਂ ਵੀ.ਪੀ.ਪੀ. ਰਾਹੀਂ ਵੀ ਫ਼ੋਨ ਨੰਬਰ 01679-241744 'ਤੇ ਫ਼ੋਨ ਕਰਕੇ ਮੰਗਵਾ ਸਕਦੇ ਹੋ। **ਨੋਟ: ਵੀ.ਪੀ.ਪੀ. ਦਾ ਖਰਚਾ ਵੱਖਰਾ ਹੋਵੇਗਾ।**



# ਸਹਿਕਦਾ ਪੰਜਾਬ



ਜਗਤਾਰ ਸਹੋਤਾ



ਐਤਕੀਂ ਜਦ ਦਾ ਮੈਂ ਪੰਜਾਬ ਜਾਣ ਦਾ ਪ੍ਰੋਗਰਾਮ ਬਣਾਇਆ ਸੀ, ਤਦ ਤੋਂ ਮੇਰੇ ਮਨ ਤੇ ਇਕ ਭਾਰ ਜਿਹਾ ਪੈ ਗਿਆ ਸੀ। ਪਹਿਲਾਂ ਜਦ ਵੀ ਮੈਂ ਪੰਜਾਬ ਜਾਣ ਦਾ ਇਰਾਦਾ ਬਣਾਉਂਦਾ ਹੁੰਦਾ ਸੀ, ਦਿਲ ਵਿਚ ਇਕ ਚਾਅ ਜਿਹਾ ਫੈਲ ਜਾਂਦਾ ਸੀ। ਘਰ ਦਿਆਂ ਨੂੰ ਮਿਲਣ ਦੀ ਤਾਂਘ ਅਤੇ ਫਿਰ ਹਿਮਾਚਲ ਪ੍ਰਦੇਸ਼ ਜਾ ਕੇ ਛੁੱਟੀਆ ਮਨਾਓਣ ਦਾ ਖੁਸ਼ੀ। ਐਤਕੀਂ ਮੇਰਾ ਪੰਜਾਬ ਜਾਣ ਨੂੰ ਉਕਾ ਦਿਲ ਨਹੀਂ ਕਰਦਾ ਸੀ। ਮਾਂ ਬਾਪ ਵੀ ਨਹੀਂ ਰਹੇ ਸਨ, ਇਕ ਭਰਾ ਰਹਿ ਗਿਆ ਸੀ ਜਿਸ ਨੇ ਸ਼ਰਾਬ ਦੇ ਐਬ ਵਿਚ ਪੈ ਕੇ ਪਹਿਲਾਂ ਘਰ ਨੂੰ ਬਰਬਾਦ ਕੀਤਾ ਅਤੇ ਫਿਰ ਸ਼ਰਾਬ ਨਾਲ ਆਪ ਵੀ ਤੁਰ ਗਿਆ। ਇਕ ਜ਼ਮਾਨਾ ਸੀ ਸਾਡਾ ਘਰ ਪਿੰਡ ਵਿਚ ਪੜ੍ਹੇ ਲਿਖਿਆਂ ਦਾ ਘਰ ਕਹਿਲਾਉਂਦਾ ਸੀ। ਅਸੀਂ ਪੰਜ ਭਰਾ ਸਨ ਅਤੇ ਮੈਂ ਸੱਭ ਤੋਂ ਵੱਡਾ ਸੀ। ਮੈਂ ਸੱਠਵਿਆਂ ਵਿਚ ਇੰਗਲੈਂਡ ਆ ਗਿਆ, ਤਿੰਨ ਭਰਾ ਕਨੇਡਾ ਜਾ ਵਸੇ ਅਤੇ ਇਕ ਭਰਾ ਬਾਹਰ ਅਵਾਰਾ ਗਰਦੀ ਕਰਕੇ ਪੰਜਾਬ ਵਿਚ ਜਾ ਬੈਠਾ। ਕਿਉਂਕਿ ਉਹ ਨਾ ਤਾਂ ਮਜ਼ਦੂਰੀ ਕਰਨਾ ਚਾਹੁੰਦਾ ਸੀ ਅਤੇ ਨਾ ਹੀ ਸ਼ਰਾਬ ਛੱਡਣੀ ਚਾਹੁੰਦਾ ਸੀ। ਅਸੀ ਸਾਰਾ ਘਰ ਵਾਰ ਉਸ ਲਈ ਛੱਡ ਦਿਤਾ ਕਿਉਂਕਿ ਅਸੀਂ ਚਾਰ ਭਰਾ ਬਾਹਰਲੇ ਦੇਸ਼ਾਂ ਵਿਚ ਸਥਾਪਤ ਹੋ ਚੁੱਕੇ ਸਨ।

ਪੰਜਾਬ ਵਿਚ ਵੱਸਦੇ ਭਰਾ ਨੇ ਸ਼ਰਾਬ ਲਈ ਸਭ ਤੋਂ ਪਹਿਲਾਂ ਸਾਡਾ ਜੱਦੀ ਕੱਚਾ ਘਰ ਵੇਚਿਆ। ਇਸ ਘਰ ਨਾਲ ਮੈਨੂੰ ਬਹੁਤ ਪਿਆਰ ਸੀ ਕਿਉਂਕਿ ਮੇਰਾ ਜਨਮ ਵੀ ਉਥੇ ਹੋਇਆ ਸੀ ਅਤੇ ਮੇਰਾ ਬਚਪਣ ਅਤੇ ਜਵਾਨੀ ਦਾ ਕੁੱਛ ਹਿਸਾ ਉਥੇ ਬੀਤਿਆ ਸੀ। ਉਸ ਘਰ ਨਾਲ ਮੇਰੀਆਂ ਬਹੁਤ ਯਾਦਾਂ ਜੁੜੀਆਂ ਹੋਈਆਂ ਸਨ। ਇਹ ਸਾਡਾ ਘਰ ਪਿੰਡ ਦੇ ਐਨ ਗੱਭੇ ਸੀ। ਬਚਪਣ ਵਿਚ ਦਾਦੀ ਤੋਂ ਬਾਤਾਂ ਸੁਣਦੇ ਸੁਣਦੇ ਸੌਂ ਜਾਣ ਦੀਆਂ ਯਾਦਾਂ ਅੱਜ ਤੱਕ ਵੀ ਤਾਜੀਆਂ ਹਨ। ਗਰਮੀਆਂ ਦੇ ਦਿਨਾਂ ਵਿਚ ਕੋਠੇ ਉਤੇ ਸੌਣਾ ਅਤੇ ਫਿਰ ਚਾਨਣੀ ਰਾਤਾਂ ਵਿਚ ਦਾਦੀ ਦਾ ਦੱਸਣਾ ਕਿ ਚੰਨ ਉਤੇ ਇਕ ਵਿਚਾਰੀ ਬੁੱਢੀ ਔਰਤ ਆਪਣੀ ਧੀ ਦੇ ਤਿਉਹਾਰ ਲਈ ਚਰਖਾ ਕਤਦੀ ਹੈ। ਸੱਚ ਮੁਚ ਇਕ ਬੁੱਢੀ ਔਰਤ ਚਰਖਾ ਕਤਦੀ ਲਗਦੀ ਅਤੇ ਉਸ ਤੇ ਤਰਸ ਆਉਂਦਾ। ਉਹ ਦ੍ਰਿਸ਼ ਮੈਂ ਅੱਜ ਤੱਕ ਨਹੀਂ ਭੁੱਲ ਸੱਕਿਆ। ਕਦੇ ਦਾਦੀ ਮਾਂ ਚੰਨ ਵੱਲ ਇਸ਼ਾਰਾ ਕਰਕੇ ਕਹਿੰਦੀ "ਚੰਨ ਮਾਮਾ ਡੋਰੀਆ, ਸਾਨੂੰ ਦੇਵੇ ਰੁੱਖੀਆਂ ਅਤੇ ਆਪ ਖਾਵੇ ਚੂਰੀਆਂ"। ਸੁਣ ਕੇ ਚੰਨ ਮਾਮੇ ਤੇ ਗੁੱਸਾ ਆਉਂਦਾ। ਦਾਦੀ ਮਾਂ ਦਾ ਗੱਲ ਕਰਨ ਦਾ ਢੰਗ ਇਹੋ ਜਿਹਾ ਸੀ ਕਿ ਉਸ ਦੀ ਹਰ ਗੱਲ ਸੱਚੀ ਲਗਦੀ। ਉਸ ਦੀਆਂ ਬਾਤਾਂ ਵਿਚ ਕੋਈ ਸੰਦੇਸ਼ ਹੁੰਦਾ ਸੀ। ਉਹ ਧਾਰਮਿਕ ਸੀ ਪਰ ਕੱਟੜ ਨਹੀਂ ਸੀ। ਜੱਪੁਜੀ ਸਾਹਿਬ ਅਤੇ ਰਹਿਰਾਸ ਉਸ ਨੂੰ ਮੂੰਹ ਜ਼ਬਾਨੀ ਯਾਦ ਸੀ। ਕਈ ਬਾਤਾਂ ਮੈਨੂੰ ਅਜੇ ਤੱਕ ਯਾਦ ਹਨ। ਇਕ ਛੋਟੀ ਬਾਤ ਉਹ ਸੁਣਾਉਂਦੀ ਹੁੰਦੀ ਸੀ। ਸਿਆਲਾਂ ਦੇ ਦਿਨ ਸਨ। ਧੁੰਧ ਪਈ ਹੋਈ ਸੀ। ਇਕ ਔਰਤ ਆਪਣੀ ਹਵੇਲੀ ਗਈ। ਗੋਹਾ ਕੂੜਾ ਚੁੱਕ ਕੇ ਜੰਗਲ ਪਾਣੀ ਲਈ ਧੁੰਧ ਕਰਕੇ ਚਲਦੇ ਰਾਹ ਦੇ ਨਾਲ ਦੇ ਖੇਤ ਵਿਚ ਬੈਠ ਗਈ। ਧੁੰਧ ਵਿਚ ਉਸ ਨੂੰ ਰਾਹੇ ਤੁਰੇ ਆਉਂਦੇ ਬੰਦੇ ਨਾ ਦਿਸੇ। ਉਨ੍ਹਾਂ ਨੂੰ ਲਾਗੇ ਆਇਆਂ ਨੂੰ ਦੇਖ ਕੇ ਉਹ ਆਪਣੇ ਜੰਗਲ ਪਾਣੀ ਤੇ ਮਿੱਟੀ ਪਾਉਣ ਲੱਗ ਪਈ। ਬੰਦਿਆਂ ਨੇ ਕੋਲ ਆ ਕੇ ਪੁੱਛਿਆ, "ਮਾਈ, ਤੂੰ ਇਥੇ ਕੀ ਕਰਦੀ ਹੈ?" ਮਾਈ ਬੋਲੀ, "ਇਹ ਜਗ੍ਹਾ ਸਾਡੇ ਵੱਡੇ ਵਡੇਰਿਆਂ ਦੀ ਹੈ, ਮੈਂ ਉਸ ਨੂੰ ਲਿਪਦੀ ਹਾਂ"। ਬੰਦਿਆਂ ਨੇ ਮੱਥਾ ਟੇਕਿਆ ਅਤੇ ਕਿਹਾ, "ਮਾਈ, ਸਾਡਾ ਅੱਜ ਕਚਿਹਰੀ ਵਿਚ ਕੇਸ ਹੈ, ਜੇ ਜਿੱਤ ਗਏ ਅਸੀਂ ਇਹ ਪੱਕੀ ਜਗ੍ਹਾ ਬਣਾ ਦੇਵਾਂਗੇ"। ਖੁਸ਼ ਕਿਸਮਤੀ ਨਾਲ ਉਹ ਕੇਸ ਜਿੱਤ ਗਏ ਅਤੇ ਉਨ੍ਹਾਂ ਨੇ ਜੰਗਲ ਪਾਣੀ ਦੀ ਥਾਂ ਤੇ ਪੱਕੀ ਮੜ੍ਹੀ ਬਣਾ ਦਿਤੀ, ਜਿਸ ਨੂੰ ਲੋਕੀ ਦੇਖਾ ਦੇਖੀ ਪੂਜਣ ਲੱਗ ਪਏ। ਉਹ ਕਹਿੰਦੀ ਹੁੰਦੀ ਸੀ ਕਿ ਇਹ ਮੜ੍ਹੀਆਂ ਦੀ ਸਚਾਈ ਹੈ।

ਉਸ ਘਰ ਤੋਂ ਇਲਾਵਾ ਸਾਡਾ ਪਿੰਡ ਵਿਚ ਇਕ ਪੱਕਾ ਮਕਾਨ ਵੀ ਸੀ। ਉਸ ਮਕਾਨ ਨੂੰ ਬਣਾਉਣ ਵਿਚ ਮੇਰਾ ਕਾਫੀ ਰੋਲ ਸੀ। ਸਾਡੇ ਸ਼ਰਾਬੀ ਭਰਾ ਨੇ ਉਹ ਘਰ ਵੀ ਵੇਚ ਦਿਤਾ। ਤੀਸਰਾ ਮਕਾਨ ਪਿੰਡ ਦੀ ਫਿਰਨੀ ਉਪਰ ਬਣਾਇਆ ਸੀ, ਇਸ ਦਾ ਪਲਾਟ ਕਾਫੀ ਵੱਡਾ ਸੀ। ਇਸ ਮਕਾਨ ਵਿਚ ਹਰ ਸਹੂਲਤ ਸੀ, ਟੱਟੀ ਖਾਨੇ ਤੋਂ ਲੈ ਕੇ ਪਾਣੀ ਦੇ ਟੈਂਕ ਨੂੰ ਭਰਨ ਲਈ ਮੋਟਰ ਦਾ ਪ੍ਰਬੰਧ। ਪਰ ਮਕਾਨ ਰਹਾਇਸ਼ ਲਈ ਪਲਾਟ ਦੇ ਇਕ ਪਾਸੇ ਹੀ ਬਣਾਇਆ ਸੀ। ਸ਼ਰਾਬੀ ਖਰਾਬੀ ਭਰਾ ਨੇ ਉਹੀ ਛੱਤਿਆ ਹੋਇਆ ਪਾਸਾ ਵੇਚ ਦਿਤਾ, ਪਿੰਡ ਵਿਚ ਹੁਣ ਰਹਿਣ ਦਾ ਕੋਈ ਬਸੇਰਾ ਨਹੀਂ ਸੀ। ਇਸੇ ਲਈ ਮੈਂ ਠਹਿਰਨ ਲਈ ਹੋਟਲ ਉਸ ਸ਼ਹਿਰ ਵਿਚ ਬੁੱਕ ਕਰਾ ਲਿਆ ਜਿੱਥੇ ਮੈਂ ਕਾਲਜ ਵਿੱਚ ਕੁੱਛ ਸਾਲ ਬੀਤਾਏ ਸਨ। ਇਸ ਸ਼ਹਿਰ ਨਾਲ ਵੀ ਮੇਰੀਆਂ ਕਈ ਯਾਦਾਂ ਜੁੜੀਆਂ ਹੋਈਆਂ ਸਨ।

ਜਹਾਜ ਵਿਚ ਚੜ੍ਹਣ ਦੇ ਸਮੇਂ ਤੋਂ ਹੀ ਦਿਮਾਗ ਵਿਚ ਪੁਰਾਣੀਆਂ ਯਾਦਾਂ ਘੁੰਮਣ ਲੱਗ ਪਈਆਂ। ਜਦ ਮੈਂ ਪਹਿਲਾਂ ਇੰਗਲੈਂਡ ਵਿਚ ਆਇਆ ਸੀ, ਮੈਨੂੰ ਆਪਣੇ ਘਰ ਦੀ ਯਾਦ ਬਹੁਤ ਦੇਰ ਤੱਕ ਸਤਉਂਦੀ ਰਹੀ। ਇੰਗਲੈਂਡ ਵਿਚ ਮੈਂ ਆਪਣਾ ਘਰ ਛੇਤੀ ਖਰੀਦ ਲਿਆ ਸੀ, ਪਰ ਫਿਰ ਵੀ ਮੈਨੂੰ ਆਪਣਾ ਘਰ ਪੰਜਾਬ ਵਾਲਾ ਹੀ ਲਗਦਾ। ਇੰਗਲੈਂਡ ਵਿਚ ਕੋਈ ਅਫਸਰਸ਼ਾਹੀ ਨਹੀਂ ਸੀ, ਪਰ ਜਦ ਭਾਰਤ ਵਿਚ ਜਾਂਦਾ ਸੀ ਤੱਦ ਉਥੇ ਅਫਸਰਸ਼ਾਹੀ ਨੱਕ ਵਿਚ ਦਮ ਕਰ ਦਿੰਦੀ ਸੀ ਅਤੇ ਉਪਰੋਂ ਘਰ ਅਤੇ ਰਿਸ਼ਤੇਦਾਰਾਂ ਦੀਆਂ ਨਾ ਪੂਰੀਆਂ ਹੋਣ ਵਾਲੀਆਂ ਮੰਗਾਂ ਵੀ ਦਿਲ ਨੂੰ ਤੰਗ ਕਰਦੀਆਂ ਸਨ। ਇਸੇ ਲਈ ਮੈਂ ਪੰਜਾਬ ਵਿਚ ਇਕ ਹਫਤਾ ਰਹਿਕੇ ਹਿਮਾਚਲ ਪ੍ਰਦੇਸ਼ ਛੁੱਟੀਆਂ ਮਾਣਨ ਲਈ ਚਲੇ ਜਾਇਆ ਕਰਦਾ ਸੀ। ਹੋਲੀ ਹੋਲੀ ਮੈਨੂੰ ਆਪਣਾ ਘਰ ਇੰਗਲੈਂਡ ਵਾਲਾ ਲੱਗਣ ਲੱਗ ਪਿਆ। ਮਾਂ ਬਾਪ ਦੇ ਮਰਨ ਤੋਂ ਬਾਅਦ ਭਰਾ ਕਰਕੇ, ਭਾਵੇਂ ਸ਼ਰਾਬੀ ਹੀ ਸੀ, ਪਿੰਡ ਦੇ ਘਰ ਨਾਲ ਥੋੜ੍ਹਾ ਜਿਹਾ ਲਗਾ ਬਣਿਆ ਰਿਹਾ, ਪਰ ਹੁਣ ਉਹ ਵੀ ਕੜੀ ਟੁੱਟ ਚੁੱਕੀ ਸੀ। ਪੁਰਾਣੇ ਯਾਰ ਬੇਲੀ ਵੀ ਵਿਖਰ ਗਏ ਸਨ, ਇਸ ਲਈ ਕਿਸੇ ਨੂੰ ਮਿਲਣ ਦੀ ਤਾਂਘ ਵੀ ਨਹੀਂ ਸੀ। ਪਰ ਮੇਰੀਆਂ ਪੁਰਾਣੀਆਂ ਯਾਦਾਂ ਉਥੇ ਹੋਣ ਕਰਕੇ, ਲਗਦਾ ਸੀ ਕਿ ਮੇਰਾ ਕੁੱਛ ਆਪਣਾ ਜ਼ਰੂਰ ਉਥੇ ਗੁਆਚਿਆ ਪਿਆ ਹੈ। ਮੈਂ ਯਾਦਾਂ ਤੋਂ ਖਹਿੜਾ ਛੁਡਾਉਣ ਦੀ ਕੋਸ਼ਿਸ਼ ਤਾਂ ਪੂਰੀ ਕਰ ਰਿਹਾ ਸੀ ਪਰ ਸਫਲ ਨਹੀਂ ਹੋ ਰਿਹਾ ਸੀ।

ਭਾਰਤ ਜਾ ਕੇ ਮੈਂ ਹਵਾਈ ਅੱਡੇ ਤੋਂ ਟੈਕਸੀ ਫੜ੍ਹ ਕੇ ਸਟੇਸ਼ਨ ਪਹੁੰਚ ਕੇ ਪੰਜਾਬ ਲਈ ਟਰੇਨ ਫੜ੍ਹ ਲਈ। ਲੰਮਾਂ ਸਫਰ ਕਰਕੇ ਮੈਨੂੰ ਥਕਾਵਟ ਨੇ ਘੇਰ ਲਿਆ ਸੀ। ਜਾਗੋ ਮੀਟੀ ਦੀ ਹਾਲਤ ਵਿਚ ਟਰੇਨ ਦਾ ਸਫਰ ਕੱਟਿਆ। ਪੰਜਾਬ ਪਹੁੰਚ ਕੇ ਜਦ ਮੈਂ ਟਰੇਨ ਤੋਂ ਉਤਰਿਆ, ਸ਼ਾਮ ਢਲਣ ਲੱਗ ਪਈ ਸੀ ਅਤੇ ਸੂਰਜ ਦੀ ਲਾਲੀ ਅਸਮਾਨ ਨੂੰ ਰੰਗ ਕੇ ਚਿੱਤਰਮਈ ਬਣਾ ਰਹੀ ਸੀ। ਛੋਟਾ ਸਫਰ ਕਰਕੇ ਮੈਂ ਹੋਟਲ ਜਾਣ ਲਈ ਰਿਕਸ਼ਾ ਲੈ ਲਿਆ। ਖੁਲੀ ਹਵਾ ਦਾ ਮਜਾ ਵੀ ਲੈਣਾ ਚਹੁੰਦਾ ਸੀ। ਸਟੇਸ਼ਨ

ਤੋਂ ਤੁਰਨ ਦੇ ਸਮੇਂ ਤੋਂ ਹੀ ਹਵਾ ਵਿਚ ਡੀਜ਼ਲ, ਪੈਟਰੋਲ ਦੀ ਬਦਬੋਅ ਖੁਲੀ ਹਵਾ ਦੇ ਮਜੇ ਨੂੰ ਖਰਾਬ ਕਰ ਦਿਤਾ। ਸੜਕਾਂ ਦੇ ਕੰਢਿਆਂ ਤੇ ਗੰਦਗੀ ਦੇ ਢੇਰ ਦਿਲ ਨੂੰ ਕੱਚਾ ਕੱਚਾ ਕਰਨ ਲੱਗੇ। ਉਪਰ ਤੋਂ ਢਾਬੇ ਅਤੇ ਹੋਟਲਾਂ ਤੇ ਲਾਉਡ ਸਪੀਕਰਾਂ ਤੇ ਵੱਜਦੇ ਅਸ਼ਲੀਲ ਗੀਤ ਵਾਤਾਵਰਣ ਨੂੰ ਹੋਰ ਗੰਦਾ ਕਰਨ ਲੱਗੇ, ਮੈਂ ਆਪਣੇ ਹੋਟਲ ਦੀ ਬੇਸਬਰੀ ਨਾਲ ਇੰਤਜਾਰ ਕਰਨ ਲੱਗਾ। ਮੈਂ ਜਦ ਪੜ੍ਹਦਾ ਹੁੰਦਾਂ ਸੀ, ਉਸ ਸਮੇਂ ਨਾ ਹੀ ਇਤਨੀ ਗੰਦਗੀ ਸੀ ਅਤੇ ਨਾ ਹੀ ਇਤਨਾ ਗੰਦਾ ਵਾਤਾਵਰਣ ਸੀ। ਸੁਣਦੇ ਸੀ ਕਿ ਭਾਰਤ ਬਹੁੱਤ ਤਰੱਕੀ ਕਰ ਗਿਆ ਹੈ, ਜੇ ਇਹੀ ਤਰੱਕੀ ਸੀ ਤੱਦ ਮੈਨੂੰ ਨਾ ਤਰੱਕੀ ਪਸੰਦ ਸੀ। ਹੋਟਲ ਪਹੁੰਚ ਕੇ ਮੈਂ ਦੋ ਪੈਗ ਲਾਕੇ ਖਾਣਾ ਕਮਰੇ ਵਿਚ ਹੀ ਮੰਗਵਾ ਲਿਆ। ਖਾਣਾ ਖਾਂਦਿਆਂ ਸਾਰ ਮੈਨੂੰ ਨੀਂਦ ਨੇ ਘੇਰ ਲਿਆ।

ਦੂਜੇ ਦਿਨ ਸੁਵੇਰ ਨੂੰ ਉਠ ਕੇ, ਨਹਾ ਧੋ ਕੇ, ਮੈਂ ਸੋਚਿਆ ਕਿਸੇ ਢਾਬੇ ਤੇ ਨਾਸ਼ਤਾ ਕਰਦਾ ਹਾਂ। ਰਾਤੀ ਮੈਨੂੰ ਹੋਟਲ ਦਾ ਖਾਣਾ ਸੁਆਦ ਨਹੀਂ ਲੱਗਾ ਸੀ, ਵੈਸੇ ਵੀ ਕਈ ਢਾਬੇ ਖਾਣੇ ਲਈ ਹੋਟਲਾਂ ਨਾਲੋਂ ਮਸ਼ਹੂਰ ਹਨ। ਹੋਟਲ ਤੋਂ ਤੁਰ ਕੇ ਜਦ ਮੈਂ ਸੜਕ ਤੇ ਜਾ ਰਿਹਾ ਸੀ, ਰੇਡੀਓ ਤੋਂ ਸ਼ਬਦ ਨਸ਼ਰ ਹੋ ਰਹੇ ਸਨ। ਵਾਤਾਵਰਣ ਸਾਰਾ ਧਾਰਮਿਕ ਬਣਿਆ ਹੋਇਆ ਸੀ। ਇਕ ਢਾਬਾ ਜਿਸ ਤੇ ਦੇਸੀ ਪੰਜਾਬੀ ਢਾਬਾ ਲਿਖਿਆ ਸੀ, ਮੈਂ ਉਸ ਵਿਚ ਜਾ ਵੜ੍ਹਿਆ। ਢਾਬੇ ਦੀ ਗੱਦੀ ਤੇ ਇਕ ਬੁੱਢੀ ਔਰਤ ਬੈਠੀ ਸੀ, ਮੈਂ ਆਪਣਾ ਆਰਡਰ ਦੇ ਕੇ ਉਸ ਔਰਤ ਨੂੰ ਪੁੱਛਿਆ "ਮਾਈ, ਢਾਬੇ ਤਾਂ ਅਕਸਰ ਬੰਦੇ ਚਲਾਉਦੇ ਹਨ ਪਰ ਇਹ ਤੁਸੀਂ ਚਲਾ ਰਹੇ ਹੋ?" ਮਾਈ ਬੋਲੀ "ਕੀ ਦੱਸਾਂ ਵੀਰਾ? ਘਰ ਵਾਲਾ ਖੇਤੀ ਕਰਦਾ ਸੀ, ਜ਼ਮੀਨ ਤਾਂ ਸਾਡੀ ਥੋੜ੍ਹੀ ਸੀ, ਸਿਰ ਤੇ ਕਰਜ਼ਾ ਚੁੱਕ ਲਿਆ। ਜਦ ਕਰਜ਼ਾ ਜ਼ਿਆਦਾ ਵੱਧ ਗਿਆ, ਕੁੱਛ ਖਾ ਕੇ ਮਰ ਗਿਆ। ਇਕ ਮੁੰਡਾ ਸੀ ਉਹ ਦਾਦੇ ਮੁਗਾਣੇ ਡਰੱਗਾਂ ਨੇ ਖਾ ਲਿਆ। ਪਿਛੇ ਮੈਂ ਅਤੇ ਇਹ ਦੋ ਧੀਆਂ ਭੁੱਖੇ ਮਰਨ ਲਈ ਰਹਿ ਗਈਆਂ। ਭੁੱਖਾ ਪਾਪੀ ਢਿੱਡ ਪਤਾ ਨਹੀਂ ਕੀ ਕੀ ਕਰਾਂਉਦਾ ਹੈ? ਵੀਰਾ"।

ਮੈਨੂੰ ਉਨ੍ਹਾਂ ਦੀ ਹਾਲਤ ਤੇ ਬਹੁੱਤ ਤਰਸ ਆ ਰਿਹਾ ਸੀ, ਪਰ ਮੈਂ ਉਨ੍ਹਾਂ ਦੀ ਹਿੰਮਤ ਦੀ ਵੀ ਦਾਦ ਦੇ ਰਿਹਾ ਸੀ। ਮੈਂ ਸੋਚਿਆ ਜਿਤਨੀ ਦੇਰ ਮੈਂ ਇਥੇ ਰਹਾਂਗਾ, ਇਸ ਢਾਬੇ ਤੋਂ ਹੀ ਖਾਇਆ ਕਰਾਂਗਾ। ਫਿਰ ਮੈਂ ਸੋਚਿਆ ਢਾਬੇ ਤੇ ਹਰ ਕਿਸਮ ਦੇ ਲੋਕ ਆਉਦੇ ਹੋਣਗੇ, ਇਹ ਵਿਚਾਰੀਆਂ ਕਿਸ ਤਰ੍ਹਾ ਨਿਪਟਦੀਆਂ ਹੋਣਗੀਆ। ਏਨ੍ਹੇ ਨੂੰ ਛੋਟੀ ਕੁੜੀ ਮੇਰਾ ਖਾਣਾ ਲੈ ਕੇ ਆ ਗਈ ਅਤੇ ਹੱਸ ਕੇ ਕਹਿਣ ਲਗੀ ਹੋਰ ਕਿਸੇ ਵੀ ਚੀਜ਼ ਦੀ ਜ਼ਰੂਰਤ ਹੋਵੇ ਤਾਂ ਸੰਗਣਾ ਨਹੀਂ। ਮੈਂ ਖਾਣਾ ਖਾਣ ਲੱਗ ਪਿਆ। ਅਜੇ ਮੈਂ ਅੱਧਾ ਹੀ ਨਾਸ਼ਤਾ ਖਤਮ ਕੀਤਾ ਸੀ ਕਿ ਦੋ ਸਰਦਾਰ ਕਾਰ ਵਿਚੋਂ ਨਿਕਲ ਕੇ ਢਾਬੇ ਵਿਚ ਆਏ। ਉਨ੍ਹਾਂ ਦੇ ਦਿਖਲਾਵੇ ਅਤੇ ਪਹਿਰਾਵੇ ਤੋਂ ਇਸ ਤਰ੍ਹਾਂ ਲਗਦਾ ਸੀ ਕਿ ਉਹ ਬਹੁਤ ਧਾਰਮਿਕ ਲੋਕ ਹਨ। ਰੇਡਿਉ ਤੇ ਅਜੇ ਸ਼ਬਦਾਂ ਦਾ ਦੌਰ ਚੱਲ ਰਿਹਾ ਸੀ। ਇਕ ਸਰਦਾਰ ਨੇ ਆ ਕੇ ਕਿਹਾ "ਮਾਈ, ਇਕ ਦਿਨ ਦਾ ਕੀ ਰੇਟ ਲਾਇਆ?" ਮਾਈ ਬੋਲੀ "ਵੱਡੀ ਦਾ ਪੰਜ ਸੋ ਅਤੇ ਛੋਟੀ ਦਾ ਇਕ ਹਜ਼ਾਰ"। ਮੇਰਾ ਖਾਣਾ ਗਲ ਵਿਚ ਹੀ ਫਸ ਗਿਆ। ਫਿਰ ਉਹ ਸੌਦੇ ਬਾਜੀ ਕਰਨ ਲੱਗ ਪਏ। ਮੇਰੇ ਵਿਚ ਉਹ ਸਭ ਕੁੱਛ ਸੁਨਣ ਦੀ ਸਾਹਸ ਨਹੀਂ ਸੀ। ਮੈਂ ਮੇਜ਼ ਤੇ ਪੈਸੇ ਰੱਖ ਕੇ ਢਾਬੇ ਤੋਂ ਜਲਦੀ ਬਾਹਰ ਨਿਕਲ ਆਇਆ। ਮੇਰਾ ਦਿਲ ਕੱਚਾ ਕੱਚਾ ਹੋ ਰਿਹਾ ਸੀ। ਉਛਲ ਨੂੰ ਦਿਲ ਕਰਦਾ ਸੀ। ਜਦ ਮੈਂ ਸੜਕ ਦੇ ਨਾਲ ਨਾਲ ਤੁਰ ਕੇ ਹੋਟਲ ਦੇ ਲਾਗੇ ਪਹੁੰਚਿਆ, ਮੈਂ ਦੇਖਿਆ ਉਹੀ ਦੋ ਸਰਦਾਰ ਛੋਟੀ ਕੁੜੀ ਨੂੰ ਕਾਰ ਵਿਚ ਨਾਲ ਬਿਠਾ ਲੈ ਕੇ ਜਾ ਰਹੇ ਸਨ। ਮੇਰਾ ਹੋਟਲ ਦੇ ਕਮਰੇ ਵਿਚ ਜਾ ਕੇ ਰੋਣਾ ਨਿਕਲ ਗਿਆ ਅਤੇ ਪਛਤਾਉਣ ਲੱਗਾ ਕਿ ਮੈਂ ਕਿਉਂ ਪੰਜਾਬ ਆਇਆ? ਮੈਨੂੰ ਪੰਜਾਬ ਵਿਚ ਇਕ ਹਫਤਾ ਵੀ ਮਹੀਨਿਆਂ ਬੰਦੀ ਲੱਗਣ ਲੱਗਾ। ਮੇਰੇ ਵਿਚ ਆਪਣਾ ਕੁੱਛ ਢੂੰਢਣ ਦੀ ਹੁਣ ਨਾ ਹੀ ਤਾਕਤ ਸੀ ਅਤੇ ਨਾ ਹੀ ਮੈਨੂੰ ਕੋਈ ਆਸ ਦਿਸਦੀ ਸੀ। ਮੈਂ ਇੰਗਲੈਂਡ ਵਾਪਸ ਜਾਣ ਲਈ ਦਿਨ ਗਿਣਨ ਲੱਗਾ।

## ਅੰਧਵਿਸ਼ਵਾਸ ਖਿਲਾਫ ਜਾਨ ਦੇਣ ਵਾਲੇ ਦੇ ਕਾਤਲਾਂ ਦਾ ਪਤਾ ਭੂਤ ਕੋਲੋਂ ਪੁੱਛਿਆ!!
## ਪੁਲਿਸ ਕਮਿਸ਼ਨਰ ਦੀ ਹੋ ਗਈ ਛੁੱਟੀ

ਕਾਲੇ ਜਾਦੂ ਤੇ ਅੰਧ ਵਿਸ਼ਵਾਸ ਵਰਗੀਆਂ ਸਮਾਜਿਕ ਕੁਰੀਤੀਆਂ ਨਾਲ ਲੜਨ ਵਾਲੇ ਪੂਨੇ ਦੇ ਡਾ. ਨਰੇਂਦਰ ਦਾਬੋਲਕਰ ਦੀ ਸੰਬੰਧਤ ਮਾਫੀਏ ਨੇ ਹੱਤਿਆ ਕਰ ਦਿੱਤੀ ਸੀ, ਕਾਤਲਾਂ ਦਾ ਪਤਾ ਲਾਉਣ ਵਿੱਚ ਪੁਲਿਸ ਦੀ ਹਰ ਕੋਸ਼ਿਸ਼ ਨਾਕਾਮ ਸਾਬਿਤ ਹੋਈ ਹੈ। ਤਾਂ ਅੰਧਵਿਸ਼ਵਾਸ ਖਿਲਾਫ ਲੜਦਿਆਂ ਜਾਨ ਦੀ ਕੁਰਬਾਨੀ ਦੇਣ ਵਾਲੇ ਦਾਬੋਲਕਰ ਦੇ ਕਾਤਲ ਦਾ ਪਤਾ ਲਾਉਣ ਲਈ ਪੂਨੇ ਦੇ ਪੁਲਿਸ ਕਮਿਸ਼ਨਰ ਨੇ ਅੰਧਵਿਸ਼ਵਾਸ ਦਾ ਹੀ ਸਹਾਰਾ ਲਿਆ। ਕਮਿਸ਼ਨਰ ਗੁਲਾਬ ਰਾਵ ਪੋਲ ਨੇ ਭੂਤ ਨੂੰ ਪਲੇਨਚੈਟ ਰਾਹੀਂ ਸੱਦਿਆ ਤੇ ਕਾਤਲ ਦਾ ਪਤਾ ਪੁੱਛਿਆ। ਇਸ ਕਮਿਸ਼ਨਰ ਨੂੰ ਅਹੁਦਿਓਂ ਹਟਾ ਦਿੱਤਾ ਗਿਆ ਹੈ, ਹਾਲਾਂਕਿ ਮਹਾਰਾਸ਼ਟਰ ਸਰਕਾਰ ਕਹਿ ਰਹੀ ਹੈ ਕਿ ਹੋਰ ਕਿਸੇ ਕਾਰਨ ਕਰਕੇ ਉਹਨਾਂ ਨੂੰ ਹਟਾਇਆ ਗਿਆ ਹੈ, ਪਰ ਸੂਤਰ ਦਾਅਵਾ ਕਰ ਰਹੇ ਨੇ ਕਿ ਭੂਤ ਦੀ ਮਦਦ ਲੈਣ ਕਰਕੇ ਇਹ ਕਦਮ ਚੁੱਕਿਆ ਗਿਆ, ਕਿਉਂਕਿ ਇਸ ਨਾਲ ਮਹਾਂਰਾਸ਼ਟਰ ਦੀ ਭਾਜਪਾ ਸਰਕਾਰ ਦੀ ਹਰ ਪਾਸੇ ਆਲੋਚਨਾ ਵੀ ਹੋਣੀ ਸੀ ਤੇ ਮਜ਼ਾਕ ਵੀ ਉਡਣਾ ਸੀ। ਯਾਦ ਰਹੇ ਇਹ ਮਾਨਤਾ ਹੈ ਕਿ ਪਲੇਨਚੈਟ ਜ਼ਰੀਏ ਮ੍ਰਿਤ ਆਤਮਾਵਾਂ ਨਾਲ ਸਿੱਧਾ ਸੰਪਰਕ ਕੀਤਾ ਜਾ ਸਕਦਾ ਹੈ।

ਅੰਧਵਿਸ਼ਵਾਸ ਵਿਰੋਧੀ ਮੁਹਿੰਮ ਚਲਾਉਣ ਵਾਲੇ 71 ਸਾਲਾ ਡਾ. ਨਰੇਂਦਰ ਦਾਬੋਲਕਰ ਦੀ 20 ਅਗਸਤ 2013 ਵਿੱਚ ਹੱਤਿਆ ਕਰ ਦਿੱਤੀ ਗਈ ਸੀ, ਤੇ ਹਾਲ ਹੀ ਵਿੱਚ ਇਕ ਹੋਰ ਅਗਾਂਹਵਧੂ ਤੇ ਅੰਧਵਿਸ਼ਵਾਸ ਖਿਲਾਫ ਲੜਨ ਵਾਲੇ ਕਾਮਰੇਡ ਗੋਬਿੰਦ ਪਾਨਸਾਰੇ ਦਾ ਵੀ ਕਤਲ ਕਰ ਦਿੱਤਾ ਗਿਆ। ਦੋਵੇਂ ਮਾਮਲੇ ਮਹਾਂਰਾਸ਼ਟਰ ਸਰਕਾਰ ਤੇ ਪੁਲਿਸ ਲਈ ਚੁਣੌਤੀ ਬਣੇ ਹੋਏ ਨੇ। ਦਾਬੋਲਕਰ ਦੇ ਕਤਲ ਦੀ ਗੁੱਥੀ ਸੁਲਝਾਉਣ ਲਈ ਪੁਲਿਸ ਦੀਆਂ 19 ਟੀਮਾਂ ਸਰਗਰਮ ਹਨ, ਪਰ ਸਭ ਦੇ ਹੱਥ ਖਾਲੀ ਹਨ, ਇਸ ਤੋਂ ਮਿਲ ਰਹੀ ਨਮੋਸ਼ੀ ਤੋਂ ਬਚਣ ਲਈ ਪੁਲਿਸ ਕਮਿਸ਼ਨਰ ਨੇ ਅੰਧਵਿਸ਼ਵਾਸ ਦਾ ਸਹਾਰਾ ਲੈ ਕੇ ਮੁਸੀਬਤ ਸਹੇੜ ਲਈ। ਇਸ ਦਾ ਪਤਾ ਸ਼ਾਇਦ ਨਾ ਲੱਗਦਾ, ਪਰ ਇਕ ਪੱਤਰਕਾਰ ਨੇ ਸਟਿੰਗ ਅਪ੍ਰੇਸ਼ਨ ਕਰਕੇ ਇਸ ਦਾ ਪਰਦਾ ਫਾਸ਼ ਕਰ ਦਿੱਤਾ। ਤੇ ਵਿਵਾਦ ਵਧਣ 'ਤੇ ਕਮਿਸ਼ਨਰ ਗੁਲਾਬਰਾਵ ਨੇ ਛੁੱਟੀ ਲੈ ਲਈ, ਤੇ ਹੁਣ ਸਰਕਾਰ ਨੇ ਉਹਨਾਂ ਦੀ ਅਹੁਦਿਓਂ ਛੁੱਟੀ ਕਰ ਦਿੱਤੀ ਹੈ।

ਡਾ ਦਾਬੋਲਕਰ ਤਾਂ ਮਹਾਂਰਾਸ਼ਟਰ ਵਿੱਚ ਕਾਲੇ ਜਾਦੂ ਖਿਲਾਫ ਕਾਨੂੰਨ ਬਣਾਉਣ ਲਈ ਇਕ ਪ੍ਰਸਤਾਵ ਵਿਧਾਨ ਸਭਾ ਵਿੱਚ ਪੇਸ਼ ਕਰਨ ਦਾ ਯਤਨ ਕਰ ਰਹੇ ਸਨ, ਪਰ ਬਹੁਤ ਸਾਰੇ ਲੋਕ ਉਹਨਾਂ ਦੀ ਵਿਰੋਧਤਾ ਕਰ ਰਹੇ ਸਨ।

**ਪੇਸ਼ਕਸ ਬਲਜਿੰਦਰ ਕੋਟਭਾਰਾ**

## ਭੂਤ ਹੱਥੋਂ ਜੱਜ ਦਾ ਕਤਲ!! ਅਦਾਲਤ 9 ਮਹੀਨਿਆਂ ਤੋਂ ਬੰਦ

ਇਕ ਭੂਤ ਨੇ ਜੱਜ ਦਾ ਕਤਲ ਕਰ ਦਿੱਤਾ ਤੇ ਅਦਾਲਤ 9 ਮਹੀਨਿਆਂ ਤੋਂ ਬੰਦ ਪਈ ਹੈ। ਮੈਸੂਰ ਦੀ ਘਟਨਾ ਹੈ, ਇਥੇ ਇਕ ਕੋਰਟ ਹਾਲ ਵਿੱਚ ਫਸਟ ਐਡੀਸ਼ਨਲ ਸੈਸ਼ਨ ਜੱਜ ਬੈਠਦੇ ਸਨ, ਜਿਹਨਾਂ ਨੇ ਕਈ ਅਹਿਮ ਤੇ ਸਨਸਨੀਖੇਜ ਕੇਸਾਂ ਦੇ ਫੈਸਲੇ ਸੁਣਾਏ। ਮਈ 2014 ਵਿੱਚ ਜਦ ਜੱਜ ਸਾਹਿਬ ਇਕ ਫੈਸਲਾ ਸੁਣਾ ਕੇ ਅਦਾਲਤ ਵਿਚੋਂ ਬਾਹਰ ਨਿਕਲੇ ਤਾਂ ਬਾਹਰ ਉਹਨਾਂ ਦੀ ਸੜਕ ਹਾਦਸੇ ਵਿੱਚ ਮੌਤ ਹੋ ਗਈ, ਕਿਸੇ ਨੇ ਅਫਵਾਹ ਉਡਾ ਦਿੱਤੀ ਕਿ ਕੋਰਟ ਹਾਲ ਵਿੱਚ ਫੈਸਲੇ ਨਾਲ ਸੰਬਧਤ ਇਕ ਮਰੇ ਵਿਅਕਤੀ ਦੇ ਭੂਤ ਨੇ ਜੱਜ ਸਾਹਿਬ ਦਾ ਕਤਲ ਕਰ ਦਿੱਤਾ, ਤਾਂ ਇਹ ਅਫਵਾਹ ਹਰੇਕ ਦੇ ਮਨ ਵਿੱਚ ਘਰ ਕਰ ਗਈ, ਕੁਝ ਵਕੀਲ ਵੀ ਇਸ ਨਾਲ ਸਹਿਮਤ ਹੋ ਗਏ, ਬਕਾਇਦਾ ਇਕ ਜੋਤਸ਼ੀ ਨੂੰ ਸੱਦਿਆ ਗਿਆ, ਜਿਸ ਨੇ ਪੂਜਾ ਪਾਠ ਜਾਦੂ ਟੂਣਾ ਕਰਕੇ ਇਸ ਹਾਲ ਨੂੰ ਬੰਦ ਕਰਵਾ ਦਿੱਤਾ, ਅੱਜ ਇਸ ਵਿੱਚ ਕੋਰਟ ਦਾ ਟੁੱਟਿਆ ਹੋਇਆ ਸਮਾਨ, ਕੁਰਸੀਆਂ, ਮੇਜ਼ ਆਦਿ ਰੱਖੇ ਪਏ ਨੇ। ਹਾਲਾਂਕਿ ਬਹੁਤੇ ਵਕੀਲ ਇਸ ਭੂਤ ਵਾਲੀ ਗੱਲ ਦਾ ਵਿਰੋਧ ਵੀ ਕਰ ਰਹੇ ਨੇ, ਪਰ ਫੇਰ ਵੀ ਇਸ ਹਾਲ ਨੂੰ ਭੂਤ ਦੇ ਕਹਿਰ ਤੋਂ ਡਰ ਕਾਰਨ ਖੋਲ੍ਹਣ ਦਾ ਰਿਸਕ ਮੈਸੂਰ ਦਾ ਪ੍ਰਸ਼ਾਸਨ ਨਹੀਂ ਲੈ ਰਿਹਾ।

**ਪੇਸ਼ਕਸ ਅਮਨਦੀਪ ਹਾਂਸ**

# ਕੀ ਮਾਤ ਗਰਭ ਅਗਨ ਕੁੰਡ ਹੈ?



ਅਮਰਜੀਤ ਢਿੱਲੋਂ ਦਬੜ੍ਹੀਖਾਨਾ

ਕਬੀਰ ਤੋਂ ਲੈਕੇ ਗੁਰੂਆਂ ਦੀ ਸਾਰੀ ਬਾਣੀ 'ਚ ਅਨੇਕਾਂ ਵਾਰ ਇਹ ਦੁਹਰਾਇਆ ਗਿਆ ਹੈ ਹੇ ਬੰਦਿਆਂ ! ਤੂੰ ਗਰਭ 'ਚ ਪੁੱਠਾ ਲਟਕਦਾ ਸੀ ਅਤੇ ਰੱਬ ਅੱਗੇ ਅਰਦਾਸਾਂ ਕਰਦਾ ਸੀ ਕਿ ਮੈਨੂੰ ਇਸ ਨਰਕ 'ਚੋਂ ਕੱਢ ਲੈ।

ਪਹਿਲੀ ਗੱਲ ਤਾਂ ਮਾਤਾ ਦੇ ਗਰਭ ਨੂੰ ਨਰਕ ਕੁੰਡ ਜਾਂ ਅਗਨ ਕੁੰਡ ਕਹਿਣਾ ਵੈਸੇ ਹੀ ਔਰਤ ਜਾਤ ਅਰਥਾਤ ਮਾਂ ਦੀ ਤੌਹੀਨ ਹੈ। ਦੂਜੀ ਗੱਲ ਕਿ ਇਹ ਅੱਜ ਦੇ ਵਿਗਿਆਨ ਦੇ ਮੇਚ ਦੀ ਨਹੀਂ ਹੈ। ਅੰਧ ਸ਼ਰਧਾ ਨੂੰ ਇਸ ਨਾਲ ਜ਼ਰੂਰ ਠੇਸ ਪਹੁੰਚੇਗੀ। ਜਿਹਨਾਂ ਲਈ ਕਿਸੇ ਗਰੰਥ ਦੀ ਕਵਿਤਾ ਧੁਰ ਕੀ ਬਾਣੀ ਹੈ। ਉਹ ਕਿੰਤੂ ਪਰੰਤੂ ਬਰਦਾਸ਼ਤ ਨਹੀਂ ਕਰ ਸਕਦੇ। ਪਰ ਜਿਸ ਤਰ੍ਹਾਂ ਗਲੈਲੀਓ ਨੂੰ ਸਜ਼ਾ ਦੇਣ ਵਾਲੇ ਚਰਚ ਨੇ 300 ਸਾਲ ਬਾਅਦ ਮੁਆਫ਼ੀ ਮੰਗ ਕੇ ਕਿਹਾ ਹੈ ਕਿ ਗਲੈਲੀਓ ਠੀਕ ਸੀ ਅਤੇ ਚਰਚ ਗਲਤ। ਇਸ ਤਰ੍ਹਾਂ ਮਾਤ ਗਰਭ ਨੂੰ ਅਗਨ ਕੁੰਡ ਕਹਿਣ ਵਾਲਿਆਂ ਨੂੰ ਇਕ ਦਿਨ ਇਸਨੂੰ ਪਵਿਤਰ ਅਤੇ ਸੁਰੱਖਿਅਤ ਕਹਿਕੇ ਵਿਗਿਆਨ ਦੀ ਗੱਲ ਮੰਨਣੀ ਹੀ ਪਵੇਗੀ।

ਧਾਰਮਿਕ ਲੋਕਾਂ ਦਾ ਸਾਰਾ ਜ਼ੋਰ ਆਦਮੀ ਨੂੰ ਡਰਾਉਣ 'ਤੇ ਲੱਗਾ ਹੋਇਆ ਹੈ, ਕਿਉਂਕਿ ਇਹ ਲੋਕ 'ਡਰ' ਦਾ ਹੀ ਬਿਜ਼ਨਿਸ ਕਰਦੇ ਹਨ। ਡਰ ਵਿਚ ਹਮੇਸ਼ਾ ਝੂਠ ਦੀ ਮਿਲਾਵਟ ਹੁੰਦੀ ਹੈ। ਵਿਚਾਰੇ ਸਿਧੜ ਰਿਸ਼ੀ ਮੁਨੀ ਅਤੇ ਹੋਰ ਮਹਾਂਪੁਰਸ਼ ਵਿਗਿਆਨਕ ਜਾਣਕਾਰੀ ਦੀ ਘਾਟ ਕਾਰਨ ਹਮੇਸ਼ਾ ਮਨਘੜਤ ਕਹਾਣੀਆਂ ਜੋੜ ਜੋੜ ਕੇ ਹੀ ਲਿਖਦੇ ਰਹੇ। ਜਾਣਕਾਰੀ ਦੀ ਘਾਟ ਕਾਰਨ ਉਹ ਮੁਆਫ਼ੀਯੋਗ ਹਨ ਪਰ ਅੱਜ ਖੁਦ ਨੂੰ ਪੜ੍ਹੇ ਲਿਖੇ ਅਖਵਾਉਣ ਵਾਲੇ ਅਤੇ ਇਹਨਾਂ ਪ੍ਰਚਲਤ ਧਾਰਨਾਵਾਂ ਨੂੰ ਮੰਨਣ ਅਤੇ ਪ੍ਰਚਾਰਨ ਵਾਲੇ ਸਖ਼ਸ਼ ਕਿਵੇਂ ਵੀ ਮੁਆਫ਼ੀ ਦੇ ਯੋਗ ਨਹੀਂ। ਇਹ ਇਤਿਹਾਸ ਦੇ ਖਲਨਾਇਕ ਹੀ ਕਹੇ ਜਾ ਸਕਦੇ ਹਨ। ਇਹਨਾਂ ਦੇ ਬੱਚੇ ਅਤੇ ਆਉਣ ਵਾਲੀਆਂ ਪੀੜ੍ਹੀਆਂ ਕਦੇ ਨਾ ਕਦੇ ਇਹ ਸਵਾਲ ਜ਼ਰੂਰ ਕਰਨਗੀਆਂ ਕਿ ਆਖਰ ਕਿਸ ਮਜ਼ਬੂਰੀ ਕਾਰਨ ਉਹਨਾਂ ਨੂੰ ਹਨੇਰੇ 'ਚ ਰੱਖਿਆ ਜਾਂਦਾ ਰਿਹਾ ਹੈ।

ਬੱਚੇ ਦਾ ਜਨਮ ਮਾਤਾ ਪਿਤਾ ਦੇ ਮੇਲ ਦੀ ਕੁਦਰਤੀ ਘਟਨਾ ਹੈ। ਔਰਤ ਦਾ ਆਂਡਾ (ਓਵਮ) ਮਰਦ ਦੇ ਸ਼ੁਕਰਕੀਟ (ਸਪਰਮ) ਦੇ ਸਹੀ ਮਿਲਾਪ ਤੋਂ ਬਾਅਦ ਮਾਤ ਗਰਭ 'ਚ ਬੱਚਾ ਪੌਦੇ ਤਰ੍ਹਾਂ ਪੁੰਗਰਨ ਲਗਦਾ ਹੈ। ਪਹਿਲਾਂ ਇਕ ਸੈਲ ਫਿਰ ਬਹੁ ਸੈਲ ਬਣਦੇ ਬਣਦੇ ਬੱਚਾ ਵਿਕਸਤ ਹੁੰਦਾ ਹੈ। 280 ਦਿਨਾਂ 'ਚ ਬੱਚਾ ਮੁਕੰਮਲ ਹੋ ਕੇ ਇਸ ਧਰਤ 'ਤੇ ਜਨਮ ਲੈਂਦਾ ਹੈ। ਪਹਿਲਾਂ ਤਿੰਨ ਮਹੀਨਿਆਂ 'ਚ ਉਸਦੇ ਸਾਰੇ ਅੰਗ ਮੁਕੰਮਲ ਹੋ ਜਾਣ ਤੋਂ ਬਾਦ ਅਗਲੇ 6 ਮਹੀਨੇ ਮਨੁੱਖ ਬਣ ਕੇ ਵਿਕਾਸ ਕਰਦਾ ਹੈ। ਮਨੁੱਖੀ ਸਰੀਰ ਦਾ ਤਾਪਮਾਨ 98 ਪੁਆਇੰਟ 6 'ਤੇ ਸਹੀ ਰਹਿੰਦਾ ਹੈ। ਮਾਂ ਦੇ ਇਸ ਤਾਪਮਾਨ 'ਤੇ ਹੀ ਬੱਚੇ ਦਾ ਤਾਪਮਾਨ ਬਰਾਬਰ ਰਹਿੰਦਾ ਹੈ। ਜੇ ਇਹ ਵੱਧ ਜਾਵੇ ਤਾਂ ਮਾਂ ਅਤੇ ਬੱਚੇ ਦੋਵਾਂ ਨੂੰ ਹੀ ਬੁਖਾਰ ਦੀ ਸ਼ਿਕਾਇਤ ਹੋ ਜਾਂਦੀ ਹੈ। ਪਰ ਧਾਰਮਿਕ ਲੋਕ ਕੀ ਕਹਿੰਦੇ ਹਨ ? ਉਹ ਕਹਿੰਦੇ (ਮਾਤ ਗਰਭ ਮਹਿ ਪਿਤਪਾਲ ਕਰੇ ਸੋ ਕਿਉਂ ਮਨੋ ਵਿਸਾਰੀਐ) ਭਾਵ ਮਾਤ ਗਰਭ 'ਚ ਤਾਂ ਭਿਆਨਕ ਅੱਗ ਮੱਚਦੀ ਸੀ। ਉਥੇ ਪਰਤਮਾਤਮਾਂ ਨੇ ਹੀ ਮਨੁੱਖ ਦੀ ਰੱਖਿਆ ਕੀਤੀ, ਨਹੀਂ ਤਾਂ ਅੱਗ 'ਚ ਸੜ ਜਾਂਦਾ। ਇਸ ਤੋਂ ਅੱਗੇ ਦੂਜਾ ਝੂਠ ਕਿ 9 ਮਹੀਨੇ ਬੱਚਾ ਪੁੱਠਾ ਲਟਕਦਾ ਹੈ ਅਤੇ ਰੱਬ ਅੱਗੇ ਅਰਦਾਸਾਂ ਕਰਦਾ ਹੈ ਕਿ ਮੈਨੂੰ ਇਥੋਂ ਛੇਤੀ ਕੱਢ ਲੈ, ਮੈਂ ਬਾਹਰ ਆ ਕੇ ਤੇਰਾ ਨਾਮ ਜਪੂੰਗਾ। ਲਓ ਜੀ ਹੋ ਗਈ ਰਿਸ਼ਵਤ ਦੀ ਸ਼ੁਰੂਆਤ। ਰੱਬ ਨੇ ਨਾਮ ਜਪਣ ਦੀ ਰਿਸ਼ਵਤ ਲਈ ਅਤੇ ਕੈਦੀ ਜੇਲ੍ਹ 'ਚੋਂ ਰਿਹਾ ਕਰ ਦਿਤਾ। (ਜਦੋਂ ਕਿ ਬੱਚੇ ਦਾ ਦਿਮਾਗ ਕੋਰੀ ਸਲੇਟ ਹੁੰਦਾ ਹੈ ਅਤੇ ਜਨਮ ਤੋਂ ਬਾਅਦ ਹੀ ਹੌਲੀ ਹੌਲੀ ਉਸ 'ਚ ਮਨ ਵਿਕਸਤ ਹੋਣ ਲਗਦਾ ਹੈ। ਫਿਰ ਗਰਭ 'ਚ ਬਿਨਾ ਕਿਸੇ ਮਨ ਦੇ ਬੱਚਾ ਪਤਾ ਨਹੀਂ ਕਿਵੇਂ ਇਕਰਾਰਨਾਮਾ ਕਰ ਲੈਂਦਾ ਹੈ।)

ਨਾਮ ਜੱਪਣ ਦਾ ਵਾਅਦਾ ਕਰਕੇ ਹੀ ਰੱਬ ਉਸਨੂੰ ਬਾਹਰ ਕੱਢਦਾ ਹੈ ਪਰ ਬਾਹਰ ਤਾਂ ਉਸਨੇ 280 ਦਿਨਾਂ ਦੇ ਮਿਥੇ ਸਮੇਂ ਬਾਅਦ ਹੀ ਆਉਣਾ ਹੈ ਭਾਵੇਂ ਭਾਰਤ 'ਚ ਹੋਵੇ ਭਾਵੇਂ ਚੀਨ 'ਚ। ਪਰ ਅਰਦਾਸ ਕਰਨ ਵਾਲਾ ਬੱਚਾ ਸਿਰਫ ਭਾਰਤ 'ਚ ਹੀ ਹੈ, ਚੀਨ ਵਗੈਰਾ 'ਚ ਨਹੀਂ। ਹੁਣ 9 ਮਹੀਨੇ ਪੁੱਠਾ ਲਟਕਣ ਵਾਲੀ ਗੱਲ ਵੀ ਨਿਰਾ ਝੂਠ। ਜਨਮ ਸਮੇਂ ਕਿਉਂਕਿ ਬੱਚੇ ਦਾ ਸਿਰ ਪਹਿਲਾਂ ਬਾਹਰ ਆਉਂਦਾ ਹੈ ਇਸ ਲਈ ਉਹਨਾਂ ਲੋਕਾਂ ਨੂੰ ਲੱਗਿਆ ਹੋਊ ਕਿ ਸ਼ਾਇਦ ਬੱਚਾ 9 ਮਹੀਨੇ ਇੰਜ ਹੀ ਸਿਰ ਪਰਨੇ ਰਿਹਾ ਹੋਣੈ। ਡਾਕਟਰੀ ਵਿਗਿਆਨ ਮੁਤਾਬਿਕ ਪਹਿਲੇ ਤਿੰਨ ਮਹੀਨੇ ਤਾਂ ਬੱਚੇ ਦਾ ਸਰੀਰ ਮੁਕੰਮਲ ਹੁੰਦਾ ਹੈ। ਉਸਤੋਂ ਅਗਲੇ 6 ਮਹੀਨੇ ਬੱਚਾ ਗੋਲ ਚੱਕਰ 'ਚ ਘੁੰਮਦਾ ਹੈ ਅਤੇ ਅਖੀਰਲੇ ਵਕਤ ਉਸਦਾ ਸਿਰ ਨੀਚੇ ਆਉਂਦਾ ਹੈ। ਉਸਦਾ ਸਿਰ ਕਾਫ਼ੀ ਸਮਾਂ ਉਪਰ ਦੀ ਦਿਸ਼ਾ ਵੱਲ ਰਹਿੰਦਾ ਹੈ ਪਰ ਬੱਚੇ ਨੂੰ ਇਸ ਨਾਲ ਕੋਈ ਫਰਕ ਨਹੀਂ ਪੈਂਦਾ, ਉਹ ਹਰ ਦਿਸ਼ਾ 'ਚ ਆਰਾਮਦਾਇਕ ਹਾਲਤ 'ਚ ਹੀ ਹੁੰਦਾ ਹੈ। ਵਿਗਿਆਨੀਆਂ ਅਨੁਸਾਰ ਗਰਭ 'ਚ ਜਿਸ ਝਿੱਲੀ (ਥੈਲੀ) 'ਚ ਬੱਚਾ ਹੁੰਦਾ ਹੈ ਉਸ ਸਭ ਤੋਂ ਵੱਧ ਸੁਰਖਿਅਤ ਹੁੰਦੀ ਹੈ। ਉੱਥੇ ਬੱਚੇ ਨੂੰ ਕੋਈ ਗਰਮੀ ਸਰਦੀ ਨਹੀਂ ਲਗਦੀ। ਦੁਨੀਆਂ ਦੇ ਵਿਗਿਆਨੀ ਕੋਸ਼ਿਸ਼ ਕਰਨ 'ਤੇ ਵੀ ਆਜਿਹੀ ਝਿੱਲੀ ਅਜੇ ਤੱਕ ਨਹੀਂ ਬਣਾ ਸਕੇ। ਬਾਹਰ ਆਉਣ ਸਮੇਂ ਬੱਚੇ ਦੇ ਰੋਣ ਦਾ ਕਾਰਨ ਵੀ ਇਕ ਦਮ ਸੁਰੱਖਿਅਤ ਤੋਂ ਅਸੁੱਰਖਿਕ ਵਾਤਾਵਰਣ 'ਚ ਆਉਣਾ ਹੁੰਦਾ ਹੈ।

ਹਿੰਦੂਆਂ ਦੇ ਸਰਵੋਤਮ ਗਰੰਥ ਸ਼੍ਰੀ ਮਦ ਭਗਵਤ ਪਰਾਣ 'ਚ ਲਿਖਿਆ ਹੈ ਕਿ ਜਦੋਂ ਬੱਚਾ ਗਰਭ 'ਚ ਛੇ ਮਹੀਨਿਆਂ ਦਾ ਹੋ ਜਾਂਦਾ ਹੈ ਤਾਂ ਉਦੋਂ ਰੂਹ ਜਾਂ ਆਤਮਾ ਬਾਹਰੋਂ ਆ ਕੇ ਪ੍ਰਵੇਸ਼ ਕਰਦੀ ਹੈ। ਹੁਣ ਪੁਛਣ ਵਾਲਾ ਹੋਵੇ ਕਿ ਕੀ 6 ਮਹੀਨੇ ਬੱਚਾ ਬਿਨਾ ਰੂਹ ਦੇ (ਨਿਰਜਿੰਦ) ਹੀ ਵਧਦਾ ਰਹਿੰਦਾ ਹੈ। ਅਸਲ ਵਿਚ ਪੁਨਰ ਜਨਮ ਦਾ ਡਰਾਵਾ ਦੇਣ ਖਾਤਰ ਇਹ ਗੱਲ ਲਿਖਣੀ ਪਈ। ਇਹ ਡਰ ਵਾਰ ਵਾਰ ਕੁੱਟ ਕੁੱਟ ਕੇ ਲੋਕਾਂ ਦੇ ਮਨ 'ਚ ਭਰਿਆ ਜਾਂਦਾ ਹੈ ਤਾਂ ਕਿ ਡਰ ਦਾ ਬਿਜ਼ਨਿਸ ਵਧਦਾ ਫੁਲਦਾ ਰਹੇ ਅਤੇ ਵਿਹਲੜ ਲੋਕ ਕਿਰਤੀਆਂ ਦੀ ਮਾਇਆ ਲੈਕੇ ਮਹਿਲ ਮੁਨਾਰੇ ਉਸਾਰਦੇ ਰਹਿਣ।



# ਬੇਇਨਸਾਫੀ ਦੀਆਂ ਜੜ੍ਹਾਂ



ਸਾਨੂੰ ਇਹ ਆਮ ਹੀ ਸੁਣਨ ਨੂੰ ਮਿਲਦਾ ਹੈ ਕਿ ਅੱਜ ਕੱਲ ਲੋਕ ਸੁਆਰਥੀ ਪੈਸੇ ਦੇ ਪ੍ਰੇਮੀ, ਨੁਸ਼ੁਕਰੇ, ਵਿਸ਼ਵਾਸ਼ਘਾਤੀ, ਨਿਰਮੋਹੇ, ਕਿਸੇ ਗੱਲ ਤੇ ਰਾਜੀ ਨਾ ਹੋਣ ਵਾਲੇ, ਭਲਾਈ ਨਾਲ ਪਿਆਰ ਨਾ ਕਰਨ ਵਾਲੇ, ਧੋਖੇਬਾਜ਼, ਜ਼ਿੱਦੀ ਅਤੇ ਘਮੰਡ ਨਾਲ ਫੁੱਲੇ ਹੋਏ ਹਨ। ਇਹਨਾਂ ਔਗੁਣਾਂ ਨੂੰ ਅਸੀਂ ਕਈ ਰੂਪਾਂ ਵਿਚ ਦੇਖਦੇ ਹਾਂ ਜਿਵੇਂ ਕਿ ਲਾਲਚ, ਪੱਖਪਾਤ, ਸਮਾਜ ਵਿਰੋਧੀ ਰਵੱਈਆ, ਭ੍ਰਿਸ਼ਟਾਚਾਰ, ਅਮੀਰ ਗਰੀਬ ਵਿਚ ਜ਼ਮੀਨ ਅਸਮਾਨ ਦਾ ਫਰਕ ਆਦਿ। ਆਉ ਆਪਾਂ ਇਹਨਾਂ ਔਗੁਣਾਂ ਨੂੰ ਇਕ ਇਕ ਕਰਕੇ ਦੇਖੀਏ।

ਲਾਲਚ : ਕਿਹਾ ਜਾਂਦਾ ਹੈ ਕਿ "ਲਾਲਚ ਬੁਰੀ ਬਲਾ ਹੈ" ਪਰ ਇਸ ਕਹਾਵਤ ਤੇ ਅਸੀਂ ਕਿੰਨਾ ਕੁ ਅਮਲ ਕਰਦੇ ਹਾਂ? ਸਗੋਂ ਇਹਦੇ ਉਲਟ ਚਲਦੇ ਹਾਂ ਕਿ ਲਾਲਚ ਕਰਨਾ ਫਾਇਦੇਮੰਦ ਹੈ ਅਤੇ ਚੰਗੀ ਗੱਲ ਹੈ। ਮਿਸਾਲ ਦੇ ਤੌਰ ਤੇ ਪੈਸੇ ਦੇ ਲਾਲਚ ਕਰਕੇ ਲੋਕ ਇਕ ਦੂਜੇ ਨਾਲ ਧੋਖਾ ਧੜੀ ਕਰਦੇ ਹਨ। ਇਹ ਵਰਤਾਰਾ ਰਿਸ਼ਤੇਦਾਰੀਆਂ ਦੀ ਆੜ ਵਿਚ ਵੀ ਹੁੰਦਾ ਹੈ ਅਤੇ ਦੋਸਤੀਆਂ ਹੇਠ ਵੀ। ਅਮੀਰ ਹੋਣ ਦੀਆਂ ਸਕੀਮਾਂ ਦੇ ਝਾਂਸਿਆਂ ਵਿਚ ਫਸ ਜਾਂਦੇ ਹਾਂ ਅਤੇ ਬਿਨਾ ਸੋਚੇ ਸਮਝੇ ਉਧਾਰ ਲੈ ਲੈਂਦੇ ਹਾਂ। ਅੱਜ ਕੱਲ੍ਹ ਦੇ ਮਦਵਾੜੇ ਦੇ ਹਾਲਾਤ ਨੇ ਸਾਨੂੰ ਹੋਰ ਵੀ ਦੁੱਖੀ ਕਰ ਮਾਰਿਆ ਹੈ। ਦਰਅਮਲ ਜਿਨ੍ਹਾਂ ਲੋਕਾਂ ਨੂੰ ਨੁਕਸਾਨ ਹੋਇਆ, ਉਨ੍ਹਾਂ ਵਿਚੋਂ ਕੁੱਝ ਆਪ ਲਾਲਚੀ ਹਨ। ਪਰ ਇਹਨਾਂ ਵਿਚ ਉਹ ਲੋਕ ਵੀ ਸ਼ਾਮਲ ਹਨ ਜੋ ਮਿਹਨਤੀ ਹਨ ਅਤੇ ਜੇਹਨਾਂ ਨੇ ਆਪਣੇ ਘਰ ਅਤੇ ਪੈਨਸ਼ਨਾਂ ਗੁਆ ਲਈਆਂ ਹਨ। ਜੂਆ ਖੇਡਣ ਵਾਲਾ ਕਦੇ ਖੁਸ਼ਹਾਲ ਨਹੀਂ ਹੋਇਆ। ਜੂਏ ਨੇ ਲੋਕਾਂ ਨੂੰ ਹਰ ਵੇਲੇ ਅਤੇ ਹਰ ਤਰ੍ਹਾਂ ਬਰਬਾਦ ਕੀਤਾ ਹੈ ਪਰ ਬਰਤਾਨਵੀ ਸਰਕਾਰ ਨੇ ਜੂਆ ਘਰ ਘਰ ਵਾੜ ਦਿੱਤਾ ਹੈ। ਹਰ ਹਫ਼ਤੇ ਦੋ ਦੋ ਲਾਟਰੀਆਂ ਨਿਕਲਦੀਆਂ ਹਨ। ਗਰੀਬ ਇਨਸਾਨ ਇਹਨਾਂ ਤੋਂ ਅਮੀਰ ਬਣਨ ਦੇ ਲਾਲਚ ਕਰਕੇ ਪੈਸੇ ਜ਼ਿਆਦਾ ਰੋੜ੍ਹਦਾ ਹੈ। ਇਹ ਜੂਆ ਹੈ ਅਤੇ ਇਕ ਵਿਉਪਾਰ ਹੈ, ਫਿਰ ਇਸ ਵਿਉਪਾਰ ਵਿਚ ਸਰਕਾਰ ਕਿਉਂ ਘਾਟਾ ਖਾਵੇਗੀ। ਸਾਡਾ ਆਪਣਾ ਕੋਈ ਵਿਉਪਾਰ ਹੈ, ਅਸੀਂ ਲਾਲਚ ਵਸ, ਵਿਉਪਾਰ ਵਿਚ ਕੰਮ ਕਰਨ ਵਾਲਿਆਂ ਨੂੰ ਉਹਨਾਂ ਦੇ ਬਣਦੇ ਵਾਜਿਬ ਪੈਸੇ ਨਹੀਂ ਦੇਵਾਂਗੇ। ਪਰ ਅਸੀਂ ਇਹ ਆਪ ਮਨਜ਼ੂਰ ਨਹੀਂ ਕਰਾਂਗੇ ਕਿ ਸਾਡੇ ਨਾਲ ਕੋਈ ਬੇਇਨਸਾਫੀ ਕਰੇ। ਇਸ ਪਾਪਾਂ ਨਾਲ ਕਮਾਏ ਪੈਸੇ ਦੇ ਅਖੰਡਪਾਠ, ਜਗਰਾਤੇ ਕਰਾਉਣ ਨਾਲ ਪਾਰ ਉਤਾਰਾ ਨਹੀਂ ਹੋਣਾ। ਬੇਇਨਸਾਫੀ ਨਾਲ ਕਮਾਇਆ ਪੈਸਾ, ਵੱਡੀਆਂ ਵੱਡੀਆਂ ਕਾਰਾਂ ਅਤੇ ਘਰਾਂ ਦਾ ਦਿਖਾਵਾ ਕਦੇ ਮਨ ਨੂੰ ਸ਼ਾਤੀ ਨਹੀਂ ਦੇ ਸਕਦਾ। ਇਹ ਹਫੜਾਦਫੜੀ ਅਤੇ ਲਾਲਚ ਸਾਡੀਆਂ ਸੇਹਤਾਂ ਤੇ ਵੀ ਅਸਰ ਕਰਨ ਲਗ ਪੈਂਦਾ ਹੈ ਅਤੇ ਫਿਰ ਡਾਕਟਰਾਂ ਦੇ ਪੱਕੇ ਮਰੀਜ਼ ਬਣਨ ਤੋਂ ਬਾਦ ਇਥੋਂ ਸਦਾ ਲਈ ਜਾਣ ਦਾ ਪੱਕਾ ਸੱਦਾ ਜਲਦੀ ਹੀ ਆ ਜਾਂਦਾ ਹੈ। ਇਹ ਲਾਲਚ, ਪਿਆਰ ਦੀਆਂ ਤੰਦਾਂ ਦਾ ਖਿਲਵਾੜ ਕਰਕੇ ਨਜ਼ਦੀਕੀ ਰਿਸ਼ਤਿਆਂ ਦਾ ਕਤਲ ਕਰ ਦਿੰਦਾ ਹੈ ਅਤੇ ਸਾਨੂੰ ਇਕੱਲਤਾ ਦੀ ਜਿੰਦਗੀ ਜੀਉਣ ਲਈ ਮਜ਼ਬੂਰ ਕਰ ਦਿੰਦਾ ਹੈ। ਇਸ ਇਕੱਲਤਾ ਨਾਲ ਉਦਾਸੀ ਅਤੇ ਘੋਰ ਉਦਾਸੀ ਵਰਗੀਆਂ ਅਲਾਮਤਾਂ ਲੁਆ ਬੈਠਦੇ ਹਾਂ।



ਡਾ. ਹਰੀਸ਼ ਮਲਹੋਤਰਾ ਬ੍ਰਮਿੰਘਮ
ਮੋਬਾ : 00447763013424

ਪੱਖਪਾਤ : ਪੱਖਪਾਤ ਕਰਨ ਵਾਲੇ ਲੋਕ ਦੂਜਿਆਂ ਦੀ ਜਾਤ, ਰੰਗ-ਰੂਪ, ਹੈਸੀਅਤ, ਧਰਮ ਜਾਂ ਕੁੜੀ ਮੁੰਡੇ ਦੇ ਆਧਾਰ ਤੇ ਉਹਨਾਂ ਨਾਲ ਫਰਕ ਕਰਦੇ ਹਨ। ਇਹ ਪੱਖਪਾਤ ਏਸ਼ੀਆਈ ਭਾਈਚਾਰੇ ਵਿਚ ਹੋਰ ਵੀ ਕਈ ਰੂਪ ਦਿਖਾਲਦਾ ਹੈ ਜਿਵੇਂ, ਅਪਾਹਜ਼ਤਾ, ਬੋਲੀ, ਇਲਾਕਾ, ਪਾਸਾ, ਸ਼ਹਿਰ, ਕੱਦ ਕਾਠ, ਇਕੋ ਜਾਤ ਵਿਚ ਗੋਤਾਂ ਦਾ ਵੱਡਾਪਣ ਅਤੇ ਛੋਟਾਪਣ ਆਦਿ। ਇਸ ਪੱਖਪਾਤ ਕਰਕੇ ਰੋਟੀ ਪਾਣੀ ਤੋਂ ਵਿਰਵਿਆਂ ਕਰਨ ਤੋਂ ਲੈ ਕੇ ਪੜ੍ਹਾਈ ਨਾ ਕਰਨ ਦੇਣੀ, ਚੰਗੀਆਂ ਨੌਕਰੀਆਂ ਨਾ ਦੇਣੀਆਂ, ਨੌਕਰੀਆਂ ਵਿਚ ਤਰੱਕੀ ਨਾ ਦੇਣੀ, ਕੁੱਦਣਾ ਮਾਰਨਾ ਅਤੇ ਨਸਲ ਕੁਸ਼ੀ ਤੱਕ ਮਿਸਾਲਾਂ ਹਨ। ਔਰਤਾਂ ਅਤੇ ਬੱਚਿਆਂ ਦਾ ਸ਼ੋਸ਼ਣ ਵੀ ਇਸੇ ਲੜੀ ਵਿਚ ਆਉਂਦਾ ਹੈ।

ਸੰਯੁਕਤ ਰਾਸ਼ਟਰ ਸੰਘ ਦੀ ਕਮੇਟੀ ਨੇ ਦੇਖਿਆ ਕਿ ਦੱਖਣੀ ਅਮਰੀਕਾ ਦੇ ਇਕ ਦੇਸ਼ ਵਿਚ ਇਕ ਗਰਭਵਤੀ ਔਰਤ ਹਸਪਤਾਲ ਵਿਚ ਮਰ ਗਈ। ਇਸ ਤੋਂ ਪਹਿਲਾਂ ਉਹ ਜਿਹੜੇ ਹਸਪਤਾਲ ਗਈ ਸੀ, ਉਥੇ ਉਸ ਨਾਲ ਪੱਖਪਾਤ ਕੀਤਾ ਗਿਆ ਸੀ। ਕਿਉਂਕਿ ਉਹ ਗਰੀਬ ਅਤੇ ਨੀਵੀਂ ਜਾਤ ਦੀ ਸੀ। ਭਾਰਤ ਵਿਚ ਐਹੋ ਜੇਹੀਆਂ ਸੈਂਕੜੇ ਉਦਾਹਰਣਾਂ ਹਨ ਜਿਥੇ ਨੀਵੀਂ ਜਾਤ ਅਤੇ ਗਰੀਬੀ ਕਰਕੇ ਲੋਕਾਂ ਨਾਲ ਹਰ ਥਾਂ ਖਿਲਾਵਾੜ ਕੀਤਾ ਜਾਂਦਾ ਹੈ। ਗਰੀਬਾਂ ਅਤੇ ਅਖੌਤੀ ਨੀਵੀਂ ਜਾਤ ਦੀਆਂ ਔਰਤਾਂ ਨਾਲ ਬਲਾਤਕਾਰ ਕੀਤੇ ਜਾਂਦੇ ਹਨ ਅਤੇ ਉਹਨਾਂ ਦੀਆਂ ਬਸਤੀਆਂ ਤਬਾਹ ਕਰ ਦਿੱਤੀਆਂ ਜਾਂਦੀਆਂ ਹਨ। ਉਹਨਾਂ ਨੂੰ ਹਰ ਥਾਂ ਦੁਰਕਾਰਿਆ ਜਾਂਦਾ ਹੈ। ਪੁਲਿਸ ਅਤੇ ਕੋਰਟ ਕਚਿਹਰੀਆਂ ਉਹਨਾਂ ਨੂੰ ਕੋਈ ਇਨਸਾਫ ਨਹੀਂ ਦਿੰਦੀਆਂ। ਪੱਖਪਾਤ ਕਰਕੇ ਦੁਨੀਆਂ ਵਿਚ ਲੋਕਾਂ ਨੇ ਹੱਦੋਂ ਵੱਧ ਨਸਲੀ ਕਤਲਾਮ ਕੀਤਾ ਹੈ। ਨਸਲ ਕੁਸ਼ੀ ਦੀਆਂ ਉਦਾਹਰਣਾਂ ਹਿਟਲਰ ਦੇ ਸਮੇਂ ਯਹੂਦੀਆਂ ਦੀਆਂ ਵੀ ਹਨ ਅਤੇ ਕਰੋਸ਼ੀਆ ਵਿਚਲੇ ਲੋਕਾਂ ਦੀਆਂ ਵੀ ਹਨ। ਭਾਰਤ ਵਿਚ ਹਿੰਦੂ, ਮੁਸਲਮਾਨਾਂ ਅਤੇ ਸਿੱਖਾਂ ਦੇ ਦੰਗੇ ਕਿਸੇ ਕੋਲੋਂ ਲੁਕੀ ਹੋਈ ਗੱਲ ਨਹੀਂ ਹੈ। ਚਾਹੇ ਘਟਨਾ ਦਿਲੀ ਦੰਗਿਆਂ ਦੀ ਹੈ ਜਾਂ ਪੰਜਾਬ ਦੇ ਕਾਲੇ ਦਿਨਾਂ ਦੀ ਅਤੇ ਚਾਹੇ ਗੁਜਰਾਤ ਵਿਚਲੇ ਮੁਸਲਮਾਨਾਂ ਤੇ ਹੋਏ ਜੁਲਮ ਦੀ ਕਹਾਣੀ ਹੈ ਜਾਂ ਬਾਬਰੀ ਮਸਜਿਦ ਨਾਲ ਹੋਏ ਲੜਾਈ ਝਗੜਿਆਂ ਦੀ। ਗਰੀਬੀ ਇਕ ਸਰਾਪ ਹੈ ਅਤੇ ਇਸ ਕਰਕੇ ਪੰਜਾਬੀ ਦੀ ਕਹਾਵਤ ਹੈ : ਜ਼ੋਰਾਵਰ ਦਾ ਸੱਤੀਂ ਵੀਹੀਂ ਸੌ। ਜਾਂ 'ਗਰੀਬ ਦੀ ਵਹੁਟੀ ਸਭ ਦੀ ਭਾਬੀ'। ਇਹਨਾਂ ਕਹਾਵਤਾਂ ਵਿਚ ਪੱਖਪਾਤ ਦੇ ਬੀਜ ਭਰੇ ਪਏ ਹਨ। ਜਿਨ੍ਹਾਂ ਪੱਖਪਾਤ, ਭਾਰਤੀ ਸਮਾਜ ਵਿਚ ਹੈ, ਸ਼ਾਹਿਦ ਹੀ ਦੁਨੀਆਂ ਦੇ ਕਿਸੇ ਹੋਰ ਸਮਾਜ ਵਿਚ ਹੋਵੇ। ਕਾਲੇ ਗੋਰੇ ਰੰਗ, ਵੱਡਾ ਲੰਬਾ ਉਚਾ ਕੱਦ ਅਤੇ ਮੱਧਰਾ ਕੱਦ, ਮੋਟੇ ਪਤਲੇ ਕਰਕੇ ਵਿਤਕਰਾ। ਬਹੁਤੇ ਵਿਆਹ ਇਸੇ ਕਰਕੇ ਨਹੀਂ ਹੁੰਦਾ ਕਿ ਕੁੜੀ ਜਾਂ ਮੁੰਡੇ ਦਾ ਰੰਗ ਸਾਂਵਲਾ ਹੈ ਜਾਂ ਉਹ ਮੋਟਾ ਜਾਂ ਮੋਟੀ ਹੈ। ਪੰਜਾਬੀਆਂ ਦੇ ਸੰਗੀਤ ਵਿਚ ਜਾਤਾਂ ਪਾਤਾਂ ਦੀ ਭਰਮਾਰ ਹੈ। ਪੰਜਾਬੀ ਦਾ ਸਾਹਿਤ ਲਿਖਣ ਵਾਲੇ ਕਈ ਲੇਖਕ ਜਾਤ ਪਾਤ ਦੇ ਕੋਹੜ ਨੂੰ ਪੱਕਿਆਂ ਕਰਦੇ ਹਨ ਅਤੇ ਧਾਰਮਿਕ ਉਚਤਾ ਦਾ ਦਿਨ ਰਾਤ ਪ੍ਰਚਾਰ ਕਰਦੇ ਹਨ। ਧਰਮਾਂ ਦੇ ਸਦਗੁਣਾਂ ਨੂੰ ਤਿਆਗ ਕੇ ਨਫਰਤ ਦੀ ਅੱਗ ਦੀ ਵਾਛੜ ਕੀਤੀ ਜਾਂਦੀ ਹੈ। ਘਰ ਵਿਚ ਮੁੰਡੇ ਕੁੜੀ ਕਰਕੇ ਵਿਤਕਰਾ, ਵੱਡੀ ਅਤੇ ਛੋਟੀ ਉਮਰ ਕਰਕੇ ਵਿਤਕਰਾ, ਚਮੜੀ ਦੇ ਰੰਗ ਕਰਕੇ ਵਿਤਕਰਾ, ਵਿਧਵਾ ਅਤੇ ਵਿਆਹੀ ਹੋਣ ਕਰਕੇ ਵਿਤਕਰਾ। ਇਹ ਹਾਲ ਘਰੋਂ ਬਾਹਰ ਨਿਕਲ ਕੇ, ਹੋਰ ਵੀ ਭਿਆਨਕ

ਰੂਪ ਲੈ ਲੈਂਦਾ ਹੈ। ਧਰਮਾਂ, ਗੋਤਾਂ ਜਾਤਾਂ, ਕੰਮਾਂ ਕਾਰਾਂ, ਬਰਾਦਰੀਆਂ ਆਦਿ ਕਰਕੇ ਵਿਤਕਰਾ, ਮੁਹੱਲਿਆਂ, ਪ੍ਰਾਂਤਾਂ ਅਤੇ ਇਲਾਕਿਆਂ ਕਰਕੇ ਵਿਤਕਰਾ। ਜਦ ਮੈਂ ਭਾਰਤੀ ਸਮਾਜ ਦੀ ਨਿਰਪੱਖਤਾ ਨਾਲ ਚੀਰਫਾੜ ਕਰਦਾ ਹਾਂ ਤਾਂ ਹੈਰਾਨਗੀ ਹੁੰਦੀ ਹੇ ਕਿ ਇਹ ਕਿਸੇ ਪਾਸੇ ਵੀ ਬਰਾਬਰਤਾ ਅਤੇ ਮਿਲਣਵਰਣ ਵਾਲਾ ਸਮਾਜ ਨਹੀਂ ਹੈ। ਹਰ ਕਿਸੇ ਨੂੰ ਇਕ ਦੂਜੇਤੇ ਰੰਜਸ਼ ਹੈ, ਗੁੱਸਾ ਹੈ, ਗਿਲਾ ਹੈ। ਐਹੋ ਜਿਹੇ ਸਮਾਜ ਕਿਸ ਤਰ੍ਹਾਂ ਇਕ ਦੂਜੇ ਨਾ ਘੁਲ ਮਿਲ ਸਕਦਾ ਹੈ ਅਤੇ ਏਕਤਾ ਜਾਂ ਜੇਹਨੂੰ ਅੰਗਰੇਜ਼ੀ ਵਿਚ ਕੋਹੀਜ਼ਨ (Conesion) ਕਹਿੰਦੇ ਹਨ, ਹੋ ਸਕਦਾ ਹੈ। ਇਸ ਸਮਾਜ ਵਿਚ ਪੱਖਪਾਤ ਹੈ। ਇਸ ਸਮਾਜ ਵਿਚ ਅਸਮਾਨਤਾ ਹੈ। ਇਸ ਸਮਾਜ ਵਿਚ ਬੇਇਨਸਾਫੀਆਂ ਹਨ। ਇਸ ਸਮਾਜ ਵਿਚ ਇਕ ਦੂਜੇ ਪ੍ਰਤੀ ਰੋਹ ਹੈ। ਗੁੱਸਾ ਹੈ। ਚਿੜਚਾਪਣ ਹੈ।

ਸ਼ਾਇਦ ਇਹ ਹੀ ਕਾਰਨ ਹੋਵੇ ਕਿ ਇਹਨਾਂ ਸਾਰੀਆਂ ਅਲਾਮਤਾਂ ਦਾ ਇਲਾਜ ਲੱਭਣ ਲਈ ਲੋਕ ਥਾਂ ਥਾਂ ਮੱਥੇ ਟੇਕਦੇ ਫਿਰਦੇ ਹਨ, ਟੇਵੇ ਲੁਆਉਂਦੇ ਸਾਹ ਨਹੀਂ ਲੈਂਦੇ ਅਤੇ ਬਾਬਿਆਂ ਸਾਧਾਂ ਦੇ ਚੁੰਗਲ 'ਚ ਫਸੇ ਪਏ ਹਨ। ਇਸ ਮਨ ਦੀ ਅਸ਼ਾਂਤੀ ਅਤੇ ਹੋ ਰਹੀਆਂ ਬੇਇਨਸਾਫੀਆਂ ਦੀ ਸਾਨੂੰ ਨਿਰਪੱਖਤਾ ਅਤੇ ਦਲੀਲ ਨਾਲ ਨਿਸ਼ਾਨਦੇਹੀ ਕਰਕੇ ਇਹਨਾਂ ਦਾ ਉਪਰੇਸ਼ਨ ਕਰਨ ਦੀ ਲੋੜ ਹੈ। ਸਾਰਿਆਂ ਨੂੰ ਰੋਟੀ, ਕੱਪੜਾ, ਮਕਾਨ ਮਿਲਣ ਨਾਲ ਵੀ ਇਹਨਾਂ ਅਲਾਮਤਾਂ ਦਾ ਫਸਤਾ ਨਹੀਂ ਵੱਢਿਆ ਜਾ ਸਕਦਾ। ਸਾਨੂੰ ਉਸ ਵਿਦਿਆ ਦੀ ਲੋੜ ਹੈ ਜਿਹੜੀ ਨਿਰਪੱਖਤਾ, ਸਾਂਝੀਵਾਲਤਾ ਅਤੇ ਵਿਤਕਰੇ ਤੋਂ ਸਾਨੂੰ ਜੰਮਦਿਆਂ ਤੋਂ ਲੈ ਕੇ ਮਰਨ ਤੱਕ ਸੁਰਖ਼ਰੂ ਕਰ ਸਕੇ। ਇਹਨਾਂ ਅਲਾਮਤਾਂ ਨਾਲ ਇਨਸਾਨਾਂ ਵਿਚ ਪਾੜਾ ਪੈਂਦਾ ਹੈ। ਨਫ਼ਰਤਾ ਪੈਦਾ ਹੁੰਦੀਆਂ ਹਨ ਅਤੇ ਉਹ ਪਨਪ ਕੇ ਘਣੇ ਦਰਖਤ ਬਣਦੀਆਂ ਹਨ। ਅਗਰ ਇਹਨਾਂ ਦੇ ਬੀਜ ਹੀ ਨਸ਼ਟ ਕਰ ਦਿੱਤੇ ਜਾਣ ਤਾਂ ਇਹ ਉੱਗਰ ਨਹੀਂ ਸਕਦੀਆਂ। ਇਹਨਾਂ ਬੇਇਨਸਾਫੀਆਂ ਅਤੇ ਪੱਖਪਾਤ ਕਰਕੇ ਲੋਕਾਂ ਵਿਚ ਗਰੀਬੀ ਹੈ। ਉਹਨਾਂ ਨੂੰ ਵਿਦਿਆ, ਸੇਹਤ ਅਤੇ ਨੌਕਰੀਆਂ ਵਿਚ ਇਹਨਾਂ ਅਲਾਮਤਾਂ ਦੇ ਬੁਖਾਰ ਵਿਚੋਂ ਪਾਰ ਹੋਣਾ ਪੈਂਦਾ ਹੈ ਅਤੇ ਇਹ ਗਰੀਬੀ ਸਾਡੇ ਸਵੈਮਾਣ ਖਤਮ ਕਰ ਦਿੰਦੀ ਹੈ। ਸਾਡੀ ਸਰੀਰਕ ਅਤੇ ਮਾਨਸਿਕ ਸੇਹਤ ਨੂੰ ਤਹਿਸ ਨਹਿਰ ਕਰ ਦਿੰਦੀ ਹ। ਇਹ ਗਰੀਬੀ ਸਾਡੀ ਹੋਂਦ ਲਈ ਖਤਰਾ ਪੈਦਾ ਕਰਦੀ ਹੈ। ਇਹਦੇ ਕਰਕੇ ਘਰ ਬਾਰ ਲੜਾਈ ਝਗੜੇ, ਚੋਰੀਆਂ, ਡਕੈਤੀਆਂ ਅਤੇ ਕਈ ਹੋਰ ਸਮਾਜ ਵਿਰੋਧੀ ਅਨਸਰ ਪੈਦਾ ਹੁੰਦੇ ਹਨ। ਡਾ. ਵਿਲਕਿਨਸਨ ਅਤੇ ਡਾ. ਪਿਕਟ ਦੀ 25 ਸਾਲਾਂ ਦੀ ਲੰਬੀ ਚੌੜੀ ਖੋਜ ਵੀ ਇਸੇ ਸਿੱਟੇ ਤੇ ਪੁੱਜਦੀ ਹੈ ਕਿ ਗਰੀਬੀ ਸਮਾਜਿਕ ਬੁਰਾਈਆਂ ਦੀ ਜੜ੍ਹ ਹੈ।

**ਸਮਾਜ ਵਿਰੋਧੀ ਰਵੱਈਆ** : 'ਹੈਂਡਬੁੱਕ ਔਫ ਐਂਟੀਸੋਸ਼ਲ ਬੀਹੇਵੀਅਰ' ਨਾਂ ਦੀ ਕਿਤਾਬ ਵਿਚ ਲਿਖਿਆ ਹੈ : "ਸਮਾਜ ਵਿਰੋਧੀ ਰਵੱਈਏ ਕਰਕੇ ਹਰ ਸਾਲ ਹਜ਼ਾਰਾਂ ਹੀ ਪਰਿਵਾਰ ਟੁੱਟ ਜਾਂਦੇ ਹਨ, ਲੱਖਾਂ ਲੋਕਾਂ ਦੀ ਜ਼ਿੰਦਗੀ ਬਰਬਾਦ ਹੋ ਜਾਂਦੀ ਹੈ ਅਤੇ ਅਰਬਾਂ ਖਰਬਾਂ ਦੀ ਜਾਇਦਾਦ ਦਾ ਨੁਕਸਾਨ ਹੋ ਜਾਂਦਾ ਹੈ। ਅੱਜ ਹਿੰਸਾ ਅਤੇ ਗੁੱਸਾ ਸਾਡੇ ਸਮਾਜ ਵਿਚ ਹਰ ਪਾਸੇ ਦੇਖਣ ਨੂੰ ਮਿਲਦਾ ਹੈ। ਜਿਸ ਕਰਕੇ ਇਹ ਅੰਦਾਜ਼ਾ ਲਾਉਣਾ ਔਖਾ ਨਹੀਂ ਹੋਵੇਗਾ ਕਿ ਭਵਿੱਖ ਵਿਚ ਇਤਿਹਾਸਕਾਰ ਵੀਹਵੀਂ ਸਦੀ ਦੇ ਅਖੀਰਲੇ ਸਮੇਂ ਨੂੰ "ਤਕਨਾਲੋਜੀ ਦਾ ਯੁੱਗ" ਜਾਂ "ਜਾਣਕਾਰੀ ਦਾ ਯੁੱਗ" ਨਹੀਂ, "ਸਮਾਜ-ਵਿਰੋਧੀ ਯੁੱਗ" ਭਾਵੇਂ ਇਹ ਕਿਤਾਬ 1997 ਵਿਚ ਛਾਪੀ ਗਈ ਸੀ ਪਰ ਫਿਰ ਵੀ ਲੋਕਾਂ ਦੇ ਰਵੱਈਏ ਵਿਚ ਕੋਈ ਸੁਧਾਰ ਨਹੀਂ ਆਇਆ। ਇਹਦੇ ਵਿਚ ਇਹ ਦੇਖਣ ਵਾਲੀ ਗੱਲ ਹੈ ਕਿ ਕਾਬਜ਼ ਸਰਕਾਰਾਂ ਕਿੰਨੀਆਂ ਕੁ ਲੋਕ ਹਿਤੈਸ਼ੀ ਹਨ। ਅਗਰ ਸਰਕਾਰਾਂ ਸਿਰਫ ਅਮੀਰ ਤਬਕੇ ਦੇ ਹਿੱਤਾਂ ਦੀ ਗੱਲ ਕਰਦੀਆਂ ਹਨ ਤਾਂ ਗਰੀਬ ਤਬਕਾ ਨਾਖੁਸ਼ ਹੋਵੇਗਾ ਹੀ। ਗੱਲ ਫਿਰ ਲਾਲਚ ਅਤੇ ਖੁਦਗਰਜ਼ੀ ਤੇ ਆ ਟਿਕਦੀ ਹੈ। ਆਈ ਐਮ ਔਲਰਾਈਟ ਜੈਕ (I am alright Jack) ਵਾਲੀ ਪਾਲਿਸੀ ਸਮਾਜ ਵਿਰੋਧੀ ਰਵੱਈਆ ਪੈਦਾ ਕਰਦੀ ਹੈ।

**ਭ੍ਰਿਸ਼ਟਾਚਾਰ** : ਦੱਖਣੀ ਅਫਰੀਕਾ ਵਿਚ ਹੋ ਰਹੇ ਭ੍ਰਿਸ਼ਟਾਚਾਰ ਬਾਰੇ ਇਕ ਰਿਪੋਰਟ ਵਿਚ ਲਿਖਿਆ ਗਿਆ ਕਿ ਸੱਤਾਂ ਸਾਲਾਂ ਦੌਰਾਨ 25-2 ਅਰਬ ਰੈਂਡ (ਉਸ ਸਮੇਂ 2 ਖਰਬ 14 ਅਬਰ 45 ਕਰੋੜ 60 ਲੱਖ 24 ਹਜ਼ਾਰ 6 ਸੌ 68 ਰੁਪਏ) ਸਿਹਤ ਵਿਭਾਗ ਨੂੰ ਦਿੱਤੇ ਗਏ। ਪਰ 81% ਤੋਂ ਜ਼ਿਆਦਾ ਰਕਮ ਦਾ ਗਲਤ ਇਸਤੇ ਮਾਲ ਕੀਤਾ ਗਿਆ। "ਦਾ ਪਬਲਿਕ ਮੈਨੇਜ਼ਰ" ਨਾਂ ਦੇ ਰਸਾਲੇ ਨੇ ਦੱਸਿਆ ਕਿ ਜਿਹੜੇ ਪੈਸੇ "ਉਸ ਜਗ੍ਹਾਂ ਦੇ ਹਸਪਤਾਲਾਂ, ਕਲੀਨਕਾਂ ਅਤੇ ਸਿਹਤ ਸੈਂਟਰਾਂ ਦੀ ਸਾਂਭ ਸੰਭਾਲ ਤੇ ਲਾਏ ਜਾਣੇ ਚਾਹੀਦੇ ਸੀ।" ਉਹ ਨਹੀਂ ਲਾਏ ਗਏ। ਐਹੋ ਜੇਹੇ ਘਪਲਿਆਂ ਦੀ ਭਾਰਤੀ ਸਮਾਜ ਵਿਚ ਇਕ ਲੰਬੀ ਡਾਰ ਹੈ। ਬਰਤਾਨੀਆਂ ਵਿਚ ਵੀ ਵੱਡੀਆਂ ਵੱਡੀਆਂ ਕੰਪਨੀਆਂ ਟੈਕਸ ਦੀ ਚੋਰੀ ਕਰੀਦੀਆਂ ਹਨ ਪਰ ਸਰਕਾਰ ਉਹਨਾਂ ਨੂੰ ਨੱਥ ਨਹੀਂ ਪਾਉਂਦੀ ਪਰ ਆਮ ਸਾਧਾਰਨ ਇਨਸਾਨ/ਵਿਉਪਾਰੀ ਅਗਰ ਘੱਟ ਟੈਕਸ ਦੇਵੇ ਤਾਂ ਉਹਦੇ ਤੇ ਕਾਰਵਾਈ ਕੀਤੀ ਜਾਂਦੀ ਹੈ। ਬੈਂਕਾਂ ਨੂੰ ਬੇਲ ਆਉਣ ਕਰਨਾ ਅਤੇ ਇਹਨਾਂ ਬੈਂਕਾਂ ਦੇ ਵੱਡੇ ਅਹੁਦੇਦਾਰਾਂ ਨੂੰ ਵੱਡੀਆਂ ਤਨਖਾਹਾਂ ਅਤੇ ਬੋਨਸ ਦੇਣੇ ਭ੍ਰਿਸ਼ਟਾਚਾਰ ਨਹੀਂ ਹੈ ਤਾਂ ਹੋਰ ਕੀ ਹੈ। ਇਹ ਦਿਨ ਦਹਾੜੇ ਡਾਕਾ ਨਹੀਂ ਤਾਂ ਹੋਰ ਕੀ ਹੈ? ਲੱਖਾਂ ਲੋਕ ਕੰਮਾਂ ਤੋਂ ਵਹਿਲੇ ਹਨ ਅਤੇ ਲੋਕਾਂ ਦੀਆਂ ਤਨਖਾਹਾਂ ਵਿਚ ਕੋਈ ਵਾਧਾ ਨਹੀਂ ਹੋ ਰਿਹਾ, ਬੈਂਕਾ ਵਿਚ ਪਏ ਪੈਸਿਆਂ ਦਾ ਵਿਆਜ ਨਾ ਮਾਤਰ ਹੀ ਹੈ ਪਰ ਪਾਰਲੀਮੈਂਟ ਦੇ ਮੈਂਬਰ ਆਪਣੀਆਂ ਤਨਖਾਹਾਂ ਤਾਬੜਤੋੜ ਵਧਾ ਰਹੇ ਹਨ। ਕੀ ਇਹ ਭ੍ਰਿਸ਼ਟਾਚਾਰ ਨਹੀਂ? ਸ਼ਾਹੀ ਪਰਿਵਾਰ ਅਤੇ ਖਜ਼ਾਨੇ ਨੂੰ ਹਰ ਸਾਲ ਹੋਰ ਪੈਸੇ ਦਿੱਤੇ ਜਾਂਦੇ ਹਨ ਅਤੇ ਉਹਨਾਂ ਬਾਰੇ ਪ੍ਰਾਪੇਗੰਡਾ ਕਰਕੇ ਲੋਕ ਰਾਏ ਨੂੰ ਉਹਨਾਂ ਦੇ ਹੱਕ ਵਿਚ ਕੀਤਾ ਜਾਂਦਾ ਹੈ। ਇਹ ਕੇਹੋ ਜੇਹੀਆਂ ਸਰਕਾਰਾਂ ਹਨ? ਸਾਧਾਰਨ ਲੋਕਾਂ ਨੂੰ ਮਿਲਦੇ ਭੱਤੇ ਬੰਦ ਕੀਤੇ ਜਾ ਰਹੇ ਹਨ। ਅਮੀਰਾਂ ਨੂੰ ਹੋਰ ਅਮੀਰ ਬਣਾਇਆ ਜਾ ਰਿਹਾ ਹੈ। ਭ੍ਰਿਸ਼ਟਾਚਾਰ ਦੀਆਂ ਕਈ ਕਿਸਮਾਂ ਹਨ ਜਿਹਨਾਂ ਬਾਰੇ ਆਮ ਲੋਕਾਂ ਨੂੰ ਜਾਣਕਾਰੀ ਹੀ ਨਹੀਂ ਦਿੱਤੀ ਜਾਂਦੀ।

ਅਮੀਰ ਗਰੀਬ ਵਿਚ ਜ਼ਮੀਨ ਅਸਮਾਨ ਦਾ ਫਰਕ : ਟਾਇਮ ਨਾਂ ਦੇ ਰਸਾਲੇ ਦੀ ਇਕ ਰਿਪੋਰਟ ਮੁਤਾਬਕ "2005 ਵਿਚ ਬਰਤਾਨੀਆਂ ਦੀ ਕੁੱਲ ਸਾਲਾਨਾਂ ਆਮਦਨ ਦਾ ਲਗਭਗ 30% ਹਿੱਸਾ, ਸਿਰਫ 5% ਲੋਕਾਂ ਦੇ ਹੱਥਾਂ ਵਿਚ ਗਿਆ" ਦੂਜੇ ਪਾਸੇ "ਅਮਰੀਕਾ ਦੀ ਆਮਦਨ ਦਾ 33% ਤੋਂ ਜ਼ਿਆਦਾ ਹਿੱਸਾ 5% ਲੋਕਾਂ ਦੇ ਹੱਥਾਂ ਵਿਚ ਗਿਆ। ਦੁਨੀਆਂ ਭਰ ਵਿਚ ਲਗਭਗ 1.4 ਅਰਬ ਲੋਕ 67.12 ਰੁਪਏ ਜਾਂ ਇਸ ਤੋਂ ਵੀ ਘੱਟ ਪੈਸਿਆਂ ਨਾਲ ਇਕ ਦਿਨ ਦਾ ਗੁਜ਼ਾਰਾ ਤੋਰਦੇ ਹਨ ਅਤੇ ਭੁੱਖ ਦੇ ਮਾਰੇ ਹਰ ਰੋਜ 25000 ਬੱਚੇ ਮਰਦੇ ਹਲ। ਭਾਰਤੀ ਸਮਾਜ ਦੇ ਅੰਕੜੇ ਤਾਂ ਹੋਰ ਵੀ ਘਨਾਉਣੇ ਹੋਣਗੇ। ਜਿਥੇ ਇਹ ਕਿਹਾ ਜਾਂਦਾ ਹੈ ਕਿ 28 ਰੁਪਏ ਦਿਹਾੜੀ ਇਕ ਮਜ਼ਦੂਰ ਲਈ ਵਾਜ਼ਿਬ ਹੈ ਅਤੇ ਉਹ ਇਹਨਾਂ ਪੈਸਿਆਂ ਨਾਲ ਰੋਟੀ ਖਾ ਸਕਦਾ ਹੈ। 1987 ਵਿਚ ਉਸ ਸਮੇਂ ਦੇ ਆਸਟ੍ਰੇਲੀਆ ਦੇ ਪ੍ਰਧਾਨ ਮੰਤਰੀ ਨੇ ਇਹ ਟੀਚਾ ਰੱਖਿਆ ਸੀ ਕਿ 1990 ਤੋਂ ਆਸਟ੍ਰੇਲੀਆ ਦਾ ਕੋਈ ਵੀ ਬੱਚਾ ਗਰੀਬੀ ਵਿਚ ਨਹੀਂ ਰਹੇਗਾ। ਪਰ ਇਹ ਟੀਚਾ ਪੂਰਾ ਨਹੀਂ ਹੋਇਆ। ਸੱਚਾਈ ਤਾਂ ਇਹ ਹੈ ਕਿ ਬਾਅਦ ਵਿਚ ਪ੍ਰਧਾਨ ਮੰਤਰੀ ਟੀਚਾ ਰੱਖਣ ਕਾਰਨ ਪਛਤਾਇਆ। ਐਹੋ ਜਿਹੀ ਫੜ ਬਰਤਾਨਵੀ ਪ੍ਰਧਾਨ ਮੰਤਰੀ ਟੋਨੀ ਬਲੇਅਰ ਨੇ ਵੀ ਮਾਰੀ ਸੀ ਪਰ ਇਥੇ ਵੀ ਪਰਨਾਲਾ ਉਥੇ ਦਾ ਉਥੇ ਹੀ ਰਿਹਾ।

ਸੋਸ਼ਲਿਸਟ ਮੁਲਕਾਂ ਵਿਚ ਵੀ ਬਰਾਬਰਤਾ ਦੀ, ਅਮੀਰੀ ਗਰੀਬੀ ਦੇ ਪਾੜੇ ਦੀ, ਬੇਇਨਸਾਫੀ ਨੂੰ ਖਤਮ ਕਰਨ, ਪੱਖਪਾਤ, ਲਾਲਚ ਅਤੇ ਭ੍ਰਿਸ਼ਟਾਚਾਰ ਨੂੰ ਜੜ੍ਹੋਂ ਪੁੱਟਣ ਦੀ ਗੱਲਬਾਤ ਨਾ ਬਣੀ। ਸ਼ਕਤੀਸ਼ਾਲੀ ਇਨਸਾਨ ਵੀ ਬੇਇਨਸਾਫੀ ਦਾ ਸ਼ਿਕਾਰ ਹੁੰਦਾ ਹੈ, ਬੁੱਢਾ ਹੁੰਦਾ ਹੈ ਅਤੇ ਅਖੀਰ ਵਿਚ ਮਰ ਜਾਂਦਾ ਹੈ। ਜਿੰਨੀ ਦੇਰ ਤੱਕ ਅਸੀਂ ਬਰਾਬਰਤਾ ਵਾਲੇ ਸਮਾਜ ਦੇ ਅਸੂਆਂ ਤੇ ਕਰੜੀ ਨਿਗ੍ਹਾ ਨਾਲ ਪਹਿਰਾ ਨਹੀਂ ਦਿੰਦੇ, ਇਹ ਬੇਨਿਸਾਫੀਆਂ ਖਤਮ ਨਹੀਂ ਹੋ ਸਕਦੀਆਂ। ਸਾਨੂੰ ਆਪ ਇਮਾਨਦਾਰੀ, ਲੋਕ-ਹਿਤੈਸ਼ੀ ਅਤੇ ਪੱਕੇ ਇਰਾਦੇ ਦਾ ਹੋਣਾ ਪਵੇਗਾ। ਲਾਲਚ, ਪੱਖਪਾਤ, ਭ੍ਰਿਸ਼ਟਾਚਾਰ ਅਤੇ ਖੁਦਗਰਜ਼ੀ ਤੋਂ ਉਪਰ ਉੱਠਕੇ ਹੀ ਇਧਰ ਹਿੱਸਾ ਪੈ ਸਕਦਾ ਹੈ।

# ਜਾਦੂ ਦੇ ਟਰਿੱਕ

**ਸਰਜੀਤ ਤਲਵਾਰ**



## ਕਮਾਲ ਜਾਦੂ ਦੇ ਡੰਡੇ ਦਾ

ਕਾਗਜ਼ ਦੇ ਦੋ ਖਾਲੀ ਲਿਫ਼ਾਫ਼ਿਆਂ ਦੇ ਵਿਚੋਂ ਇਕ ਲਿਫ਼ਾਫ਼ੇ ਦੇ ਵਿਚ ਗੋਲ ਡੰਡਾ ਰੱਖਿਆ ਜਾਂਦਾ ਹੈ ਜੋ ਉਸ ਦੇ ਵਿਚੋਂ ਇਕਦਮ ਗਾਇਬ ਹੋ ਜਾਂਦਾ ਹੈ ਅਤੇ ਦੂਸਰੇ ਲਿਫ਼ਾਫ਼ੇ ਦੇ ਵਿਚੋਂ ਨਿਕਲ ਆਉਂਦਾ ਹੈ। ਹੈ ਨਾ ਕਮਾਲ ਦਾ ਜਾਦੂ

**ਜਾਦੂ ਦਾ ਸਾਮਾਨ** : ਇਕ ਗੋਲ ਡੰਡਾ ਇਕ ਫੁੱਟ ਤੱਕ ਲੰਬਾ, ਇਕ ਚਿੱਟਾ ਕੋਰਾ ਕਾਗਜ਼, ਦੋ ਡੱਬੇ ਦੇ ਅਕਾਰ ਦੇ 1 ½ ਫੁੱਟ ਲੰਬੇ ਲਿਫ਼ਾਫ਼ੇ, ਕਾਗਜ਼ ਨੂੰ ਰੰਗਣ ਵਾਲੀ ਥੋੜੀ ਜਿਹੀ ਕਾਲੀ ਸਿਆਹੀ ਅਤੇ ਕਾਲਾ ਤੇ ਚਿੱਟਾ ਰੰਗ।

**ਜਾਦੂ ਦਿਖਾਉਣ ਦੀ ਤਿਆਰੀ** : ਡੰਡੇ ਨੂੰ ਦੋਨਾਂ ਪਾਸਿਆਂ ਤੋਂ ਲਗਭਗ ਦੋ-ਦੋ ਇੰਚ ਸਫੈਦ (ਚਿੱਟਾ) ਰੰਗ ਨਾਲ ਰੰਗ ਦੇਵੋ ਅਤੇ ਵਿਚਕਾਰੋਂ ਕਾਲੇ ਰੰਗ ਦੇ ਨਾਲ ਰੰਗ ਦੇਵੋ। ਇਸਦੇ ਬਾਅਦ ਉਨ੍ਹਾਂ ਹੀ ਵੱਡਾ ਅਤੇ ਵਿਆਸ ਦਾ ਚਿੱਟਾ ਕਾਗਜ਼ ਲੈ ਕੇ ਇਕ ਰੋਲ ਬਣਾਓ ਜੋ ਡੰਡੇ ਦੀ ਤਰ੍ਹਾਂ ਹੋਵੇ। ਅਤੇ ਦੋਨੋਂ ਕਿਨਾਰੀਆਂ ਤੋਂ 2-2 ਇੰਚ ਚਿੱਟੇ ਰੰਗ ਨਾਲ ਅਤੇ ਵਿਚਕਾਰਲੇ ਭਾਗ ਨੂੰ ਕਾਲੇ ਰੰਗ ਦੇ ਨਾਲ ਰੰਗ ਦੇਵੋ। ਹੁਣ ਤੁਹਾਡੇ ਕੋਲ ਇਕ ਲੱਕੜ ਦਾ ਅਤੇ ਇਕ ਕਾਗਜ਼ ਦਾ ਦੋ ਡੰਡੇ ਤਿਆਰ ਹੋ ਗਏ ਹਨ। ਜੋ ਦੇਖਣ ਦੇ ਵਿਚ ਇਕੋ ਜਿਹੇ ਲੱਗਦੇ ਹਨ।



**ਜਾਦੂ ਦਾ ਪ੍ਰਦਰਸ਼ਨ** : ਸਟੇਜ਼ ਤੇ ਦੋ ਮੇਜ਼ਾਂ ਰੱਖੀਆਂ ਹੋਣਗੀਆਂ। ਇਕ ਅੱਗੇ ਅਤੇ ਦੂਜੀ ਪਿੱਛੇ। ਅੱਗੇ ਵਾਲੀ ਮੇਜ਼ ਤੇ ਕੁਝ ਨਹੀਂ ਹੋਵੇਗਾ ਅਤੇ ਪਿਛਲੀ ਮੇਜ਼ ਦੇ ਉੱਪਰ ਇਨਸਾਨੀ ਖੋਪੜੀ ਅਤੇ ਦੋ ਹੱਡੀਆਂ ਹੋਣਗੀਆਂ। ਇਕ ਡੰਡਾ ਰੱਖਿਆ ਹੋਇਆ ਹੈ ਅਤੇ ਉਸ ਦੇ ਕੋਲ ਰੱਖੇ ਹੋਏ ਹਨ ਦੋ ਲਿਫ਼ਾਫ਼ੇ ਜਿਨ੍ਹਾਂ ਵਿਚ ਇਕ ਵਿਚ ਅਸਲੀ ਲੱਕੜ ਦਾ ਡੰਡਾ ਰੱਖਿਆ ਹੋਇਆ ਹੈ। ਜਿਸ ਦੇ ਬਾਰੇ ਵਿਚ ਕੇਵਲ ਤੁਹਾਨੂੰ ਹੀ ਪਤਾ ਹੈ।

ਹੁਣ ਤੁਸੀਂ ਪਿਛਲੇ ਮੇਜ਼ ਤੇ ਪਈਆਂ ਮਨੁੱਖੀ ਹੱਡੀਆਂ ਨੂੰ ਪਹਿਲੇ ਮੇਜ਼ ਤੇ ਰੱਖ ਦੇਵੋ। ਇਸ ਤੋਂ ਬਾਅਦ ਖੋਪੜੀ। ਫਿਰ ਆਪਣਾ ਕਰਾਮਾਤੀ ਜਾਦੂ ਦਾ ਡੰਡਾ। ਹੁਣ ਇਕ ਲਿਫ਼ਾਫ਼ਾ ਚੁੱਕੋ ਅਤੇ ਉਸਨੂੰ ਹਿੱਲਾ-ਹਿੱਲਾ ਕੇ ਅਤੇ ਦਰਸ਼ਕਾਂ ਦੇ ਸਾਹਮਣੇ ਉਲਟ ਪੁਲਟ ਕਰਕੇ ਦਿਖਾਉਂਦੇ ਰਹੋ ਅਤੇ ਬਾਅਦ ਵਿਚ ਇਸ ਨੂੰ ਡੰਡੇ ਤੋਂ ਦੂਰ ਮੇਜ਼ ਉਪਰ ਰੱਖ ਦੇਵੋ। ਇਸ ਤੋਂ ਬਾਅਦ ਦੂਸਰਾ ਲਿਫ਼ਾਫ਼ਾ ਚੁੱਕੋ ਜਿਸ ਦੇ ਵਿਚ ਅਸਲੀ ਡੰਡਾ ਰੱਖਿਆ ਹੋਇਆ ਹੈ ਹੁਣ ਇਸ ਅੰਦਰਲੇ ਡੰਡੇ ਨੂੰ ਸਾਵਧਾਨੀ ਦੇ ਨਾਲ ਆਪਣੇ ਅੰਗੂਠੇ ਦੇ ਨਾਲ ਦਬ ਲਓ ਅਤੇ ਉਸ ਲਿਫ਼ਾਫ਼ੇ ਨੂੰ ਹਿਲਾ-ਹਿਲਾ ਕੇ ਦਰਸ਼ਕਾਂ ਨੂੰ ਦਖਾਓ ਡੰਡਾ ਮਜ਼ਬੂਤੀ ਨਾਲ ਫੜਿਆ ਹੋਣ ਕਰਕੇ ਨਹੀਂ ਡਿੱਗੇਗਾ ਹੁਣ ਤੁਸੀਂ ਕਾਗਜ਼ ਦੇ ਡੰਡੇ ਨੂੰ ਚੁੱਕ ਕੇ ਖਾਲੀ ਲਿਫ਼ਾਫ਼ੇ ਦੇ ਅੰਦਰ ਪਾ ਦਿਓ ਅਤੇ ਕਹੋ ਕ "ਮੈਂ ਇਹ ਡੰਡਾ ਇਸ ਲਿਫ਼ਾਫ਼ੇ ਦੇ ਵਿਚ ਪਾ ਦਿੱਤਾ ਹੈ ਅਤੇ ਹੁਣ ਇਹ ਆਪਣੇ ਆਪ ਦੂਸਰੇ ਲਿਫ਼ਾਫ਼ੇ ਦੇ ਵਿਚ ਪਹੁੰਚ ਜਾਵੇਗਾ। ਅਤੇ ਤੁਸੀਂ ਇਸ ਡੰਡੇ ਨੂੰ ਆਪ ਹੀ ਚੁੱਕ ਲੈਂਦੇ ਹੋ ਅਤੇ ਦੂਸਰੇ ਲਿਫ਼ਾਫ਼ੇ ਵੱਲ ਲੈ ਕੇ ਜਾਂਦੇ ਹੋ ਤਾਂ ਦਰਸ਼ਕ ਰੌਲਾ ਪਾ ਦਿੰਦੇ ਹਨ ਤੁਸੀਂ ਫਿਰ ਤੋਂ ਇਹ ਡੰਡਾ ਪਹਿਲਾਂ ਵਾਲੇ ਲਿਫ਼ਾਫ਼ੇ ਦੇ ਚਾਰੇ ਪਾਸੇ ਘੁਮਾਉਂਦੇ ਹੋ ਅਤੇ ਇਸ ਦੇ ਬਾਅਦ ਕੁਝ ਮੰਤਰ ਅਲਾਪਦੇ ਹੋ ਅਤੇ ਲਿਫ਼ਾਫ਼ਾ ਚੁੱਕ ਕੇ ਮਰੋੜ ਦਿੰਦੇ ਹੋ ਅਤੇ ਆਪਣੇ ਕੋਲ ਹੀ ਸੁੱਟ ਲੈਂਦੇ ਹੋ। ਕਿਉਂਕਿ ਇਸ ਲਿਫ਼ਾਫ਼ੇ ਦੇ ਵਿਚ ਕਾਗਜ਼ ਦਾ ਡੰਡਾ ਹੁੰਦਾ ਹੈ ਉਹ ਨਾਲ ਹੀ ਮੁੜ ਜਾਂਦਾ ਹੈ ਅਤੇ ਕਿਸੇ ਨੂੰ ਕੋਈ ਸ਼ੱਕ ਨਹੀਂ ਹੁੰਦਾ। ਹੁਣ ਤੁਸੀਂ ਹੱਡੀ ਦੂਸਰੇ ਲਿਫ਼ਾਫ਼ੇ ਦੇ ਚਾਰੇ ਪਾਸ ਘੁਮਾਉਂਦੇ ਹੋ ਅਤੇ ਮੰਤਰ ਅਲਾਪਦੇ ਹੋ ਅਤੇ ਇਸ ਦੇ ਬਾਅਦ ਇਸ (ਦੋ ਨੰ :) ਲਿਫ਼ਾਫ਼ੇ ਵਿਚ ਅਸਲੀ ਡੰਡਾ ਕੱਢ ਕੇ ਦਰਸ਼ਕਾਂ ਦੇ ਵੱਲ ਸੁੱਟ ਦਿੰਦੇ ਹੋ ਜੋ ਪਹਿਲਾਂ ਹੀ ਤੁਹਾਨੂੰ ਆਪਣੀ ਚਲਾਕੀ ਅਤੇ ਹੱਥ ਦੀ ਸਫਾਈ ਦੇ ਨਾਲ ਛੁਪਾਇਆ ਹੋਇਆ ਸੀ।

ਸਾਰੇ ਦਰਸ਼ਕ ਹੈਰਾਨ ਅਤੇ ਖੁਸ਼ ਹੁੰਦੇ ਹਨ ਤਾੜੀਆਂ ਵਜਾਉਂਦੇ ਹਨ।

## ਜਾਦੂ ਦਾ ਧਾਗਾ

ਇਕ ਧਾਗੇ ਦੇ ਨਾਲ ਇਕ ਅੰਗੂਠੀ ਬੰਨ੍ਹੀ ਜਾਂਦੀ ਹੈ। ਫਿਰ ਧਾਗੇ ਨੂੰ ਅੱਗ ਲਗਾ ਦਿੱਤੀ ਜਾਂਦੀ ਹੈ। ਸਾਰਾ ਧਾਗਾ ਛੂ-ਛੂ ਕੇ ਮੱਚ ਜਾਂਦਾ ਹੈ ਪਰ ਅੰਗੂਠੀ ਮੱਚੇ ਧਾਗੇ ਦੇ ਨਾਲ ਹੀ ਲਟਕਦੀ ਰਹਿੰਦੀ ਹੈ।

ਜਾਦੂ ਦਾ ਸਾਮਾਨ : ਇਕ ਕੱਚ ਦਾ ਗਿਲਾਸ, ਥੋੜ੍ਹਾ ਜਿਹਾ ਨਮਕ ਅਤੇ ਪਾਣੀ, ਡੇਢ ਫੁੱਟ ਤੱਕ ਲੰਬਾ ਸੂਤੀ ਧਾਗਾ, ਅੱਗ ਲਗਾਉਣ ਦੇ ਲਈ ਮਾਚਿਸ ਜਾਂ ਲਾਇਟਰ, ਇਕ ਕਿਸੇ ਵੀ ਡਿਜ਼ਾਇਨ ਜਾਂ ਅਕਾਰ ਦੀ ਅੰਗੂਠੀ।

ਜਾਦੂ ਦਿਖਾਉਣ ਦੀ ਤਿਆਰੀ : ਕੱਚ ਦੇ ਗਿਲਾਸ ਵਿਚ ਪਹਿਲਾਂ ਹੀ ਪਾਣੀ ਭਰ ਲਵੋ ਫਿਰ ਉਸ ਦੇ ਵਿਚ ਤਿੰਨ-ਚਾਰ ਚਮਚੇ ਲੂਣ (ਨਮਕ) ਦੇ ਪਾ ਦਿਓ ਅਤੇ ਪਾਣੀ ਨੂੰ ਚੰਗੀ ਤਰ੍ਹਾਂ ਚਮਚੇ ਨਾਲ ਹਿਲਾ ਲਓ। ਨਮਕ ਦਾ ਇਹ ਘੋਲ ਕੁਝ ਗਾੜਾ ਹੋਣਾ ਚਾਹੀਦਾ ਹੈ। ਜੇਕਰ ਜ਼ਰੂਰਤ ਹੋਵੇ ਤਾਂ ਕੁਝ ਨਮਕ ਪਾ ਲਓ।

ਜਦੋਂ ਇਹ ਕੁਝ ਗਾੜਾ ਘੋਲ ਤਿਆਰ ਹੋ ਜਾਵੇ ਤਾਂ ਉਸ ਦੇ ਵਿਚ ਸੂਤੀ ਧਾਗਾ ਦੋ ਤਿੰਨ ਵਾਰ ਡਬੋ ਲਵੋ ਅਤੇ ਫਿਰ ਇਸ ਧਾਗੇ ਨੂੰ ਸੁੱਕਣ ਦੇ ਲਈ ਧੁੱਪੇ ਰੱਖ ਦੇਵੋ। ਇਹ ਕਿਰਿਆ ਦੋ ਤਿੰਨ ਵਾਰ ਦਹਰਾਓ। ਤਾਂ ਕਿ ਧਾਗੇ ਤੇ ਨਮਕ ਦੀ ਪਰਤ ਚੰਗੀ ਤਰ੍ਹਾਂ ਚੜ੍ਹ ਜਾਵੇ ਅਤੇ ਧਾਗੇ ਦੇ ਵਿਚ ਪੂਰੀ ਤਰ੍ਹਾਂ ਸਮਾ ਜਾਵੇ। ਧਾਗੇ ਦੇ ਸੁੱਕਣ ਦੇ ਬਾਅਦ ਤੁਹਾਡੀ ਜਾਦੂ ਦਿਖਾਉਣ ਦੀ ਤਿਆਰੀ ਪੂਰੀ ਹੋ ਗਈ ਹੈ।

**ਜਾਦੂ ਦਾ ਪ੍ਰਦਰਸ਼ਨ** : ਸਟੇਜ਼ ਤੇ ਆਉਣ ਤੋਂ ਪਹਿਲਾਂ ਤੁਹਾਡੇ ਦੁਆਰਾ ਦਿਖਾਏ ਜਾ ਰਹੇ ਜਾਦੂ ਦੇ ਬਾਰੇ ਵਿਚ ਦੱਸੋ ਕਿ ਤੁਸੀਂ ਦਰਸ਼ਕਾਂ ਨੂੰ ਕਿਹੜਾ ਜਾਦੂ ਦਿਖਾਉਣ ਜਾ ਰਹੇ ਹੋ। ਤੁਸੀਂ ਕਹੋ ਕਿ ਤੁਸੀਂ ਆਪਣੇ ਹੱਥ ਦੇ ਨਾਲ ਕੁਝ ਵੀ ਨਹੀਂ ਕਰੋਗੇ ਸਗੋਂ ਤੁਹਾਡੇ ਹੱਥ ਵਿਚ ਹੀ ਕੋਈ ਦਰਸ਼ਕ ਇਸ ਜਾਦੂ ਨੂੰ ਦਿਖਾਏਵਾ। ਕਿਰਪਾ ਕਰਕੇ ਕੋਈ ਵੀ ਸੱਜਣ



ਸਟੇਜ਼ ਤੇ ਆ ਜਾਵੇ। ਤੁਹਾਡੇ ਬੁਲਾਉਣ ਤੇ ਇਕ ਦਰਸ਼ਕ ਸਟੇਜ਼ ਤੇ ਆ ਜਾਵੇਗਾ। ਤੁਸੀਂ ਉਸ ਨੂੰ ਕਹੋ ਕਿ ਧਾਗੇ ਦੇ ਇਕ ਸਿਰੇ ਦੇ ਨਾਲ ਅੰਗੂਠੀ ਬੰਨ੍ਹ ਦੇਵੇ ਅਤੇ ਦੂਸਰੇ ਨੂੰ ਕੰਧ ਵਿਚ ਗੱਡੀ ਮੇਖ ਨਾਲ ਬੰਨ੍ਹ ਦੇਵੇ। ਅਤੇ ਫਿਰ ਇਸ ਧਾਗੇ ਨੂੰ ਮਾਚਿਸ ਦੇ ਨਾਲ ਅੱਗ ਲਾ ਦੇਵੇ। ਦਰਸ਼ਕ ਸਭ ਕੁਝ ਕਰਦਾ ਹੈ। ਧਾਗੇ ਨੂੰ ਅੱਗ ਲੱਗ ਜਾਂਦੀ ਹੈ ਅਤੇ ਸਾਰਾ ਧਾਗਾ ਮੱਚ ਕੇ ਕਾਲਾ-ਕਾਲਾ ਹੋ ਜਾਂਦਾ ਹੈ। ਪਰ ਅੰਗੂਠੀ ਮੱਚੇ ਹੋਏ ਧਾਗੇ ਦੇ ਨਾਲ ਲਟਕਦੀ ਰਹਿੰਦੀ ਹੈ।

ਇਹ ਸਾਰਾ ਕ੍ਰਿਸ਼ਮਾ ਨਮਕ ਦੇ ਘੋਲ ਦਾ ਹੀ ਹੈ, ਅਤੇ ਇਕ ਜ਼ਰੂਰੀ ਗੱਲ ਇਹ ਹੈ ਕਿ ਧਾਗਾ ਹਮੇਸ਼ਾ ਸੂਤੀ ਹੀ ਲਵੋ।

## ਛੁਪਾ ਕੇ ਰੱਖੇ ਰੁਪਏ ਬਾਰੇ ਦੱਸਣਾ

ਕਿਸੇ ਵੀ ਕਟੋਰੇ ਜਾਂ ਪਲੇਟ ਦੇ ਨੀਚੇ ਕੋਈ ਵੀ ਦਰਸ਼ਕ ਰੁਪਏ ਛੁਪਾ ਦਿੰਦਾ ਹੈ, ਉਸ ਸਮੇਂ ਜਾਦੂਗਰ ਉਥੇ ਮੌਜੂਦ ਨਹੀਂ ਹੁੰਦਾ। ਉਹ ਪਰਦੇ ਦੇ ਪਿੱਛੇ ਚਲਿਆ ਜਾਂਦਾ ਹੈ। ਦਰਸ਼ਕ ਦੋ ਰੁਪਏ ਛੁਪਾ ਕੇ ਚਲਾ ਜਾਂਦਾ ਹੈ ਤਾਂ ਜਾਦੂਗਰ ਝੱਟ ਆ ਕੇ ਦੱਸ ਦਿੰਦਾ ਹੈ। ਕਿ ਕਿਸ ਪਲੇਟ ਦੇ ਥੱਲੇ ਪੈਸੇ ਛੁਪਾਏ ਗਏ ਹਨ। ਉਹ ਇਹ ਵੀ ਦੱਸ ਦਿੰਦਾ ਹੈ ਕਿ ਕਿੰਨੀਆਂ ਪਲੇਟਾਂ ਦੇ ਥੱਲੇ ਰੁਪਏ ਛੁਪਾਏ ਗਏ ਹਨ ਅਤੇ ਕਿੰਨੀਆਂ ਦੇ ਥੱਲੇ ਨਹੀਂ।

**ਜਾਦੂ ਦਾ ਸਾਮਾਨ** : ਪੰਜ ਪਲੇਟਾਂ ਅਤੇ ਇਕ ਸਹਿਯੋਗੀ ਜੋ ਸਮੇਂ ਤੇ ਜ਼ਰੂਰਤ ਉੱਪਰ ਤੁਹਾਡੀ ਸਹਾਇਤਾ ਕਰ ਸਕੇ।

**ਜਾਦੂ ਦਿਖਾਉਣ ਦੀ ਤਿਆਰੀ** : ਜਿਨ੍ਹਾਂ ਪੰਜ ਪਲੇਟਾਂ ਦਾ ਤੁਸੀਂ ਚੁਨਾਵ ਕੀਤਾ ਹੈ ਜਾਂ ਤਾਂ ਉਨ੍ਹਾਂ ਦੇ ਉੱਪਰ ਪਹਿਲਾਂ ਹੀ ਸਿੱਧੀਆਂ ਲਕੀਰਾਂ ਖਿੱਚੀਆਂ ਹੋਣੀਆਂ ਚਾਹੀਦੀਆਂ ਹਨ ਜੇਕਰ ਪਹਿਲਾਂ ਹੀ ਇਹ ਲਕੀਰਾਂ ਪਲੇਟਾਂ ਤੇ ਨਹੀਂ ਹਨ ਤਾਂ ਤੁਹਾਨੂੰ ਆਪ ਬਣਾਉਣੀਆਂ ਪੈਣਗੀਆਂ। ਘੁੰਮੀਆਂ ਲਾਈਨਾਂ ਦਾ ਅਰਥ ਹੈ ਕਿ ਇਹ ਪਲੇਟਾਂ ਹੀ ਚੁੱਕੀਆਂ ਗਈਆਂ ਹਨ ਅਤੇ ਇਨ੍ਹਾਂ ਦੇ ਥੱਲੇ ਹੀ ਰੁਪਏ ਰੱਖੇ ਗਏ ਹਨ।



**ਜਾਦੂ ਦਾ ਪ੍ਰਦਰਸ਼ਨ** : ਸਟੇਜ ਤੇ ਵਾਪਸ ਆ ਕੇ ਟਰਿੱਕ ਮਾਸਟਰ (ਜਾਦੂਗਰ) ਪਲੇਟਾਂ ਨੂੰ ਗਹੁ ਨਾਲ ਵੇਖਦਾ ਹੈ। ਫੇਰ ਮੰਤਰ ਜਾਪ ਕਰਕੇ ਅੰਤਰ ਬਿਆਨ ਹੁੰਦਾ ਹੈ। ਬਿਰਤੀ ਲੱਗਣ ਤੇ ਖੁੱਲਣ ਦਾ ਨਾਟਕ ਕਰਦਿਆਂ ਉਹ ਪਲੇਟ ਚੁੱਕ ਕੇ ਹੇਠਾਂ ਛੁਪਾਏ ਹੋਏ ਸਿੱਕੇ ਜਾਂ ਨੋਟ ਕੱਢਕੇ ਦਰਸ਼ਕਾਂ ਨੂੰ ਵਿਖਾ ਦਿੰਦਾ ਹੈ। ਸਾਰੇ ਹੈਰਾਨ ਹੋ ਜਾਂਦੇ ਹਨ। ਇਸਦਾ ਭੇਦ ਪਲੇਟਾਂ ਤੇ ਬਣਾਈਆਂ ਲਾਈਨਾਂ ਹੁੰਦੀਆਂ ਹਨ। ਜੋ ਪਲੇਟ ਚੁੱਕ ਕੇ ਦੁਬਾਰਾ ਰੱਖਣ ਨਾਲ ਤਰਤੀਬ ਵਿਚ ਗੜਬੜ ਹੋ ਜਾਣ ਕਾਰਨ ਇਹ ਸੰਕੇਤ ਕਰ ਦਿੰਦੀਆਂ ਹਨ ਕਿ ਇਹ ਪਲੇਟਾਂ ਹੀ ਚੁੱਕੀਆਂ ਗਈਆਂ ਹਨ।

## ਟੋਪ ਦੇ ਵਿਚੋਂ ਗੁਬਾਰੇ ਪੈਦਾ ਕਰਨਾ

ਜਾਦੂਗਰ ਆਪਣੇ ਸਿਰ ਤੋਂ ਲਿਆ ਟੋਪ ਉਤਾਰਦਾ ਹੈ ਅਤੇ ਹਵਾ ਦੇ ਵਿਚ ਉਛਾਲਦਾ ਹੈ ਇਹ ਕਿਰਿਆ ਦੋ ਤਿੰਨ ਵਾਰ ਕਰਦਾ ਹੈ ਫਿਰ ਇਸ ਟੋਪ ਨੂੰ ਮੇਜ਼ ਦੇ ਉੱਪਰ ਰੱਖ ਦਿੰਦਾ ਹੈ। ਉਹ ਦਰਸ਼ਕਾਂ ਦੇ ਸਾਹਮਣੇ ਇਹ ਪ੍ਰਦਰਸ਼ਨ ਕਰਦਾ ਹੈ ਕਿ ਟੋਪ ਬਿਲਕੁਲ ਖਾਲੀ ਹੈ। ਇਸ ਤੋਂ ਬਾਅਦ ਉਸ ਟੋਪ ਨੂੰ ਆਪਣੇ ਹੱਥਾਂ ਦੇ ਵਿਚ ਸਿੱਧਾ ਕਰਕੇ ਫੜ ਲੈਂਦਾ ਹੈ ਅਤੇ ਸੱਜੇ ਹੱਥ ਨਾਲ ਉਸ ਖਾਲੀ ਟੋਪ ਦੇ ਵਿਚੋਂ ਹਵਾ ਦੇ ਭਰੇ ਗੁਬਾਰੇ ਕੱਢਦਾ ਜਾਂਦਾ ਹੈ ਜੋ ਅਲੱਗ-ਅਲੱਗ ਰੰਗ ਦੇ ਹੁੰਦੇ ਹਨ। ਕੋਈ-ਕੋਈ ਗੁਬਾਰਾ ਤਾਂ ਟੋਪ ਤੋਂ ਵੀ ਵੱਡਾ ਹੁੰਦਾ ਹੈ।

**ਜਾਦੂ ਦਾ ਸਾਮਾਨ** : ਦਸ-ਬਾਰਾਂ ਗੁਬਾਰੇ ਅਲੱਗ-ਅਲੱਗ ਰੰਗ ਦੇ ਅਤੇ ਇਨ੍ਹੇ ਹੀ ਸਟਿਲਡ ਵਾਟਰ ਵਾਲੇ ਕੰਚ ਦੇ ਛੋਟੇ-ਛੋਟੇ ਏਮਪੂਲਸ।

**ਜਾਦੂ ਦੀ ਤਿਆਰੀ** : ਟੋਪ ਦੀ ਅੰਦਰ ਵਾਲੀ ਚਮੜੇ ਦੀ ਪੱਟੀ ਦੇ ਥੱਲੇ ਬਹੁਤ ਸਾਰੇ ਗੁਬਾਰੇ ਛੁਪਾ ਕੇ ਰੱਖ ਲਵੋ। ਟੋਪ ਦੇ ਉਲਟਾ ਕਰਨ ਤੇ ਵੀ ਉਹ ਹੇਠਾਂ ਨਹੀਂ ਡਿੱਗਣੇ ਚਾਹੀਦੇ। ਸਾਰੇ ਗੁਬਾਰਿਆਂ ਦੇ ਵਿਚ ਥੋੜ੍ਹਾ-ਥੋੜ੍ਹਾ ਕਾਰਬਾਈਡ ਭਰ ਦੇਵੋ ਅਤੇ ਉਨ੍ਹਾਂ ਦੇ ਮੂੰਹ ਵਿਚ ਪਾਣੀ ਦੇ ਏਮਪੂਲਸ ਵੀ ਫਸਾ ਦੇਵੋ। ਇਨ੍ਹਾਂ ਏਮਪੂਲਸ ਦਾ ਮੂੰਹ ਗੁਬਾਰੇ ਦੇ ਅੰਦਰ ਹੋਣਾ ਚਾਹੀਦਾ ਹੈ।

**ਜਾਦੂ ਦਾ ਪ੍ਰਦਰਸ਼ਨ** : ਦਰਸ਼ਕਾਂ ਦੇ ਸਾਹਮਣੇ ਟੋਪ ਦੇ ਵਿਚੋਂ ਫੁਲੇ ਹੋਏ ਗੁਬਾਰੇ ਕੱਢਦੇ ਸਮੇਂ, ਗੁਬਾਰੇ ਦੇ ਅੰਦਰ ਫਸਾਏ ਏਮਪੂਲਸ ਨੂੰ ਭੰਨ੍ਹਦੇ ਜਾਵੋ ਇਸ ਨਾਲ ਹੋਵੇਗਾ ਇਹ ਕਿ ਏਮਪੂਲਸ ਦੇ ਵਿਚ ਭਰਿਆ ਪਾਣੀ ਗੁਬਾਰੇ ਦੇ ਅੰਦਰ ਪਈ ਕਾਰਬਾਈਡ ਨਾਲ ਮਿਲ ਜਾਵੇਗਾ ਅਤੇ ਇਸ ਕਾਰਨ ਇਕ ਤੇਜ਼ ਗੈਸ ਉਤਪੰਨ ਹੋਵੇਗੀ ਜੋ ਗੁਬਾਰੇ ਨੂੰ ਫੁਲਾ ਦੇਵੇਗੀ। ਇਸ ਤਰ੍ਹਾਂ ਤੁਸੀਂ ਕ੍ਰਮਵਾਰ ਸਾਰੇ ਗੁਬਾਰਿਆਂ ਦੇ ਵਿਚ ਫਸਾਏ ਏਮਪੂਲਸ ਨੂੰ ਭੰਨ੍ਹਦੇ ਜਾਵੋਗੇ ਅਤੇ ਇਕ ਤੋਂ ਬਾਅਦ ਇਕ ਅਲੱਗ-ਅਲੱਗ ਰੰਗ ਦੇ ਗੁਬਾਰੇ ਕੱਢਦੇ ਜਾਵੋਗੇ। ਤੁਹਾਡੇ ਇਸ ਖੇਲ ਰੂਪੀ ਜਾਦੂ ਦੇ ਨਾਲ ਸਾਰੇ ਦਰਸ਼ਕ ਬਹੁਤ ਹੀ ਜ਼ਿਆਦਾ ਪ੍ਰਭਾਵਿਤ ਹੋਣਗੇ।

## ਬਿਨਾਂ ਦੇਖੇ ਪੱਤਾ ਦੱਸਣਾ

ਜਾਦੂਗਰ ਤਾਸ਼ ਦੀ ਗੁੱਟੀ ਨੂੰ ਲਗਾਤਾਰ ਅਤੇ ਚੰਗੀ ਤਰ੍ਹਾਂ ਫੈਂਟਦਾ ਹੈ। ਇਸ ਤੋਂ ਬਾਅਦ ਜਾਦੂਗਰ ਤਾਸ਼ ਦਾ ਸਿੱਧਾ ਪਾਸਾ ਦਰਸ਼ਕਾਂ ਵੱਲ ਕਰਦਾ ਹੈ ਅਤੇ ਲਗਾਤਾਰ ਤਾਸ਼ ਦੇ ਪੱਤੇ ਇਕ ਪਾਸੇ ਤੋਂ ਦੂਸਰੇ ਪਾਸੇ ਕਰਦਾ ਜਾਂਦਾ ਹੈ ਅਤੇ ਸਾਰੇ ਪੱਤੇ ਦੱਸਦਾ ਜਾਂਦਾ ਹੈ। ਸਾਰੇ ਦਰਸ਼ਕ ਜਾਦੂਗਰ ਦੀ ਪਾਰਦਰਸ਼ੀ ਨਜ਼ਰ ਤੇ ਹੈਰਾਨ ਹੁੰਦੇ ਹਨ।

**ਜਾਦੂ ਦਾ ਸਾਮਾਨ** : ਤਾਸ਼ ਦੀ ਇਕ ਗੁੱਟੀ, ਇਕ ਛੋਟਾ ਜਿਹਾ ਸ਼ੀਸ਼ਾ।

**ਜਾਦੂ ਦੀ ਤਿਆਰੀ** : ਚਿੱਤਰ ਦੇ ਅਨੁਸਾਰ ਆਪਣੇ ਹੱਥ ਦੀ ਅੰਗੂਠੀ ਦੇ ਨਾਲ ਵਾਲੀ ਉਂਗਲ ਤੇ ਸ਼ੀਸ਼ਾ ਚਿਪਕਾ ਲਵੋ। ਸ਼ੀਸ਼ਾ ਉਂਗਲ ਦੀ ਮੋਟਾਈ ਤੋਂ ਜ਼ਿਆਦਾ ਨਹੀਂ ਹੋਣਾ ਚਾਹੀਦਾ। ਜਾਦੂ ਦਿਖਾਉਂਦੇ ਸਮੇਂ ਇਸ ਗੱਲ ਦਾ ਧਿਆਨ ਰੱਖੋ ਕਿ ਸ਼ੀਸ਼ਾ ਕਿਸੇ ਦਰਸ਼ਕ ਨੂੰ ਦਿਖਾਈ ਨਾ ਦੇਵੇ।

**ਜਾਦੂ ਦਾ ਪ੍ਰਦਰਸ਼ਨ** : ਤੁਹਾਡੇ ਲਈ ਚੰਗਾ ਇਹੀ ਹੈ ਕਿ ਤਾਸ਼ ਦੀ ਗੁੱਟੀ ਨੂੰ ਤੁਸੀਂ ਆਪ ਨਾ ਫੈਂਟੋ ਸਗੋਂ ਦਰਸ਼ਕ ਦੇ ਹੱਥੋਂ ਹੀ ਅਜਿਹਾ ਕੰਮ ਕਰਾਉ। ਇਸ ਤੋਂ ਇਹ ਲਾਭ ਹੋਵੇਗਾ ਕਿ ਸਾਰੇ ਦਰਸ਼ਕਾਂ ਨੂੰ ਇਸ ਗੱਲ ਦਾ ਯਕੀਨ ਹੋ ਜਾਵੇਗਾ ਕਿ ਤਾਸ਼ ਬਿਲਕੁਲ ਠੀਕ ਹੈ। ਜਦੋਂ ਦਰਸ਼ਕ ਤਾਸ਼ ਨੂੰ ਚੰਗੀ ਤਰ੍ਹਾਂ ਪਰਖ ਲਵੇ ਅਤੇ ਫੈਂਟ ਦੇਵੇ ਤਾਂ ਉਸ ਦੇ ਹੱਥੋਂ ਤਾਸ਼ ਦੀ ਗੁੱਟੀ ਪਕੜ ਲਵੋ ਫਿਰ ਗੁੱਟੀ ਦੇ ਇਕ-ਇਕ ਪੱਤੇ ਨੂੰ ਇਸ ਤਰ੍ਹਾਂ ਅੱਗੇ ਕਰੋ ਕਿ ਉਸ ਪੱਤੇ ਦਾ ਨੰਬਰ ਤੁਹਾਡੀ ਉਂਗਲ ਵਿਚ ਲੱਗੇ ਸ਼ੀਸ਼ੇ ਦੇ ਵਿਚ ਦਿਖਾਈ ਦੇਵੇ। ਇਸ ਤਰ੍ਹਾਂ ਤੁਹਾਨੂੰ ਸਾਰੇ ਪੱਤੇ ਦੱਸਣ ਵਿਚ ਕਿਸੇ ਕਿਸਮ ਦੀ ਦਿੱਕਤ ਪੇਸ਼ ਨਹੀਂ ਆਵੇਗੀ।

ਇਹ ਟਰਿੱਕ ਮਿਹਨਤ ਕਰਨ ਨਾਲ ਹੀ ਕੀਤਾ ਜਾ ਸਕਦਾ ਹੈ ਕਿਉਂਕਿ ਸ਼ੀਸ਼ੇ ਦੇ ਉੱਪਰ ਪੱਤੇ ਦਾ ਹਰੇਕ ਅੱਖਰ ਉਲਟਾ ਆਵੇਗਾ ਜਿਸਨੂੰ ਪਹਿਚਾਨਣ ਲਈ ਦਿੱਕਤ ਪੇਸ਼ ਆ ਸਕਦੀ ਹੈ। ਇਸ ਲਈ ਇਸ ਟਰਿੱਕ ਨੂੰ ਕਰਨ ਤੋਂ ਪਹਿਲਾਂ ਪਰੈਕਟਿਸ ਜ਼ਰੂਰ ਕਰ ਲਵੋ ਤਾਂ ਜੋ ਤੁਹਾਨੂੰ ਪੱਤੇ ਦਾ ਅੱਖਰ ਦੇਖਣ ਵਿਚ ਕੋਈ ਦਿੱਕਤ ਪੇਸ਼ ਨਾ ਆਵੇ।

# ਸ਼ੰਕਾ ਨਵਿਰਤੀ

**ਪ੍ਰਸ਼ਨ : ਭਗਤ ਸਿੰਘ ਆਰੀਆ ਸਮਾਜੀ ਸੀ ਜਾਂ ਨਾਸਤਿਕ ? (ਵਿਸ਼ਾਲ ਸਾਧੂ)**

ਉੱਤਰ : ਕੋਈ ਵੀ ਵਿਅਕਤੀ ਆਪਣੇ ਜਨਮ ਦੇ ਸਮੇਂ ਨਾਸਤਿਕ ਹੀ ਹੁੰਦਾ ਹੈ। ਇਹ ਉਸ ਦਾ ਆਲਾ ਦੁਆਲਾ ਹੁੰਦਾ ਹੈ ਜੋ ਉਸ ਤੇ ਪ੍ਰਭਾਵ ਪਾਉਂਦਾ ਹੈ। ਸ਼ਹੀਦ ਭਗਤ ਸਿੰਘ ਦੇ ਮਾਪੇ ਆਰੀਆਂ ਸਮਾਜੀ ਸਨ। ਬਚਪਨ ਸਮੇਂ ਭਗਤ ਸਿੰਘ ਨੇ ਆਪਣੇ ਮਾਪਿਆਂ ਦਾ ਅਸਰ ਕਬੂਲਿਆ ਅਤੇ ਉਹ ਆਰੀਆਂ ਸਮਾਜੀ ਬਣ ਗਿਆ। ਜਦੋਂ ਉਸ ਨੂੰ ਕਿਤਾਬਾਂ ਪੜ੍ਹਨ ਦੀ ਚਿੰਣਗ ਲੱਗੀ ਤਾਂ ਉਸ ਦੇ ਅੰਦਰ ਗਿਆਨ ਦਾ ਪ੍ਰਸਾਰਾ ਹੋਣ ਲੱਗ ਪਿਆ। ਜਦੋਂ ਸ਼ਹੀਦ ਭਗਤ ਸਿੰਘ ਦਾ ਮੇਲ ਮਿਲਾਪ ਦੇਸ਼ ਭਗਤਾਂ ਦੇ ਨਾਲ ਵਧਣ ਲੱਗਾ ਤਾਂ ਉਸ ਦੇ ਆਰੀਆ ਸਮਾਜ ਵਾਲੇ ਵਿਚਾਰ ਵੀ ਘਟਣ ਲੱਗ ਪਏ। ਆਪਣੀ ਜਿੰਦਗੀ ਦੇ ਪਿਛਲੇ ਚਾਰ ਪੰਜ ਸਾਲ ਉਹ ਨਾਸਤਿਕਤਾ ਦਾ ਪ੍ਰਚਾਰ ਕਰਦਾ ਰਿਹਾ ਹੈ। ਸ਼ਹੀਦ ਭਗਤ ਸਿੰਘ ਨੇ ਆਪਣਾ ਲੇਖ ਮੈਂ ਨਾਸਤਿਕ ਕਿਉਂ ਹਾਂ ?" 23 ਮਾਰਚ 1931 ਤੋਂ ਪਹਿਲਾਂ ਲਿਖਿਆ ਸੀ। ਇਸ ਗੱਲ ਦਾ ਸਭ ਤੋਂ ਵੱਡਾ ਸਬੂਤ ਹੈ ਕਿ ਇਹ ਲਾਹੌਰ ਤੋਂ ਛਪਦੇ ਇੱਕ ਅਖਬਾਰ ਦੀ ਪੀਪਲ ਵਿੱਚ 27 ਸਤੰਬਰ 1931 ਨੂੰ ਛਪਿਆ ਸੀ। ਇਸ ਲਈ ਸ਼ਹੀਦ ਭਗਤ ਸਿੰਘ ਦੇ ਨਾਸਤਿਕ ਵਿਚਾਰਾਂ ਦੀ ਪੁਸ਼ਟੀ ਹੁੰਦੀ ਹੈ।

**ਪ੍ਰਸ਼ਨ : ਬੱਚੇ ਸਕੂਲ ਜਾਣ ਤੋਂ ਕਿਉ ਡਰਦੇ ਹਨ ? (ਭਾਗ ਦੌਲਤ)**

ਉੱਤਰ : ਆਮ ਤੌਰ 'ਤੇ ਬੱਚੇ ਆਪ-ਣਿਆਂ ਮਾਪਿਆਂ ਨਾਲ ਜਿਆਦਾ ਜੁੜੇ ਹੁੰਦੇ ਹਨ। ਘਰ ਵਿੱਚ ਖਾਣ ਪੀਣ ਦੀਆਂ ਸਹੂ-ਲਤਾਂ ਸਕੂਲਾਂ ਨਾਲੋਂ ਵੱਧ ਹੁੰਦੀਆਂ ਹਨ। ਕੁਝ ਬੱਚੇ ਸਕੂਲ ਦੇ ਮਾਹੌਲ ਕਰਕੇ ਜਾਣ ਤੋਂ ਕੰਨੀ ਕਤਰਾਉਂਦੇ ਹਨ।

**ਪ੍ਰਸ਼ਨ : ਜੇ ਇਸ ਬ੍ਰਹਿਮੰਡ ਦੀ ਸਿਰਜਨਾ ਪ੍ਰਮਾਤਮਾ ਨੇ ਕੀਤੀ ਹੈ ਤਾਂ ਉਹ ਇਸ ਤੋਂ ਪਹਿਲਾਂ ਕੀ ਕਰਦਾ ਸੀ ?**

ਉੱਤਰ : ਪ੍ਰਮਾਤਮਾ ਦੀ ਕੋਈ ਹੋਂਦ ਨਹੀ ਹੈ। ਬ੍ਰਹਿਮੰਡ ਤਾਂ ਪ੍ਰਕਿਰਤੀ ਦੇ ਚਾਰ ਨਿਯਮਾਂ ਅਨੁਸਾਰ ਬਣਦਾ ਹੈ। ਤੇ ਢਹਿ ਢੇਰੀ ਹੁੰਦਾ ਰਹਿੰਦਾ ਹੈ। ਪਦਾਰਥ ਸਦਾ ਹੁੰਦਾ ਹੈ ਤੇ ਸਦਾ ਹੀ ਰਹਿੰਦਾ ਹੈ। ਭਾਂਵੇ ਇਹ ਕਿਸੇ ਵੀ ਰੂਪ ਵਿੱਚ ਕਿਤੇ ਵੀ ਹੋਵੇ।

**ਪ੍ਰਸਨ : ਜੇ ਸਵਰਗਾਂ ਦੇ ਵਿੱਚ ਪੁਰਸ਼ਾ ਨੂੰ ਹੂਰਾਂ ਮਿਲਦੀਆਂ ਹਨ। ਤਾਂ ਇਸਤਰੀਆਂ ਨੂੰ ਕੀ ਮਿਲਦਾ ਹੈ ?**

ਉੱਤਰ : ਸਵਰਗ ਨਰਕ ਦੀ ਕੋਈ ਹੋਂਦ ਨਹੀ ਹੈ। ਇਹ ਸਿਰਫ ਧਰਤੀ ਉੱਤੇ ਹੀ ਹੈ। ਰਾਜੇ ਮਹਾਰਾਜੇ ਇੱਥੇ ਹੀ ਹਜਾਰਾਂ ਹੂਰਾਂ ਦਾ ਆਨੰਦ ਮਾਣਦੇ ਰਹੇ ਹਨ ਤੇ ਅੱਜ ਦੇ ਅਮੀਰ ਵੀ ਅਜਿਹਾ ਹੀ ਕਰ ਰਹੇ ਹਨ। ਅਜਿਹੀਆਂ ਇਸਤਰੀਆਂ ਤੁਹਾਨੂੰ ਬਹੁਤ ਸਾਰੀਆਂ ਮਿਲ ਜਾਣਗੀਆਂ। ਜਿਨ੍ਹਾਂ ਨੇ ਕਈ ਕਈ ਮਰਦ ਰੱਖੇ ਹੋਏ ਹਨ। ਜਾਂ ਹਰ ਰਾਤ ਵੱਖਰੇ ਮਰਦਾਂ ਨਾਲ ਬਤੀਤ ਕਰਦੀਆਂ ਹਨ। ਸੋ ਪੈਸਿਆਂ ਵਾਲਿਆਂ ਦੇ ਲਈ ਇੱਥੇ ਹੀ ਸਵਰਗ ਹੈ ਤੇ ਗਰੀਬਾਂ ਦੇ ਲਈ ਨਰਕ ਵੀ ਕਿਤੇ ਹੋਰ ਨਹੀਂ ਹੈ। ਸਮੁੱਚੀ ਧਰਤੀ ਹੀ ਉਹਨ੍ਹਾਂ ਦੇ ਲਈ ਨਰਕ ਹੈ!

**ਪ੍ਰਸ਼ਨ : ਇੱਕ ਬੱਚਾ ਜਨਮ ਲੈਂਦਾ ਹੀ ਅਰਬਾਂ ਰੁਪਿਆਂ ਦਾ ਮਾਲਿਕ ਹੁੰਦਾ ਹੈ ਅਤੇ ਦੂਜਾ ਕੁੱਲੀ ਵਿੱਚ ਜਨਮ ਲੈਂਦਾ ਹੈ। ਅਜਿਹਾ ਕਿਉ ?**

ਉੱਤਰ : ਸਾਡੇ ਦੇਸ਼ ਦੇ ਸਿਆਸਤਦਾਨਾਂ ਨੇ ਭਾਰਤ ਦੇ ਹੀ ਦੋ ਇੰਡੀਆ ਬਣਾਏ ਹੋਏ ਹਨ। ਕਿਉਂਕਿ ਇੱਥੇ ਪੈਸੇ ਦੀ ਵੰਡ ਸਮਾਨ ਨਹੀ ਹੈ। ਅਮੀਰ ਦਿਨੋਂ ਦਿਨ ਅਮੀਰ ਹੋ ਰਹੇ ਹਨ ਅਤੇ ਗਰੀਬ ਹੋਰ ਵੀ ਗਰੀਬ ਹੋ ਰਹੇ ਹਨ। ਕਿਉਂਕਿ ਗਰੀਬਾਂ ਦੀਆਂ ਬਚੀਆਂ ਖੁਚੀਆਂ ਕੁਲੀਆਂ ਕਿਸੇ ਨਾ ਕਿਸੇ ਢੰਗ ਨਾਲ ਅਮੀਰਾਂ ਕੋਲ ਜਾ ਰਹੀਆਂ ਹਨ। ਇਸ ਲਈ ਅਮੀਰਾਂ ਦੇ ਘਰ ਵਿੱਚ ਜਨਮ ਲੈਣ ਵਾਲੇ ਬੱਚੇ ਅਮੀਰ ਹੁੰਦੇ ਹਨ ਅਤੇ ਗਰੀਬ ਘਰਾਂ ਦੇ ਵਿੱਚ ਜਨਮ ਲੈਣ ਵਾਲੇ ਬੱਚੇ ਗਰੀਬ ਹੁੰਦੇ ਹਨ। ਜਿਸ ਦਿਨ ਸਾਡੇ ਦੇਸ਼ ਦਾ ਅਮੀਰ ਪੱਖੀ ਢਾਂਚਾ ਖ਼ਤਮ ਕਰ ਦਿੱਤਾ ਜਾਵੇਗਾਂ ਅਤੇ ਪੈਸੇ ਦੀ ਸਮਾਨ ਵੰਡ ਹੋ ਜਾਵੇਗੀ। ਤਾਂ ਸਾਰੇ ਘਰਾਂ ਵਿੱਚ ਹੀ ਜਨਮ ਲੈਣ ਵਾਲੇ ਬੱਚੇ ਬਰਾਬਰ ਹੀ ਹੋਣਗੇ। ਅਮੀਰਾਂ ਦੀ ਸੁਰੱਖਿਆ ਲਈ ਪੁਲਿਸ ਫ਼ੌਜ ਕਾਨੂੰਨ ਤੇ ਜੇਲ੍ਹਾਂ ਦੀ ਭਰਮਾਰ ਹੈ। ਜਿਹੜੀਆਂ ਸਿਰਫ਼ ਵੱਡੀ ਗਿਣਤੀ ਗਰੀਬਾਂ ਤੋਂ ਥੋੜ੍ਹੀ ਗਿਣਤੀ ਵਾਲੇ ਅਮੀਰਾਂ ਨੂੰ ਮਰਨੋ ਬਚਾਉਣ ਲਈ ਸੁਰੱਖਿਆਂ ਛੱਤਰੀਆਂ ਦਾ ਕੰਮ ਕਰਦੀਆਂ ਹਨ।

**ਪ੍ਰਸ਼ਨ : ਚੰਡੀਗੜ੍ਹ ਦੇ ਸੈਕਟਰ 16 ਦੀ ਕੋਠੀ ਨੰਬਰ : 1605 ਹੈ ਜੋ ਕਿ ਅੰਦਰੋ ਮੱਚੀ ਹੋਈ ਹੈ। ਇਸ ਵਿੱਚ ਸੋਲਾਂ ਸਤਾਰਾਂ ਮੌਤਾਂ ਹੋ ਚੁੱਕੀਆਂ ਹਨ ਆਖਰੀ ਮੌਤ ਇੱਕ ਲੜਕੇ ਦੀ ਹੋਈ ਸੀ। ਉਹ ਕੋਠੀ ਦੇ ਅੰਦਰ ਚਲਾ ਗਿਆ ਸੀ। ਉਸ ਨੇ ਕੋਠੀ ਤੋਂ ਛਾਲ ਮਾਰ ਦਿੱਤੀ ਸੀ। ਕਹਿੰਦੇ ਹਨ ਕਿ ਇਸ ਦੇ ਵਿੱਚ ਭੂਤਾਂ ਆਉਦੀਆਂ ਹਨ ?**

ਉੱਤਰ : ਇਸ ਕੋਠੀ ਦੇ ਬਾਰੇ ਮੈਂ ਬਹੁਤ ਚੰਗੀ ਤਰ੍ਹਾਂ ਜਾਣਦਾ ਹਾਂ। ਕਈ ਜਾਇਦਾਦ ਖਰੀਦਣ ਵੇਚਣ ਵਾਲਿਆਂ ਦੇ ਨਾਲ ਮੈਂ ਸੰਪਰਕ ਕੀਤਾ ਹੈ। ਇਹ ਕੋਠੀ ਖਾਨਦਾਨੀ ਝਗੜੇ ਵਾਲੀ ਹੈ। ਜਿਸ ਦੇ ਬਹੁਤ ਸਾਰੇ ਵਾਰਿਸ਼ ਆਪਸ ਦੇ ਵਿੱਚ ਲੜ ਰਹੇ ਹਨ। ਮੈ ਕੋਈ ਵੀ ਅਜਿਹੀ ਜਾਇਦਾਦ ਜਿਸ ਬਾਰੇ ਲੋਕਾ ਨੂੰ ਵਹਿਮ ਹੋਵੇ ਕਿ ਉਸ ਦੇ ਵਿੱਚ ਭੂਤਾਂ ਰਹਿੰਦੀਆ ਹਨ ਜਾਂ ਮਾੜੀ ਹੈ ਖ਼ਰੀਦਣ ਦੇ ਲਈ ਤਿਆਰ ਹਾਂ। ਪਰ ਜਾਇਦਾਦ ਦਾ ਮੁੱਲ ਉਸ ਦੇ ਬਾਜ਼ਾਰੀ ਮੁੱਲ ਦੇ ਤੀਜੇ ਹਿੱਸੇ ਤੋਂ ਘੱਟ ਹੋਣਾ ਚਾਹੀਦਾ ਹੈ! ਕਿਤੇ ਵੀ ਮੈਨੂੰ ਕੋਈ ਇਸ ਕਾਰਜ ਲਈ ਸੱਦਾ ਭੇਜ ਸਕਦਾ ਹੈ। ਪਰ ਆਉਣ ਜਾਣ ਅਤੇ ਰਹਿਣ ਸਹਿਣ ਦਾ ਖਰਚਾ ਉਸ ਵਿਅਕਤੀ ਨੇ ਮੈਨੂੰ ਪਹਿਲਾਂ ਭੇਜਣਾ ਹੈ।

**ਪ੍ਰਸ਼ਨ : ਜੇ ਤੁਸੀ ਕਿਸੇ ਦੇ ਖਾਣੇ ਦੇ ਮੇਜਬਾਨ ਹੋ ਤੇ ਪਰਿਵਾਰ ਖਾਣ ਤੋਂ ਪਹਿਲਾਂ ਮੱਥਾ ਟੇਕਦਾ ਹੈ। ਤਾਂ ਤੁਸੀ ਕੀ ਕਰੋਗੇ ?**

ਉੱਤਰ : ਜੇ ਕਿਸੇ ਸਥਾਨ ਦੇ ਉੱਪਰ ਸੌ ਪੰਜਾਹ ਵਿਅਕਤੀ ਜਾਂ ਇਸ ਤੋ ਵੱਧ ਇਕੱਠੇ ਹੋ ਕੇ ਹੱਥ ਜੋੜਦੇ ਹਨ ਤਾਂ ਮੈ ਡਿਸਪਲਿਨ ਦੇ ਤੌਰ 'ਤੇ ਉਸ ਤਰ੍ਹਾਂ ਕਰਨ ਲੱਗ ਪੈਂਦਾ ਹਾਂ ਭਾਵੇਂ ਮੈਨੂੰ ਅਜਿਹਾ ਫਜੂਲ ਹੀ ਲੱਗਦਾ ਹੈ। ਖਾਣੇ ਦੇ ਮੇਜ 'ਤੇ ਪਰਿਵਾਰਿਕ ਜੀਆਂ ਦੀ ਤਰ੍ਹਾ ਹੱਥ ਜੋੜਨਾ ਮੈਨੂੰ ਕਬੂਲ ਨਹੀ। ਅਜਿਹੇ ਥਾਂ 'ਤੇ ਅਜਿਹਾ ਕਰਨ ਤੋਂ ਪਹਿਲਾਂ ਮੈਂ ਉਨ੍ਹਾਂ ਦੇ ਮਨ ਵਿੱਚ ਸਵਾਲ ਜ਼ਰੂਰ ਖੜ੍ਹੇ ਕਰਾਂਗਾ ਤੇ ਯਤਨ ਕਰਾਂਗਾ ਕਿ ਉਹ ਇਸ ਫ਼ਜੂਲ ਰਸ਼ਮ ਨੂੰ ਸਦਾ ਲਈ ਤਿਆਗ ਦੇਣ।

**ਪ੍ਰਸ਼ਨ : ਕੀ ਨਾਸਾ ਵਾਲੇ ਧਰਮਾਂ ਦੇ ਵਿੱਚ ਵਿਸ਼ਵਾਸ ਰੱਖਦੇ ਹਨ ?**

ਉੱਤਰ : ਨਾਸਾ ਦੇ ਵਿਗਿਆਨਕਾਂ ਵਿੱਚ ਵੱਖ ਵੱਖ ਧਰਮਾਂ, ਨਾਸਤਿਕਾਂ, ਵੱਖ ਵੱਖ ਨਸਲਾਂ, ਵੱਖ ਵੱਖ ਦੇਸ਼ਾਂ, ਵੱਖ ਵੱਖ ਜਾਤਾਂ, ਦੇ ਲੋਕ ਦੇ ਬਹੁਤ ਸਾਰੇ ਵਿਅਕਤੀ ਸ਼ਾਮਿਲ ਹਨ! ਸਭ ਵਿਅਕਤੀਆਂ ਦੇ ਵਿਚਾਰ ਆਪਣੇ ਆਪਣੇ ਘਰਾ ਵਿੱਚ ਰੱਖੇ ਹੁੰਦੇ ਹਨ! ਪਰ ਸਮੁੱਚੇ ਤੌਰ 'ਤੇ ਨਾਸਾ ਦੇ ਵਿਗਿਆਨਿਕ ਸਿਰਫ ਤੇ ਸਿਰਫ ਵਿਗਿਆਨ ਲਈ ਹੀ ਕੰਮ ਕਰਦੇ ਹਨ!



**ਪ੍ਰਸ਼ਨ : ਕੀ ਇੰਟਰਕਾਸਟ ਜਾਂ ਆਪਣੀ ਮਰਜੀ ਨਾਲ ਵਿਆਹ ਕਰ-ਾਉਣ ਵਾਲੇ ਜੋੜਿਆਂ ਦੇ ਮਾਪਿਆਂ ਨੂੰ ਕੋਈ ਫਾਇਦਾ ਹੁੰਦਾ ਹੈ ?**

ਉੱਤਰ : ਜੀ ਹਾਂ, ਅਜਿਹੇ ਜੋੜੇ ਅਕਸਰ ਵਿੱਚ

ਹੀ ਆਪਣੇ ਵਿਆਹ ਫ਼ਜ਼ੂਲ ਰਸਮਾਂ ਰਿਵਾਜਾਂ ਤੋਂ ਬਗੈਰ ਕਰਦੇ ਹਨ! ਦਹੇਜ ਵੀ ਇਸ ਵਿੱਚ ਘੱਟ ਹੀ ਦਿੱਤਾ ਜਾਦਾ ਹੈ। ਵਿਆਹ ਹੋਣ ਤੋਂ ਬਾਅਦ ਵੀ ਪਤੀ-ਪਤਨੀ ਵਿੱਚ ਅਣਬਣ ਹੋ ਜਾਦੀ ਹੈ ਤਾਂ ਇਸ ਦੀ ਜਿੰਮੇਵਾਰੀ ਵੀ ਮਾਂ-ਪਿਉ ਉੱਪਰ ਘੱਟ ਹੀ ਆਉਂਦੀ ਹੈ ਉਹ ਇਹ ਕਹਿ ਕੇ ਬਚ ਜਾਂਦੇ ਹਨ ਕਿ ਕਿ ਵਿਆਹ ਤੁਸੀਂ ਆਪਣੀ ਮਰਜੀ ਨਾਲ ਕਰਾਇਆ ਹੈ ਇਸ ਲਈ ਹੁਣ ਇਸ ਲੜਾਈ ਦੇ ਜਿੰਮੇਵਾਰ ਵੀ ਤੁਸੀਂ ਹੀ ਹੋ। ਇਹ ਸਭ ਕੁਝ ਵਿਆਹ ਤੋਂ ਪਹਿਲਾਂ ਵੇਖਣਾ ਸੀ।

**ਪ੍ਰਸ਼ਨ : ਇਹ ਕਿਹਾ ਜਾਦਾਂ ਹੈ ਕਿ 50 ਕੁ ਸਾਲ ਪਹਿਲਾਂ ਕਿਸੇ ਸੰਤ ਨੇ ਸੁਲੇਮਾਨ ਪ੍ਰੇਤ ਨੂੰ ਕਾਬੂ ਕੀਤਾ ਸੀ ?**

ਉੱਤਰ : ਭੂਤ ਪ੍ਰੇਤ ਨਾ ਹੁੰਦੇ ਹਨ, ਨਾ ਕਦੇ ਸਨ, ਤੇ ਨਾ ਹੀ ਹੋਣਗੇ। ਇਨ੍ਹਾ ਬਾਰੇ ਪਿਛਲੀਆਂ ਸਦੀਆਂ ਵਿੱਚ ਕੁਝ ਗੱਲਾਂ ਤੁਰੀਆਂ ਆਉਂਦੀਆਂ ਹਨ।

ਕਿਸੇ ਕਿਤਾਬ ਜਾਂ ਕੈਸਿਟ ਵਿੱਚੋਂ ਤੁਸੀਂ ਕਿਸੇ ਸੰਤ ਦੁਆਰਾ ਕਾਬੂ ਕੀਤੇ ਸੁਲੇਮਾਨ ਪ੍ਰੇਤ ਦੀ ਕਹਾਣੀ ਸੁਣ ਜਾਂ ਪੜ੍ਹ ਸਕਦੇ ਹੋ। ਇਹ ਘਟਨਾਵਾਂ ਜਿਵੇਂ ਤਰਕਸ਼ੀਲਾ ਨੇ ਘਰਾਂ ਵਿੱਚ ਘਟਨਾਵਾਂ ਵਾਪਰਨੀਆਂ ਕੇਸ ਹਿਸਟਰੀਆ ਹੱਲ ਕੀਤੀਆ ਹਨ! ਅਜਿਹੀ ਹੀ ਇਹ ਘਟਨਾ ਸੀ ਪਰ ਪਿਛਲੇ ਸਮੇਂ ਵਿੱਚ ਇਨ੍ਹਾਂ ਗੱਲਾ ਬਾਰੇ ਅਤੇ ਇਨ੍ਹਾ ਦੇ ਹੱਲ ਬਾਰੇ ਅਗਿਆਨਤਾ ਹੋਣ ਕਰਕੇ ਇਹ ਗੱਲਾਂ ਪੀੜ੍ਹੀ ਦਰ ਪੀੜ੍ਹੀ ਚਲਦੀਆਂ ਰਹੀਆਂ।

**ਪ੍ਰਸ਼ਨ : ਮੇਰੀ ਕਿਡਨੀ ਖ਼ਰਾਬ ਸੀ। ਸਾਲ ਭਰ ਮੈਂ ਡਾਕਟਰਾਂ ਦੀ ਦਵਾਈ ਖ਼ਾਂਦੀ ਰਹੀ। ਪਰ ਮੈਂ ਠੀਕ ਨਾ ਹੋ ਸਕੀ। ਅੰਮ੍ਰਿਤਸਰ ਗੋਲਡਨ ਟੈਂਪਲ ਦੇ ਦਰਸ਼ਨ ਕਰਨ ਨਾਲ ਮੇਰੀ ਕਿਡਨੀ ਦੀ ਬਿਮਾਰੀ ਜਾਂਦੀ ਰਹੀ ?**

ਉੱਤਰ : ਅਸੀਂ ਚਾਹੁੰਦੇ ਹਾਂ ਕਿ ਅਜਿਹਾ ਹੋ ਹੀ ਜਾਇਆ ਕਰੇ। ਸਾਡੇ ਲੱਖਾਂ ਲੋਕ ਸਿਰਫ਼ ਅਜਿਹੀਆਂ ਧਾਰਮਿਕ ਥਾਂਵਾ 'ਤੇ ਜਾ ਕੇ ਤੰਦਰੁਸਤ ਹੋ ਜਾਇਆ ਕਰਨਗੇ ਕਿੰਨਾ ਚੰਗਾ ਹੋਵੇ ਕਿ ਪਿੰਗਲਵਾੜੇ ਅੰਮ੍ਰਿਤਸਰ ਦੇ ਸਾਰੇ ਅਪਾਹਿਜਾਂ ਨੂੰ ਗੋਲਡਨ ਟੈਂਪਲ ਦੇ ਦਰਸ਼ਨ ਕਰਵਾ ਦਿੱਤੇ ਜਾਣ। ਤਾਂ ਜੋ ਉਹ ਤੰਦਰੁਸਤ ਹੋ ਕਿ ਆਪਣੇ ਘਰਾਂ ਨੂੰ ਮੁੜ ਆਉਣ। ਪਰ ਸਾਡੇ ਕਹਿਣ ਨਾਲ ਤਾਂ ਅਜਿਹਾ ਕੁਝ ਨਹੀ ਹੋਣਾ। ਤੁਹਾਡੀ ਕਿਡਨੀ ਕਿਵੇ ਠਕਿ ਹੋਈ ਹੈ। ਜਾਂ ਠੀਕ ਹੋਈ ਵੀ ਹੈ ਜਾਂ ਨਹੀ। ਇਸ ਬਾਰੇ ਤਾਂ ਕਿਡਨੀ ਦੇ ਮਾਹਿਰ ਡਾਕਟਰ ਹੀ ਦੱਸ ਸਕਦੇ ਹਨ। ਇਸ ਬਾਰੇ ਮੈਂ ਕੁਝ ਨਹੀ ਕਹਿ ਸਕਦਾ।

**ਪ੍ਰਸ਼ਨ : ਕੀ ਸਿਰਫ਼ ਲੜਕੇ ਹੀ ਨਾਸਤਿਕ ਹੁੰਦੇ ਹਨ ਜਾਂ ਲੜਕੀਆਂ ਵੀ ?**

ਉੱਤਰ : ਸੰਸਾਰ ਦੇ ਦੋ ਅਰਬ ਦੇ ਕਰੀਬ ਵਿਅਕਤੀ ਨਾਸਤਿਕ ਹਨ। ਜਿਨ੍ਹਾ ਵਿੱਚੋਂ ਲੱਗਭੱਗ ਅੱਧੀ ਆਬਾਦੀ ਇਸਤਰੀ ਜਾਤੀ ਦੀ ਹੈ। ਸਾਡੇ ਪੰਜਾਬ ਵਿੱਚ ਬਹੁਤ ਸਾਰੀਆਂ ਲੜਕੀਆਂ ਨਾਸਤਿਕ ਹਨ ਅਤੇ ਅਲੱਗ ਅਲੱਗ ਜਥੇਬੰਦੀਆਂ ਵਿਚ ਕੰਮ ਕਰ ਰਹੀਆਂ ਹਨ। ਤੇ ਪ੍ਰਮਾਤਮਾ ਦੀ ਹੋਂਦ ਤੋਂ ਮੁਨਕਰ ਹਨ।

**ਪ੍ਰਸ਼ਨ : ਭਗਵਾਨ ਦਾ ਨਾਂ ਹੀ ਖ਼ਤਮ ਹੋ ਗਿਆਂ ਤਾਂ ਸੁਗੰਧ ਕਿਸ ਚੀਜ਼ ਦੀ ਖ਼ਾਉਂਗੇ ?**

ਉੱਤਰ : ਆਉਣ ਵਾਲੇ ਪੰਜਾਹ ਸਾਲਾਂ ਤੱਕ ਸਹੁੰ ਖ਼ਾਣ ਦੀ ਲੋੜ ਹੀ ਨਹੀਂ ਰਹੇਗੀ। ਲੋਕਾਂ ਦੇ ਮਿਆਰ ਇਨੇ ਉੱਚੇ ਹੋ ਜਾਣਗੇ ਕਿ ਉਨ੍ਹਾਂ ਦੇ ਮੂੰਹੋਂ ਨਿਕਲੇ ਹੋਏ ਸ਼ਬਦ ਹੀ ਸਹੁੰ ਦੇ ਬਰਾਬਰ ਹੋਣਗੇ! ਮੈਨੂੰ ਆਪਣੀ ਜ਼ਿੰਦਗੀ ਦੇ 20 ਵਰ੍ਹਿਆਂ ਤੋਂ ਕੋਈ ਸਹੁੰ ਖ਼ਾਣ ਦੀ ਲੋੜ ਹੀ ਨਹੀਂ ਪਈ। ਨਾ ਹੀ ਮੈਂ ਕਿਸੇ ਦੇਵੀ ਦੇਵਤੇ ਜਾਂ ਪ੍ਰਮਾਤਮਾ ਦੇ ਵਿੱਚ ਵਿਸ਼ਵਾਸ਼ ਰੱਖਦਾ ਹਾਂ। ਮੇਰਾ ਖ਼ਿਆਲ ਸਹੁੰ ਖ਼ਾਣ ਦੀ ਲੋੜ ਉਨ੍ਹਾਂ ਵਿਅਕਤੀਆਂ ਨੂੰ ਜਿਆਦਾ ਪੈਂਦੀ ਹੈ। ਜਿਹੜੇ ਜ਼ਿਆਦਾਂ ਝੂਠ ਬੋਲਣ ਦੇ ਆਦਿ ਹੁੰਦੇ ਹਨ।

**ਪ੍ਰਸ਼ਨ : ਕੀ ਬ੍ਰਹਿਮੰਡ ਦੇ ਕਿਸੇ ਹੋਰ ਗ੍ਰਹਿ ਤੇ ਜੀਵਨ ਦੀ ਕੋਈ ਸੰਭਾਵਨਾ ਹੈ ?**

ਉੱਤਰ : ਇਸ ਪ੍ਰਸ਼ਨ ਨੂੰ ਘੋਖਣ ਤੋਂ ਪਹਿਲਾਂ ਸਾਨੂੰ ਇਹ ਪਤਾ ਹੋਣਾ ਚਾਹੀਦਾਂ ਹੈ ਕਿ ਸਾਡੇ ਗ੍ਰਹਿ ਧਰਤੀ ਤੇ ਜੀਵਨ ਕਿਉਂ ਹੈ। ਕਿਉਂ ਸੂਰਜ ਮੰਡਲ ਦੇ ਕਿਸੇ ਹੋਰ ਗ੍ਰਹਿ ਤੇ ਜੀਵਨ ਦੀ ਸੰਭਾਵਨਾ ਘੱਟ ਹੈ। ਸਾਡੇ ਸੂਰਜ ਤੋਂ ਸਾਡੀ ਧਰਤੀ ਨਾ ਤਾਂ ਜਿਆਦਾ ਦੂਰ ਹੈ ਤੇ ਨਾ ਹੀ ਘੱਟ ਹੈ। ਜੇ ਇਹ ਜ਼ਿਆਦਾਂ ਦੂਰੀ 'ਤੇ ਹੁੰਦੀ। ਤਾਂ ਸੂਰਜ ਦੀ ਗਰਮੀ ਇਸ ਤੱਕ ਘੱਟ ਮਾਤਰਾ ਦੇ ਵਿੱਚ ਪੁੱਜਦੀ। ਜਿਸ ਨਾਲ ਇੱਥੋਂ ਦਾ ਤਾਪਮਾਨ ਘੱਟ ਹੁੰਦਾ। ਦਿਨ ਰਾਤ ਠੰਡੇ ਹੁੰਦੇ। ਜੇ ਜ਼ਿਆਦਾਂ ਨੇੜ੍ਹੇ ਹੁੰਦੀ ਤਾਂ ਇੱਥੇ ਜ਼ਿਆਦਾ ਗਰਮੀ ਪੈਂਦੀ। ਜਿਸ ਨਾਲ ਜੀਵਾਂ ਦਾ ਰਹਿਣਾਂ ਮੁਸ਼ਕਿਲ ਹੋ ਜਾਂਦਾ। ਇਸ ਤਰ੍ਹਾਂ ਹੀ ਸਾਡੀ ਧਰਤੀ ਦਾ ਭਾਰ ਦਰਮਿਆਨਾ ਹੈ ਜੇ ਜ਼ਿਆਦਾਂ ਹੁੰਦਾ ਤਾਂ ਖ਼ਿੱਚ ਸ਼ਕਤੀ ਵਧੇਰੇ ਹੁੰਦੀ। ਜੇ ਘੱਟ ਹੁੰਦਾ ਤਾਂ ਵੀ ਗਰੂਤਾਂ ਆਕਰਸ਼ਣ ਘੱਟ ਹੁੰਦਾ। ਨੇੜੇ ਹੁੰਦੀ ਤਾਂ ਇਸ ਦੇ ਦਿਨ ਰਾਤ ਛੋਟੇ ਹੁੰਦੇ। ਕਿਉਂਕਿ ਘੁੰਮਣ ਦੀ ਰਫ਼ਤਾਰ ਜ਼ਿਅਦਾਂ ਹੁੰਦੀ। ਅਜਿਹੀਆਂ ਸਾਰੀਆਂ ਹਾਲਤਾਂ ਹੀ ਜੀਵਾਂ ਲਈ ਜਿਉਣ ਦਾ ਸਬੱਬ ਬਣਦੀਆਂ ਹਨ। ਸੋ ਇਸੇ ਤਰ੍ਹਾਂ ਦੀਆਂ ਹਾਲਤਾਂ ਬ੍ਰਹਿਮੰਡ ਦੇ ਕਿਸੇ ਹੋਰ ਸੂਰਜ ਦੇ ਕਿਸੇ ਹੋਰ ਗ੍ਰਹਿ ਤੇ ਸੰਭਵ ਹੋ ਸਕਦੀਆਂ ਹਨ। ਸੋ ਐਲੀਅਨਜ ਦੀ ਹੋਂਦ ਤਾਂ ਹੋ ਸਕਦੀ ਹੈ ਅਤੇ ਇਹ ਵੀ ਸੰਭਾਵਨਾਂ ਹੈ ਕਿ ਉਹ ਧਰਤੀ ਦੇ ਵਸਨੀਕਾਂ ਨਾਲੋਂ ਵੱਧ ਵਿਕਸਿਤ ਹੋਣ ਸੋ ਐਲੀਅਨਜ ਦੀ ਸੰਭਾਵਨਾ ਨੂੰ ਰੱਦ ਨਹੀਂ ਕੀਤਾ ਜਾ ਸਕਦਾ। ਪਰ ਕਿਸੇ ਹੋਰ ਗ੍ਰਹਿ ਦੇ ਵਸਨੀਕਾਂ ਨਾਲ ਸੰਪਰਕ ਕਰਨ ਦੇ ਸਾਧਨਾਂ ਦਾ ਅੱਜ ਸਾਡੇ ਗ੍ਰਹਿ ਦੇ ਵਿਗਿਆਨ ਅਨੁਸਾਰ ਹੱਲ ਨਹੀਂ ਹੈ। ਕਿਸੇ ਹੋਰ ਗ੍ਰਹਿ ਦੇ ਐਲੀਅਨਜ ਦਾ ਧਰਤੀ ਤੇ ਆਉਣਾਂ ਵੀ ਧਰਤੀ ਲਈ ਮੁਸ਼ਿਬਤਾਂ ਖੜੀਆਂ ਕਰ ਸਕਦਾ ਹੈ।

**– ਮੇਘ ਰਾਜ ਮਿੱਤਰ**


# ਵਿਗਿਆਨ ਜੋਤ

*ਨੂੰ ਘਰ ਘਰ ਪਹੁੰਚਾਉਣ ਲਈ*
*ਇੱਕ ਵਿਸ਼ੇਸ਼ ਸਕੀਮ ਸ਼ੁਰੂ ਕੀਤੀ ਗਈ ਹੈ।*

'ਵਿਗਿਆਨ ਜੋਤ' ਦੀ ਦੋ ਸਾਲਾਂ ਦੀ ਮੈਂਬਰਸ਼ਿਪ 150 ਰੁਪਏ ਹੈ। ਜਿਹੜਾ ਸਹਿਯੋਗੀ ਇਸਦੇ ਨਵੇਂ ਪਾਠਕ ਬਣਾਏਗਾ ਉਹਨਾਂ ਨੂੰ ਹੇਠ ਲਿਖੇ ਇਨਾਮ ਦਿੱਤੇ ਜਾਣਗੇ।

**ਪੰਜ ਪਾਠਕ** ਬਣਾਉਣ ਵਾਲੇ ਨੂੰ
*70 ਰੁਪਏ ਮੁੱਲ ਦੀਆਂ ਕਿਤਾਬਾਂ*
ਇਨਾਮ ਵਜੋਂ ਭੇਜੀਆਂ ਜਾਣਗੀਆਂ।

**ਦਸ ਪਾਠਕ** ਬਣਾਉਣ ਵਾਲੇ ਨੂੰ
*160 ਰੁਪਏ ਮੁੱਲ ਦੀਆਂ ਕਿਤਾਬਾਂ*
ਇਨਾਮ ਵਜੋਂ ਭੇਜੀਆਂ ਜਾਣਗੀਆਂ।

**ਵੀਹ ਪਾਠਕ** ਬਣਾਉਣ ਵਾਲੇ ਨੂੰ
*340 ਰੁਪਏ ਮੁੱਲ ਦੀਆਂ ਕਿਤਾਬਾਂ*
ਇਨਾਮ ਵਜੋਂ ਭੇਜੀਆਂ ਜਾਣਗੀਆਂ।

**ਪੰਜਾਹ ਪਾਠਕ** ਬਣਾਉਣ ਵਾਲੇ ਨੂੰ
*1000 ਰੁਪਏ ਮੁੱਲ ਦੀਆਂ ਕਿਤਾਬਾਂ*
*ਅਤੇ ਇੱਕ ਪ੍ਰਸ਼ੰਸਾ ਪੱਤਰ*
ਇਨਾਮ ਵਜੋਂ ਭੇਜੇ ਜਾਣਗੇ।

ਪਾਠਕਾਂ ਦੀ ਇਕੱਠੀ ਲਿਸਟ ਪੂਰੇ ਪਤਿਆਂ ਅਤੇ ਬੈਂਕ ਡਰਾਫ਼ਟ ਸਮੇਤ ਹੇਠ ਲਿਖੇ ਪਤੇ ਤੇ ਭੇਜੀ ਜਾਵੇ :

*ਅਮਿੱਤ ਮਿੱਤਰ*
*ਤਰਕਸ਼ੀਲ ਨਿਵਾਸ, ਕੱਚਾ ਕਾਲਜ ਰੋਡ,*
*ਬਰਨਾਲਾ - 148101 (ਪੰਜਾਬ)*

ਨੋਟ ✪ ਇਨਾਮ ਵਿਚਲੀਆਂ ਕਿਤਾਬਾਂ ਤੁਹਾਡੀ ਚੋਣ ਅਨੁਸਾਰ ਮੈਗਜ਼ੀਨ ਵਿੱਚ ਛਪੀ ਲਿਸਟ, ਸਿਰਫ਼ ਤਰਕਭਾਰਤੀ ਪ੍ਰਕਾਸ਼ਨ ਜਾਂ ਵਿਸ਼ਵਭਾਰਤੀ ਪ੍ਰਕਾਸ਼ਨ ਵਿੱਚੋਂ ਹੀ ਉਪਲੱਬਧ ਹੋਣਗੀਆਂ ਤੇ ਮਿਲਣਗੀਆਂ।
✪ ਕਿਤਾਬਾਂ ਨੂੰ ਭੇਜਣ ਦਾ ਡਾਕ ਖਰਚ ਅਦਾਰਾ 'ਵਿਗਿਆਨ ਜੋਤ' ਦਾ ਹੋਵੇਗਾ।
✪ ਸਾਰੇ ਚੰਦੇ ਇੱਕੋ ਵੇਲੇ ਹੀ ਭੇਜੇ ਜਾਣ।

# ਘਰ ਵਾਪਸੀ ਦੇ ਬਹਾਨੇ ਧਰਮ ਦੀ ਦੁਕਾਨਦਾਰੀ



**ਭਾਰਤ ਭੂਸ਼ਨ ਸ਼੍ਰੀਵਾਸਤਵ**

ਘਰ ਵਾਪਸੀ ਦੇ ਨਾਂ ਉੱਤੇ ਜਿੱਥੇ ਵਿਸ਼ਵ ਹਿੰਦੂ ਪ੍ਰੀਸ਼ਦ ਅਤੇ ਆਰ. ਐਸ. ਐਸ. ਵਰਗੇ ਹਿੰਦੂ ਸੰਗਠਨਾਂ ਨੇ ਬੇਤੁਕੀ ਮੁਹਿੰਮ ਚਲਾਈ ਹੋਈ ਹੈ ਉਥੇ ਹੀ ਪ੍ਰਧਾਨ ਮੰਤਰੀ ਇਸਨੂੰ ਲੋਕਾਂ ਦਾ ਨਿਜੀ ਮਾਮਲਾ ਦੱਸ ਕੇ ਧਾਰਮਿਕ ਆਜ਼ਾਦੀ ਦੀ ਗੱਲ ਕਰਦੇ ਹਨ। ਲੇਖਕ ਇੱਕ ਦੂਜੇ ਨਾਲ ਜੁੜੇ ਸੰਗਠਨਾਂ ਤੋਂ ਨਿਕਲੀ ਧਰਮ ਦੇ ਬਾਰੇ ਅਲਗ ਅਲਗ ਵਿਚਾਰਧਾਰਵਾਂ ਅਤੇ ਧਰਮ ਦੇ ਧੰਦੇਬਾਜ਼ਾਂ ਦੀ ਦੁਕਾਨਦਾਰੀ ਉੱਤੇ ਪੜਤਾਲ ਕਰ ਰਿਹਾ ਹੈ।

ਆਖਰਕਾਰ ਬੀਤੀ 17 ਫਰਵਰੀ ਨੂੰ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੂੰ ਸਾਫ਼ ਤੌਰ ਉੱਤੇ ਇਹ ਗੱਲ ਕਹਿਣੀ ਹੀ ਪਈ ਜਿਸ ਦਾ ਉਹਨਾਂ ਦੇ ਪ੍ਰਧਾਨ ਮੰਤਰੀ ਬਣਨ ਦੇ ਬਾਅਦ ਲੋਕ ਉਡੀਕ ਕਰ ਰਹੇ ਸਨ। ਲੋਕਾਂ ਦੀ ਦਿਲਚਸਪੀ ਇਹ ਜਾਣਨ ਵਿੱਚ ਸੀ ਕਿ ਨਰੇਂਦਰ ਮੋਦੀ ਹਿੰਦੂਵਾਦੀ ਸੰਗਠਨਾਂ ਦੇ ਇਸ਼ਾਰੇ ਉੱਤੇ ਨੱਚਦੇ ਹੋਏ ਧਰਮ ਅਤੇ ਹਿੰਦੂਤਵ ਦੀ ਰਾਜਨੀਤੀ ਕਰਨਗੇ ਜਾਂ ਫਿਰ ਤਰੱਕੀ ਦੀ ਜਿਸ ਦੇ ਲਈ ਉਨ੍ਹਾਂ ਨੂੰ ਵੋਟ ਦਿੱਤਾ ਗਿਆ ਹੈ। ਉਸ ਦਿਨ ਨਰੇਂਦਰ ਮੋਦੀ ਦਿੱਲੀ ਵਿੱਚ ਈਸਾਈਆਂ ਦੇ ਇੱਕ ਵੱਡੇ ਧਾਰਮਿਕ ਜਲਸੇ ਵਿੱਚ ਸ਼ਾਮਲ ਹੋਏ ਸਨ ਜਿੱਥੇ ਉਨ੍ਹਾਂ ਨੇ ਕਿਹਾ ਕਿ ਧਰਮ ਕਿਸੇ ਵੀ ਆਦਮੀ ਦਾ ਨਿਜੀ ਮਾਮਲਾ ਹੈ ਅਤੇ ਹਰ ਕਿਸੇ ਨੂੰ ਆਪਣੀ ਮਰਜੀ ਨਾਲ ਧਰਮ ਚੁਣਨ ਦਾ, ਉਸ ਵਿੱਚ ਰਹਿਣ ਜਾਂ ਨਾ ਰਹਿਣ ਦਾ ਅਤੇ ਉਸ ਨੂੰ ਬਦਲਣ ਦਾ ਵੀ ਹੱਕ ਹੈ।

ਸਾਰੇ ਧਰਮਾਂ ਦੇ ਲੋਕਾਂ ਨੂੰ ਸੁਰੱਖਿਆ ਦੀ ਗਾਰੰਟੀ ਦੇਂਦੇ ਪ੍ਰਧਾਨ ਮੰਤਰੀ ਜੀ ਨੇ ਭਰੋਸਾ ਦਿਵਾਇਆ ਕਿ ਕਿਸੇ ਵੀ ਤਰ੍ਹਾਂ ਦੀ ਧਾਰਮਿਕ ਹਿੰਸਾ ਬਰਦਾਸ਼ਤ ਨਹੀਂ ਕੀਤੀ ਜਾਵੇਗੀ, ਦੇਸ਼ ਦਾ ਸੰਵਿਧਾਨ ਧਰਮ ਦੇ ਨਾਂ ਉੱਤੇ ਹਿੰਸਾ ਦੀ ਬਿਲਕੁਲ ਆਗਿਆ ਨਹੀਂ ਦੇਂਦਾ।

ਹਾਲਾਂਕਿ ਮੁਸ਼ਕਲ ਹੈ ਪਰ ਯਕੀਨ ਕਰਨਾ ਪਵੇਗਾ ਕਿ ਇਹ ਉਹੀ ਨਰੇਂਦਰ ਮੋਦੀ ਹੈ ਜਿਸ ਦੀ ਸ਼ੋਹਰਤ ਇੱਕ ਕੱਟੜਵਾਦੀ ਹਿੰਦੂ ਨੇਤਾ ਦੀ ਰਹੀ ਹੈ ਅਤੇ ਜਿਹਨਾਂ ਦੇ ਮੱਥੇ ਉੱਤੇ ਗੋਧਰਾ ਕਾਂਡ ਦਾ ਕਾਲਾ ਟਿੱਕਾ ਲੱਗਾ ਹੋਇਆ ਹੈ। ਫੌਰੀ ਤੌਰ ਉੱਤੇ ਜਾਣਕਾਰਾਂ ਦੁਆਰਾ ਅੰਦਾਜ਼ਾ ਇਹੀ ਲਗਾਇਆ ਗਿਆ ਕਿ ਇਹ ਓਬਾਮਾ ਫੈਕਟਰ ਦਾ ਅਸਰ ਹੈ। ਗਣਤੰਤਰ ਦਿਵਸ ਉੱਤੇ ਅਮਰੀਕੀ ਰਾਸ਼ਟਰਪਤੀ ਬਰਾਕ ਓਬਾਮਾ ਜਦ ਭਾਰਤ ਆਏ ਸਨ ਤਦ ਮੋਦੀ ਅਤੇ ਉਸ ਦੀ ਸਰਕਾਰ ਨੇ ਸਵਾਗਤ ਵਿੱਚ ਲਾਲ ਕਾਲੀਨ ਵਗੈਰਾ ਵਿਛਾਏ। ਵਾਪਸ ਜਾਂਦੇ ਓਬਾਮਾ ਨੇ ਨਰੇਂਦਰ ਮੋਦੀ ਨੂੰ ਸੁਚੇਤ ਕੀਤਾ ਸੀ ਕਿ ਉਹਨਾਂ ਨੂੰ ਧਰਮ ਦੇ ਨਾਂ ਉੱਤੇ ਸਮਾਜ ਨੂੰ ਵੰਡਣ ਵਾਲਿਆਂ ਤੋਂ ਬਚਣਾ ਚਾਹੀਦਾ ਹੈ। ਓਬਾਮਾ ਦਾ ਸਿੱਧਾ ਇਸ਼ਾਰਾ ਰਾਸ਼ਟਰੀ ਸਵੈਮ ਸੇਵਕ ਸੰਘ ਯਾਨੀ ਆਰ. ਐਸ. ਐਸ. ਵੱਲ ਸੀ। ਕਾਰਨ, ਦਸੰਬਰ ਜਨਵਰੀ ਦੇ ਮਹੀਨਿਆਂ ਵਿੱਚ ਹਿੰਦੂਵਾਦੀਆਂ ਨੇ ਧਰਮ ਦੇ ਨਾਂ ਉੱਤੇ ਜਮ ਕੇ ਹੱਲਾਗੁੱਲ ਮਚਾਇਆ ਸੀ ਜੋ ਕਲਾਬਾਜ਼ੀ ਹਾਲੇ ਤੱਕ ਜਾਰੀ ਹੈ। ਉਸ ਦੌਰਾਨ ਗਿਰਜਾਘਰਾਂ ਉੱਤੇ ਵੀ ਹਮਲੇ ਹੋਏ ਸਨ। ਕੋਈ ਆਯੋਧਿਆ ਵਿੱਚ ਰਾਮ ਮੰਦਰ ਬਣਾਉਣ ਦੀ ਗੱਲ ਕਰ ਰਿਹਾ ਸੀ, ਕੋਈ ਹਿੰਦੂਆਂ ਨੂੰ ਵੱਧ ਤੋਂ ਵੱਧ ਬੱਚੇ ਪੈਦਾ ਕਰਨ ਦਾ ਮਸ਼ਵਰਾਂ ਦੇ ਰਿਹਾ ਸੀ ਤਾਂ ਕੋਈ ਦੇਸ਼ ਨੂੰ ਹਿੰਦੂ ਰਾਸ਼ਟਰ ਐਲਾਨ ਕਰਵਾਉਣ ਉੱਤੇ ਤੁਲਿਆ ਸੀ। ਆਰ. ਐਸ. ਐਸ. ਦੇ ਸਹਿਯੋਗੀ ਸੰਗਠਨ ਵਿਸ਼ਵ ਹਿੰਦੂ ਪਰੀਸ਼ਦ ਦਾ ਖੁੱਲ੍ਹਾ ਇਹ ਐਲਾਨ ਸੀ ਕਿ ਭਾਵੇਂ ਕੁੱਝ ਵੀ ਹੋ ਜਾਵੇ, ਹਿੰਦੂ ਧਰਮ ਛੱਡ ਕੇ ਜੋ ਲੋਕ ਦੂਜੇ ਧਰਮਾਂ ਵਿੱਚ ਗਏ ਹਨ, ਉਨ੍ਹਾਂ ਨੂੰ ਹਰ ਕੀਮਤ ਉੱਤੇ ਹਿੰਦੂ ਧਰਮ ਵਿੱਚ ਵਾਪਸ ਲਿਆਂਦਾ ਜਾਵੇਗਾ। ਵਿਸ਼ਵ ਹਿੰਦੂ ਪਰੀਸ਼ਦ (ਵਿਹਿਮ) ਦੇ ਕਾਰਜਕਾਰੀ ਮੁੱਖੀ ਪ੍ਰਵੀਨ ਤੋਗੜੀਆ ਦੀ ਮੰਨੀਏ ਤਾਂ ਅਜਿਹੇ ਹਿੰਦੂਆਂ ਦੀ ਗਿਣਤੀ ਤਕਰੀਬਨ 15 ਕਰੋੜ ਹੈ।

ਇਹ ਇੱਤਫ਼ਾਕ (ਸੰਯੋਗ, ਸਹਿਮਤੀ, ਮੇਲ-ਮਿਲਾਪ) ਹੈ ਜਾਂ ਇਸ ਦੇ ਪਿੱਛੇ ਹਿੰਦੂ ਧਰਮ ਦੇ ਪੈਰੋਕਾਰਾਂ ਦੀ ਗੱਠਤੁਪ, ਇਹ ਖੁਲਾਸਾ ਮੁੱਦਤ ਬਾਅਦ ਹੋਵੇਗਾ ਪਰੰਤੂ 17 ਫ਼ਰਵਰੀ ਨੂੰ ਹੀ ਆਰ. ਐਸ. ਐਸ. ਦੇ ਪ੍ਰਧਾਨ ਮੋਹਨ ਭਾਗਵਤ ਨੇ ਕਾਨਪੁਰ ਵਿੱਚ ਸਾਫ਼ ਕਿਹਾ ਹੈ ਕਿ ਘਰ ਵਾਪਸੀ ਯਾਨੀ ਹਿੰਦੂਆਂ ਨੂੰ ਆਪਣੇ ਧਰਮ ਵਿੱਚ ਵਾਪਸ ਲਿਆਉਣ ਦੀ ਮੁਹਿੰਮ ਵਿੱਚ ਕੁੱਝ ਗਲਤ ਨਹੀਂ ਹੈ। ਇਹ ਮੁਹਿੰਮ ਜਾਰੀ ਰਹੇਗੀ। ਜੇਕਰ ਕੋਈ ਭਟਕਿਆ ਹੋਇਆ ਘਰ ਵਾਪਸ ਆਉਣਾ ਚਾਹੁੰਦਾ ਹੈ ਤਾਂ ਉਸਨੂੰ ਰੋਕਣਾ ਠੀਕ ਨਹੀਂ ਹੈ।

ਇਹਨਾਂ ਬਿਆਨਾਂ ਤੋਂ ਇੱਕ ਗੱਲ ਜ਼ਰੂਰ ਸਮਾਂ ਰਹਿੰਦੇ ਸਾਬਤ ਹੋ ਗਈ ਹੈ ਕਿ ਨਰੇਂਦਰ ਮੋਦੀ ਅਤੇ ਹਿੰਦੂਵਾਦੀ ਸੰਗਠਨਾਂ ਦੇ ਵਿੱਚ ਟਕਰਾਓ ਸ਼ੁਰੂ ਹੋ ਗਿਆ ਹੈ ਕਿਉਂਕਿ ਮੋਦੀ ਇਹਨਾਂ ਸੰਗਠਨਾਂ ਦੀ ਕਠਪੁਤਲੀ ਬਣਨ ਨੂੰ ਤਿਆਰ ਨਹੀਂ ਹੈ। ਇਸ ਦੇ ਪਹਿਲੇ ਦਸੰਬਰ 2014 ਦੇ ਤੀਸਰੇ ਹਫ਼ਤੇ ਵਿੱਚ ਹੀ ਉਹ ਸਾਫ਼ ਕਰ ਚੁੱਕੇ ਸਨ ਕਿ ਲੋਕਾਂ ਨੇ ਮੈਨੂੰ ਵਿਕਾਸ ਅਤੇ ਬਿਹਤਰ ਸ਼ਾਸ਼ਨ ਦੇ ਲਈ ਵੋਟ ਦਿੱਤੇ ਹਨ, ਪਰੰਤੂ ਹਿੰਦੂਵਾਦੀ ਸੰਗਠਨ ਗੜਬੜੀ ਮਚਾਉਂਦੇ ਹਨ ਜਿਸ ਨਾਲ ਤਰੱਕੀ ਵਿੱਚ ਵਿਘਨ ਪੈਂਦਾ ਹੈ। ਆਰ. ਐਸ. ਐਸ. ਨੂੰ ਗੁਜਾਰਿਸ਼ (ਬੇਨਤੀ) ਜਿਹੀ ਕਰਦੇ ਹੋਏ ਉਹਨਾਂ ਨੇ ਇਹ ਧੌਂਸ ਵੀ ਦਿੱਤੀ ਸੀ ਕਿ ਜੇਕਰ ਬਜਰੰਗ ਦਲ ਅਤੇ ਵਿਹਿਪ ਵਰਗੇ ਸੰਗਠਨ ਆਪਣੀਆਂ ਕਾਰਗੁਜਾਰੀਆਂ ਤੋਂ ਬਾਜ਼ ਨਹੀਂ ਆਉਂਦੇ ਹਨ ਤਾਂ ਮੈਂ ਪੀ. ਐਮ. ਅਹੁੱਦੇ ਦੀ ਕੁਰਸੀ ਛੱਡ ਦਿਆਂਗਾ, ਸਪੱਸ਼ਟ ਹੈ ਇਹ ਧੌਂਸ ਨਰੇਂਦਰ ਮੋਦੀ ਦੀ ਸਿਆਸੀ ਕਮਜ਼ੋਰੀ ਹੀ ਕਾਂਗਰਸ ਵਾਂਗ ਕਹੀ ਅਤੇ ਮੰਨੀ ਜਾਵੇਗੀ ਕਿ ਉਨ੍ਹਾਂ ਵਿੱਚ ਇਹਨਾਂ ਕੱਟੜਪੰਥੀਆਂ ਨਾਲ ਨਿਬਟਣ ਦਾ ਦਮ ਅਤੇ ਤਾਕਤ ਨਹੀਂ ਹੈ ਜਿਵੇਂ ਕਰੋੜਾਂ ਹਿੰਦੂਆਂ ਨੇ ਗੋਡੇ ਟੇਕੇ ਹੋਏ ਹਨ ਉਵੇਂ ਹੀ ਮੋਦੀ ਨੇ ਵੀ ਇਹਨਾਂ ਦੇ ਸਾਹਮਣੇ ਗੋਡੇ ਟੇਕ ਦਿੱਤੇ ਹਨ। ਇਹ ਗੱਲ ਕਤਈ ਦੇਸ਼ ਦੀ ਤਰੱਕੀ, ਸੁਰੱਖਿਆ ਅਤੇ ਖੁਸ਼ਹਾਲੀ ਦੇ ਹਿਸਾਬ ਨਾਲ ਠੀਕ ਨਹੀਂ ਕਿ ਜੇਕਰ ਅਸਲ ਰਾਜ

ਇਹਨਾਂ ਦਾਂ ਹੈ ਤਾਂ ਵੰਡ ਵੰਡਾਈ ਹੋਣ ਵਿੱਚ ਦੇਰ ਨਹੀ ਲੱਗਣ ਵਾਲੀ। ਹਿੰਦੂਵਾਦੀਆਂ ਦੇ ਇਰਾਦੇ ਕਿੰਨੇ ਖ਼ਤਰਨਾਕ ਹੋ ਚੁੱਕ ਹਨ, ਇਸਦਾ ਅੰਦਾਜ਼ਾ ਸਤਨਾ ਵਿੱਚ 20 ਫਰਵਰੀ ਨੂੰ ਪ੍ਰਵੀਨ ਤੋਗੜੀਆ ਦੇ ਇਸ ਬਿਆਨ ਤੋਂ ਲਗਾਇਆ ਜਾ ਸਕਦਾ ਹੈ ਕਿ ਅਸੀਂ ਰਾਵਲਪਿੰਡੀ ਵਿੱਚ ਭਗਵਾ ਲਹਿਰਾ ਕੇ ਹਿੰਦੂਰਾਸ਼ਟਰ ਬਣਾਵਾਂਗੇ। ਬਕੌਲ ਤੋਗੜੀਆ, ਹੁਣ ਤੋਂ 1400 ਸਾਲ ਪਹਿਲਾਂ ਸ਼ਾਹਰੁਖ ਅਤੇ ਸਲਮਾਨ ਖਾਨ ਨਹੀਂ ਸਨ ਕਿਉਂਕਿ ਤਦ ਮੁਸਲਮਾਨ ਪੈਦਾ ਹੀ ਨਹੀਂ ਹੋਏ ਸਨ। ਹਿੰਦੂ ਬੀਤੇ 2000 ਸਾਲਾਂ ਤੋਂ ਧਰਮ ਤਬਦੀਲੀ ਦਾ ਸ਼ਿਕਾਰ ਹਨ।

ਧਰਮ ਦੀਆਂ ਕਮਜ਼ੋਰੀਆਂ : ਧਰਮ ਨਾਲ ਸੰਬੰਧ ਰੱਖਦੀਆਂ ਇਹਨਾਂ ਗੱਲਾਂ ਅਤੇ ਬਿਆਨਾਂ ਨਾਲ ਹਿੰਦੂਆਂ ਦਾ ਕੀ ਭਲਾ ਹੋਵੇਗਾ, ਇਹ ਸ਼ਾਇਦ ਹੀ ਕੋਈ ਹਿੰਦੂਵਾਦੀ ਨੇਤਾ ਜਾਂ ਕਿਸੇ ਸੰਗਠਨ ਦਾ ਪ੍ਰਧਾਨ ਦੱਸ ਸਕੇ ਅਤੇ ਮੌਜੂਦਾ ਹਾਲਤ ਇਹ ਹੈ ਕਿ ਲੋਕ ਇਸ ਧਰਮ ਦੇ ਜਾਲ ਵਿੱਚ ਫਸੇ ਮੱਛੀ ਵਾਂਗ ਤੜਫ ਰਹੇ ਹਨ।

ਇਸ ਸਵਾਲ ਉੱਤੇ ਸਾਰੇ ਲੋਕ ਕੰਨੀ ਕਤਰਾਉਂਦੇ ਨਜ਼ਰ ਆਉਂਦੇ ਹਨ ਕਿ ਹਿੰਦੂ ਧਰਮ ਦੀਆਂ ਕਮਜ਼ੋਰੀਆਂ ਕੀ ਹਨ ਜਿਹਨਾਂ ਦੇ ਕਾਰਨ ਥੋੜ੍ਹੇ ਜਿਹੇ ਪੈਸਿਆਂ ਜਾਂ ਸਹੂਲਤਾਂ ਦੇ ਲਾਲਚ ਵਿੱਚ ਲੋਕ ਇਸ ਨੂੰ ਛੱਡ ਦਿੰਦੇ ਹਨ। ਦਰਅਸਲ, ਇਹ ਕਮਜ਼ੋਰੀਆਂ ਕਦੇ ਕਿਸੇ ਸਬੂਤ ਦੀਆਂ ਮੁਥਾਜ ਨਹੀਂ ਰਹੀਆਂ, ਉਲਟੇ ਰੋਜ਼ਾਨਾ ਉਜਾਗਰ ਹੁੰਦੀਆਂ ਹਨ। ਝਾਂਸੀ ਵਿੱਚ ਇੱਕ ਦਲਿਤ ਅਮਰ ਸਿੰਘ ਦੀ ਨੱਕ ਸਿਰਫ ਇਸ ਲਈ ਵੱਢ ਦਿੱਤੀ ਗਈ ਕਿ ਬਰਾਤ ਵਿੱਚ ਉਸ ਨੇ ਉੱਚੀ ਜਾਤ ਵਾਲਿਆਂ ਦੇ ਬਰਾਬਰ ਬੈਠ ਕੇ ਖਾਣਾ ਖਾਣ ਦਾ ਪਾਪ ਕਰ ਦਿੱਤਾ ਸੀ ਜੋ ਪ੍ਰਭਾਵਸ਼ਾਲੀ ਲੋਕਾਂ ਨੂੰ ਚੰਗਾ ਨਹੀਂ ਲੱਗਿਆ ਸੀ। ਛੂਆਛੂਤ, ਜਾਤਪਾਤ, ਭੇਦਭਾਵ ਅਤੇ ਅੱਤਿਆਚਾਰ ਏਨੇ ਆਮ ਹਨ ਕਿ ਦੇਸ਼ਭਰ ਦੇ ਅਖ਼ਬਾਰਾਂ ਵਿੱਚ ਰੋਜ਼ ਕੋਈ ਦਰਜਨ ਭਰ ਖ਼ਬਰਾਂ ਛਪਦੀਆਂ ਹਨ।

ਦਲਿਤ ਦੂਲਹੇ ਨੂੰ ਘੋੜੀ ਉੱਤੇ ਚੜ੍ਹ ਕੇ ਬਰਾਤ ਕੱਢਣ ਦਾ ਹੱਕ ਨਹੀਂ। ਦਲਿਤ ਇਸਤਰੀਆਂ ਦੀ ਇਜੱਤ ਲੁੱਟਣਾ ਉੱਚੀ ਜਾਤ ਵਾਲੇ ਆਪਣਾ ਪੈਦਾਇਸ਼ੀ ਹੱਕ ਸਮਝਦੇ ਹਨ। ਦਲਿਤਾਂ ਨੂੰ ਮੰਦਰਾਂ ਵਿੱਚ ਦਾਖ਼ਲ ਨਹੀਂ ਹੋਣ ਦਿੱਤਾ ਜਾਂਦਾ। ਉਹਨਾਂ ਨੂੰ ਪਿੰਡ ਦੇ ਖ਼ੂਹ ਤੋਂ ਪੀਣ ਦਾ ਪਾਣੀ ਤੱਕ ਭਰਨ ਨਹੀਂ ਦਿੱਤਾ ਜਾਂਦਾ। ਅਜਿਹੇ ਵਿੱਚ ਉਹ ਲੋਕ ਜਿਉਂ ਉਸ ਧਰਮ ਵਿੱਚ ਬਣੇ ਰਹਿਕੇ ਅੱਤਿਆਚਾਰ ਅਤੇ ਸ਼ੋਸ਼ਣ ਸਹਿਣਗੇ। ਇਹਨਾਂ ਗੱਲਾਂ ਉੱਤੇ ਸੱਭ ਦੇ ਬੁੱਲ੍ਹ ਸੀਤੇ ਰਹਿੰਦੇ ਹਨ ਪਰੰਤੂ ਰਾਵਲਪਿੰਡੀ ਜਾ ਕੇ ਭਗਵਾਂ ਲਹਿਰਾਉਣ ਦੀ ਗੱਲ ਕੀਤੀ ਜਾ ਰਹੀ ਹੈ, 15 ਕਰੋੜ ਲੋਕਾਂ ਨੂੰ ਵਾਪਸ ਹਿੰਦੂ ਧਰਮ ਵਿੱਚ ਲਿਆਉਣ ਦੀ ਮੁਹਿੰਮ ਛੇੜੀ ਜਾ ਰਹੀ ਹੈ। ਮੋਹਨ ਭਾਗਵਤ ਦੀ ਮੰਨੀਏ ਤਾਂ ਇਸ ਬਾਰੇ ਆਰ. ਐਸ. ਐਸ. ਅਤੇ ਸਹਿਯੋਗੀ ਸੰਗਠਨਾਂ ਦੀ ਜ਼ੁੰਮੇਵਾਰੀ ਹੋਰ ਵੱਧ ਗਈ ਹੈ। ਯਾਨੀ ਛੁਆਛੂਤ ਅਤੇ ਜਾਤੀਗਤ ਭੇਦਭਾਵ ਤੋਂ ਇਹਨਾਂ ਨੂੰ ਕੋਈ ਮਤਲਬ ਨਹੀਂ ਕਿਉਂਕਿ ਉਹਨਾਂ ਦੇ ਅਨੁਸਾਰ ਇਹ ਹਿੰਦੂ ਧਰਮ ਦੀਆਂ ਕਮਜ਼ੋਰੀਆਂ ਨਹੀਂ, ਖ਼ੂਬੀਆਂ ਹਨ ਜਿਹਨਾਂ ਨਾਲ ਲਾਭ ਪੰਡੇਪੁਜਾਰੀਆਂ ਦਾ ਹੁੰਦਾ ਹੈ।

ਛੁਆਛੂਤ ਨਾਲ ਜੁੜੇ ਬੁੰਦੇਲਖੰਡ ਇਲਾਕੇ ਦੇ ਦਮੋਹ ਜ਼ਿਲ੍ਹੇ ਦੇ ਇੱਕ ਮਾਮਲੇ ਉੱਤੇ ਤੁਸੀਂ ਵੀ ਗੌਰ ਕਰੋ। ਜ਼ਿਲ੍ਹੇ ਦੇ ਜਵੇਰਾ ਬਲਾਕ ਦੇ ਪਿੰਡ ਗੁਜਰਾਕਲਾਂ ਵਿੱਚ 2 ਸਾਲ ਦੀ ਇੱਕ ਮਾਸੂਮ ਦਲਿਤ ਨੇ ਖੇਡਦੇ-ਖੇਡਦੇ ਨਲਕੇ ਜਾਂ ਖੂਹ ਉਤੇ ਰੱਖੇ ਉੱਚੀ ਜਾਤ ਵਾਲਿਆਂ ਦੇ ਭਾਂਡੇ ਛੂਹ ਲਏ ਤਾਂ ਉੱਚੀ ਜਾਤ ਵਾਲਿਆਂ ਨੇ ਪੁੱਤਰੀ ਦੇ ਪਿਤਾ ਭਾਗਚੰਦ ਪ੍ਰਜਾਪਤੀ ਤੋਂ ਬਰਤਨਾਂ ਦੇ ਪੈਸੇ ਮੰਗਣੇ ਸ਼ੁਰੂ ਕਰ ਦਿੱਤੇ। ਉਹਨਾਂ ਦਾ ਕਹਿਣਾ ਸੀ ਕਿ ਤੇਰੀ ਪੁੱਤਰੀ ਦੇ ਛੂਹਣ ਨਾਲ ਸਾਡੇ ਭਾਂਡੇ ਗੰਦੇ ਹੋ ਗਏ ਹਨ, ਇਹਨਾਂ ਨੂੰ ਤੂੰ ਹੀ ਰੱਖ ਅਤੇ ਸਾਨੂੰ ਭਾਂਡਿਆਂ ਦੀ ਕੀਮਤ ਦੇ ਦਿਓ।

ਨੀਂਹ ਵਿੱਚ ਪੈਸਾ : ਮਤਲਬ, ਪੈਸੇ ਲੈਣ ਤੋਂ ਪਰਹੇਜ਼ ਨਹੀਂ ਹੈ। ਇਹੀ ਉਹ ਵਜਹ ਹੈ ਜੋ ਦੱਸਦੀ ਹੈ ਕਿ ਵਾਵਰੋਲਾ ਜਾਂ ਹਲਚਲ ਭਾਵੇਂ ਬਰਤਨ ਛੂਹਣ ਦਾ ਹੋਵੇ ਜਾਂ ਫੇਰ ਭਗਵਾਂ ਲਹਿਰਾਉਣ ਦਾ, ਉਹਨਾਂ ਦੀ ਜੜ ਵਿੱਚ ਪੈਸਾ ਹੁੰਦਾ ਹੈ।

ਜ਼ਿਆਦਾਤਰ ਦਲਿਤ ਗਰੀਬ ਹਨ, ਇਸ ਲਈ ਉਨ੍ਹਾਂ ਨੂੰ ਹਿੰਦੂ ਨਹੀਂ ਮੰਨਿਆ ਜਾਂਦਾ ਪਰੰਤੂ ਇੱਕ ਵੱਡੀ ਤਬਦੀਲੀ 30 ਸਾਲ ਇਹ ਆਈ ਹੈ ਕਿ ਪਿਛੜਿਆਂ ਦੀ ਗਿਣਤੀ ਹਿੰਦੂਆਂ ਵਿੱਚ ਇੱਜ਼ਤ ਨਾਲ ਕੀਤੀ ਜਾਣ ਲੱਗੀ ਹੈ। ਪੰਡੇ ਇਹਨਾਂ ਦੇ ਘਰ ਜਾਕੇ ਪੂਜਾ-ਪਾਠ ਕਰਵਾਉਣ ਲੱਗੇ ਹਨ। ਉਹ ਯੱਗ, ਹਵਨ ਸਹਿਤ ਸੱਤਿਆਨਾਰਾਇਣ ਦੀ ਕਥਾ ਪੜ੍ਹਦੇ ਹਨ, ਵਿਆਹ ਕਰਵਾਉਂਦੇ ਹਨ ਅਤੇ ਇਸਦੇ ਬਦਲੇ ਵਿੱਚ ਖ਼ੂਬ ਮਾਲਪੂੜੇ ਉਡਾਂਦੇ ਹਨ ਅਤੇ ਜੇਬਾਂ ਵਿੱਚ ਦੱਛਣਾ ਦੇ ਨੋਟ ਤੁੰਨ ਕੇ ਲਿਆਉਂਦੇ ਹਨ।

ਇਹਨਾਂ ਪਿਛੜਿਆਂ ਦੀ ਹਾਲਤ ਵੀ 30-40 ਸਾਲ ਪਹਿਲਾਂ ਤੱਕ ਅੱਜ ਦੇ ਦਲਿਤਾਂ ਵਰਗੀ ਹੀ ਸੀ ਪਰੰਤੂ ਪੜ੍ਹ ਲਿਖ ਕੇ ਇਹਨਾਂ ਨੇ ਪੈਸਾ ਕਮਾਇਆ, ਸਰਕਾਰੀ ਨੌਕਰੀਆਂ ਪ੍ਰਾਪਤ ਕੀਤੀਆਂ ਅਤੇ ਖੇਤੀ ਅਤੇ ਵਪਾਰ ਤੋਂ ਵੀ ਖਾਸਾ ਪੈਸਾ ਕਮਾਇਆ ਤਾਂ ਇਹ ਕਦੋਂ ਏਨੇ ਵੱਡੇ ਹਿੰਦੂ ਹੋ ਗਏ ਕਿ ਇਹਨਾਂ ਦੇ ਇਸ਼ਾਰੇ ਉੱਤੇ ਪੰਡੇ ਪੁਜਾਰੀ ਨੱਚਣ ਲੱਗੇ, ਇਹ ਤਾਂ ਪਤਾ ਹੀ ਨਹੀਂ ਚੱਲਿਆ।

ਦੇਸ਼ ਦੀ ਤਸਵੀਰ ਅਤੇ ਮਾਹੌਲ 20 ਸਾਲਾਂ ਵਿੱਚ ਤੇਜ਼ੀ ਨਾਲ ਬਦਲੇ ਹਨ। ਹੁਣ ਉੱਚੀ ਜਾਤੀ ਵਾਲੇ ਜ਼ਿਆਦਾਤਰ ਲੋਕ ਧਾਰਮਕ ਪਖੰਡਾਂ ਅਤੇ ਮੱਕੜਜਾਲ ਤੋਂ ਛੁਟਕਾਰਾ ਚਾਹੁੰਣ ਲੱਗੇ ਹਨ ਪਰੰਤੂ ਉਹ ਮੁਸਲਮਾਨ ਜਾਂ ਈਸਾਈ ਨਹੀਂ ਬਣਦੇ। ਚੁੱਪਚਾਪ ਹਿੰਦੂ ਧਰਮ ਦਾ ਹਿੱਸਾ ਬਣੇ ਹਨ। ਇਹਨਾਂ ਨੇ ਧਰਮ ਦੇ ਨਾਂ ਉੱਤੇ ਬਹੁਤ ਪੈਸਾ ਲੁਟਾਇਆ ਅਤੇ ਜਦ ਸਦੀਆਂ ਬਾਅਦ ਹੋਸ਼ ਆਇਆ ਤਾਂ ਸੰਭਲ ਗਏ ਅਤੇ ਆਪਣੀਆਂ ਬੇਵਕੂਫ਼ੀਆਂ ਅਤੇ ਠਗਾਏ ਜਾਣ ਉੱਤੇ ਹੱਥ ਮਲ ਰਹੇ ਹਨ।

ਪਿਛੜੇ ਅਤੇ ਦਲਿਤ ਹਾਲੇ ਵੀ ਨਹੀਂ ਸੰਭਲ ਰਹੇ ਹਨ। ਪਿਛੜਿਆਂ ਨੂੰ ਦੱਸਿਆ ਜਾ ਰਿਹਾ ਹੈ ਕਿ ਤੁਸੀਂ ਹਿੰਦੂ ਹੋ, ਖ਼ੂਬ ਧਰਮ-ਕਰਮ ਕਰੋ, ਵਰਤ ਰੱਖੋ, ਤੀਰਥ ਕਰੋ, ਜਨੇਊ ਲਟਕਾਉ। ਪਰੰਤੂ ਦਲਿਤਾਂ ਨੂੰ ਝਿੜਕਿਆ ਜਾ ਰਿਹਾ ਹੈ ਕਿਉਂਕਿ ਉਹਨਾਂ ਦੀ ਗੱਠ ਵਿੱਚ ਚੜ੍ਹਾਵੇ ਦੇ ਲਈ ਪੈਸਾ ਨਹੀਂ ਹੈ। ਜਿਸ ਦਿਨ ਇਹ ਵੀ ਪੈਸੇ ਵਾਲੇ ਹੋ ਜਾਣਗੇ, ਉਸ ਦਿਨ ਇਹਨਾਂ ਨੂੰ ਵੀ ਹਿੰਦੂ ਕਰਾਰ ਦੇ ਦਿੱਤਾ ਜਾਵੇਗਾ।

ਜਿਹੜੇ ਦਲਿਤ ਘਬਰਾ ਜਾਂਦੇ ਹਨ ਉਹ ਦੂਜੇ ਧਰਮ ਵਿੱਚ ਚਲੇ ਜਾਂਦੇ ਹਨ। ਆਦਿ ਵਾਸੀ ਵੱਡੇ ਪੈਮਾਨੇ ਉੱਤੇ ਈਸਾਈ ਬਣ ਰਹੇ ਹਨ। ਉਹਨਾਂ ਨੂੰ ਈਸਾਈ ਮਿਸ਼ਨਰੀ ਚਰਚਾ ਵਿੱਚ ਲੈ ਜਾ ਕੇ ਪ੍ਰਾਰਥਨਾ ਕਰਨਾ ਸਿਖਾਉਂਦੇ ਹਨ ਅਤੇ ਗਲੇ ਵਿੱਚ ਕਰਾਸ ਲਟਕਾ ਦੇਂਦੇ ਹਨ ਕਿ ਹੁਣ ਤੁਹਾਡੇ ਪ੍ਰਭੂ ਯੀਸ਼ੂ ਹਨ ਜੋ ਸਾਰੇ ਦੁੱਖ, ਦਰਦ ਦੂਰ ਕਰਨਗੇ, ਇਸ ਲਈ ਚਿੰਤਾ ਨਾ ਕਰੋ। ਹਾਲਾਂਕਿ ਦਲਿਤਾਂ ਦਾ ਪਹਿਲਾ ਪਸੰਦੀ ਦਾ ਧਰਮ ਬੁੱਧ ਹੈ ਜਿਸ ਤੋਂ ਹਿੰਦੂਵਾਦੀ ਜ਼ਿਆਦਾ ਖ਼ਤਰਾ ਨਹੀਂ ਮਹਿਸੂਸ ਕਰਦੇ ਕਿਉਂਕਿ ਬੁੱਧ ਧਰਮ ਵਿੱਚ ਜਾਣ ਦੇ ਬਾਅਦ ਵੀ ਦਲਿਤ ਹਿੰਦੂ ਧਰਮ ਦੇ ਪਖੰਡ ਅਤੇ ਕਰਮਕਾਂਡ ਨਹੀਂ ਛੱਡਦੇ ਹਨ। ਲੱਗਭਗ 10 ਫੀਸਦੀ ਦਲਿਤ ਮੁਸਲਮਾਨ ਬਣਦੇ ਹਨ ਜਿਸ ਤੋਂ ਹਿੰਦੂਵਾਦੀਆਂ ਦੀਆਂ ਤਿਉੜੀਆਂ ਚੜ੍ਹ ਜਾਂਦੀਆਂ ਹਨ ਅਤੇ ਝਗੜੇ ਫਸਾਦ ਸ਼ੁਰੂ ਹੋ ਜਾਂਦੇ ਹਨ। ਉਦੇਸ਼, ਸਮਾਜ ਵਿੱਚ ਦਹਿਸ਼ਤ ਫੈਲਾਉਣਾ ਹੁੰਦਾ ਹੈ।

ਦਹਿਸ਼ਤ ਵੀ ਚੜ੍ਹਾਵੇ ਦੇ ਲਈ : ਦਰਅਸਲ, ਇਹ ਸਾਰਾ ਖੇਲ ਜੋ ਸ਼ੁਰੂ ਤੋਂ ਹੀ ਸਾਜਸ਼ ਹੈ, ਸਿਰਫ ਚੜ੍ਹਾਵੇ ਦੇ ਲਈ ਹੈ। ਇਸ ਲਈ ਦਲਿਤਾਂ ਨੂੰ ਸਮਝ ਦਿੱਤੀ ਜਾਂਦੀ ਹੈ ਕਿ ਇਸ ਜਨਮ ਅਤੇ ਜਾਤੀ ਵਿੱਚ ਰਹਿੰਦੇ ਪੰਡੇਪੁਜਾਰੀਆਂ ਨੂੰ ਆਪਣੀ ਹੈਸੀਅਤ ਦੇ ਅਨੁਸਾਰ ਦਾਨ ਦੇਂਦੇ ਰਹੋ, ਭਗਵਾਨ ਤੁਹਾਨੂੰ ਅਗਲੇ ਜਨਮ ਵਿੱਚ ਜ਼ਰੂਰ ਉੱਚੀ ਜਾਤੀ ਵਿੱਚ ਪੈਦਾ ਕਰੇਗਾ। ਜ਼ਿਆਦਾਤਰ ਦਲਿਤ ਇਸੇ ਲਾਲਚ ਦੇ ਕਾਰਨ ਹਿੰਦੂ

ਦਲਿਤ ਬਣੇ ਰਹਿੰਦੇ ਹਨ ਕਿ ਚਲੋ, ਇਹ ਤਾਂ ਫਿਟਕਾਰ ਖਾਣ ਵਿੱਚ ਲੰਘ ਗਿਆ, ਹੁਣ ਅਗਲਾ ਜਨਮ ਤਾਂ ਦੱਛਨਾ ਦੇ ਦਮ ਨਾਲ ਸੁਧਰ ਜਾਵੇਗਾ। ਇਹ ਸਿਲਸਿਲਾ 2000 ਸਾਲਾਂ ਤੋਂ ਚੱਲ ਰਿਹਾ ਹੈ। ਪਹਿਲਾਂ ਸਵਰਣ (ਵੱਡੀ ਜਾਤ ਵਾਲੇ) ਵੱਡੇ ਗਾਹਕ ਸਨ, ਹੁਣ ਪਿਛਲੇ ਹਨ, ਕੁੱਝ ਸਾਲਾਂ ਬਾਅਦ ਦਲਿਤ ਹੋਣਗੇ ਜੋ ਸਚਾਈ ਸਮਝਣ ਦੇ ਬਾਅਦ ਵੀ ਢੀਠਪੁਣੇ ਵਿੱਚ ਕੁੱਝ ਨਾ ਕੁੱਝ ਚੜ੍ਹਾਂਦੇ ਰਹਿਣਗੇ ਯਾਨੀ ਪੰਡੇ-ਪੁਜਾਰੀਆਂ ਦੇ ਹੱਥਾਂ ਵਿੱਚ ਹਰ ਪਾਸੇ ਤੋਂ ਲੱਡੂ ਹਨ। ਹਰ ਹਾਲ ਵਿੱਚ ਉਹਨਾਂ ਦੀ ਥਾਲੀ ਵਿੱਚ ਹਲਵਾਪੂਰੀ ਰਹਿਣੀ ਹੈ। ਸ਼ਰਤ ਏਨੀ ਕੁ ਹੈ ਕਿ ਪੂਜਾ ਪਾਠ ਹੁੰਦੇ ਰਹਿਣੇ ਚਾਹੀਦੇ ਹਨ ਅਤੇ ਦਾਨਦੱਛਨਾ ਦਾ ਮਾਹੌਲ ਬਣਿਆ ਰਹਿਣਾ ਚਾਹੀਦਾ।

ਅਸਲ ਮੁੱਦਿਆਂ ਅਤੇ ਇਸ ਸਚਾਈ ਤੋਂ ਧਿਆਨ ਵੰਡਾਈ ਰੱਖਣ ਦੇ ਲਈ ਘਰ ਵਾਪਸੀ ਦਾ ਹੱਲਾ ਮਚਾਇਆ ਜਾਂਦਾ ਹੈ। ਇਸ ਤੋਂ ਵੀ ਗੱਲ ਬਣਦੀ ਨਾ ਦਿੱਸੇ ਤਾਂ ਮੰਦਰ ਬਣਾਉਣ ਦਾ ਜਿੰਨ ਕੱਢ ਕੇ ਹਿੰਦੂਵਾਦੀ ਵਰਕਰ ਪਿੰਡ-ਪਿੰਡ ਅਖੰਡ ਰਾਮਾਇਣ ਦਾ ਪਾਠ ਕਰਨ ਲੱਗਦੇ ਹਨ। ਅਜਿਹਾ ਵੀ ਨਹੀਂ ਹੈ ਕਿ ਦੂਜੇ ਧਰਮ ਵਿੱਚ ਜਾਣ ਦੇ ਬਾਅਦ ਦਲਿਤ ਹਿੰਦੂਆਂ ਦੀ ਬਦਹਾਲੀ ਦੂਰ ਹੋ ਜਾਂਦੀ ਹੈ। ਉਲਟਾ ਹੁੰਦਾ ਇਹ ਹੈ ਕਿ ਇਹ ਦੂਜੇ ਧਰਮ ਦੀ ਗੁਲਾਮੀ ਕਰਨ ਲੱਗਦੇ ਹਨ। ਈਸਾਈ ਬਣੇ ਆਦਿਵਾਸੀਆਂ ਦਾ ਅੱਜ ਤੱਕ ਕੋਈ ਭਲਾ ਨਹੀਂ ਹੋਇਆ ਹੈ। ਉਹ ਪੰਡੇ ਦੀ ਜਗਾਹ ਫਾਦਰ ਅਤੇ ਸ਼ੰਕਰ, ਹਨੂੰਮਾਨ, ਰਾਮ ਦੀ ਬਜਾਏ ਈਸਾ ਨੂੰ ਪੂਜਣ ਲੱਗੇ ਹਨ। ਉਹ ਹੱਡਭੰਨਵੀਂ ਮਿਹਨਤ ਕਰਕੇ ਪੈਸਾ ਕਮਾਉਂਦੇ ਹਨ ਅਤੇ ਗਿਰਜੇ ਦੀ ਪੇਟੀ ਵਿੱਚ ਪਾ ਆਉਂਦੇ ਹਨ। ਉਥੇ ਛੁਆਛੂਤ ਜਾਂ ਭੇਦਭਾਵ ਇਸ ਲਈ ਨਹੀਂ ਹੈ ਕਿ ਕਦੇ ਕੋਈ ਉੱਚੀ ਜਾਤੀ ਵਾਲਾ ਮੁਸਲਮਾਨ, ਈਸਾਈ ਜਾਂ ਬੋਧੀ ਨਹੀਂ ਬਣਦਾ ਹੈ। ਇਸ ਧਰਮ ਵਿੱਚ ਸਾਰੇ ਉਨ੍ਹਾਂ ਦੀ ਬਰਾਬਰੀ ਦੀ ਹੈਸੀਅਤ ਦੇ ਲੋਕ ਹਨ। ਇਸ ਦੇ ਇਲਾਵਾ, ਈਸਾਈ ਲੋਕ ਆਪਣੇ ਧਰਮ ਵਿੱਚ ਆਏ ਲੋਕਾਂ ਦੀ ਮਦਦ ਵੀ ਕਰਦੇ ਹਨ ਅਤੇ ਸਿਹਤ ਅਤੇ ਸਿੱਖਿਆ ਦਾ ਵੀ ਪ੍ਰਬੰਧ ਕਰਦੇ ਹਨ। ਇਸ ਨਾਲ ਜਾਗਰੂਕਤਾ ਆਉਂਦੀ ਹੈ ਤਾਂ ਹਿੰਦੂ ਠੇਕੇਦਾਰ ਘਬਰਾਉਣ ਲੱਗਦੇ ਹਨ। ਇਸੇ ਘਬਰਾਹਟ ਵਿੱਚ ਆਰ. ਐਸ. ਐਸ. ਦੇ ਮੁੱਖੀਆ ਮੋਹਨ ਭਾਗਵਤ ਨੇ ਬੀਤੀ 23 ਫਰਵਰੀ ਨੂੰ ਜੈਪੁਰ ਵਿੱਚ ਮਸ਼ਹੂਰ ਸਮਾਜਸੇਵੀ ਮਦਰ ਟੇਰੇਸਾ ਉੱਤੇ ਨਿਸ਼ਾਨਾ ਲਗਾਉਂਦੇ ਹੋਏ ਕਹਿ ਹੀ ਦਿੱਤਾ ਕਿ ਸੇਵਾ ਦੀ ਓਟ ਵਿੱਚ ਧਰਮ ਤਬਦੀਲ ਕਰਾਉਂਦੀ ਸੀ। ਇਸ ਬਿਆਨ ਉੱਤੇ ਕੁਦਰਤੀ ਤੌਰ ਉੱਤੇ ਬਹੁਤ ਝਗੜਾ ਹੋਇਆ ਪਰੰਤੂ ਸਾਬਤ ਇਹ ਵੀ ਹੋਇਆ ਕਿ ਹਿੰਦੂ ਧਰਮ ਵਿੱਚ ਸੇਵਾ ਅਤੇ ਮਦਦ ਕਰਨ ਦੀਆਂ ਗੱਲਾਂ ਉੱਤੇ ਕੋਈ ਅਮਲ ਨਹੀਂ ਕਰਦਾ ਹੈ। ਜਿਹੜੇ ਦਲਿਤ ਬੋਧੀ ਬਣ ਗਏ ਉਹਨਾਂ ਨੇ ਏਨਾ ਭਰ ਦਿੱਤਾ ਕਿ ਬੁੱਧ ਦੀ ਮੂਰਤੀ ਦੀ ਪੂਜਾ ਸ਼ੁਰੂ ਕਰ ਦਿੱਤੀ। ਪੂਜਾ ਪਾਠ ਦੀ ਆਦਤ ਤੋਂ ਬੁੱਧ ਧਰਮ ਦੇ ਠੇਕੇਦਾਰਾਂ ਨੂੰ ਵੀ ਇਤਰਾਜ਼ ਨਹੀਂ ਕਿਉਂਕਿ ਉਹਨਾਂ ਨੂੰ ਵੀ ਗਿਣਤੀ ਦੇ ਨਾਲ-ਨਾਲ ਤਕੜਾ ਪੈਸਾ ਚਾਹੀਦਾ ਹੈ। ਦਲਿਤ ਮਿਹਨਤ ਮਜ਼ਦੂਰੀ ਕਰਕੇ ਪੈਸਾ ਕਮਾਉਂਦੇ ਹਨ ਅਤੇ ਬੁੱਧ ਮੰਦਰਾਂ ਵਿੱਚ ਦਾਨ ਕਰ ਦੇਂਦੇ ਹਨ। ਮੁਸਲਮਾਨ ਬਣੇ ਅਤੇ ਬਣ ਰਹੇ ਦਲਿਤਾਂ ਨੂੰ ਤਾਂ ਸ਼ੁਰੂ ਵਿੱਚ ਇਹ ਵੀ ਨਹੀਂ ਕਰਨਾ ਪੈਂਦਾ।

ਪ੍ਰਵੀਨ ਤੋਗੜੀਆ ਵਰਗੇ ਹਿੰਦੂਵਾਦੀ ਲੀਡਰਾਂ ਦੀ ਨਜ਼ਰ ਵਿੱਚ ਜੋ ਅੱਜ ਸਲਮਾਨ, ਸ਼ਾਹਰੁਖ ਖਾਨ ਹਨ ਉਨ੍ਹਾਂ ਦੇ ਵੱਡ-ਵੱਡੇਰੇ ਹਿੰਦੂ ਸਨ। ਤਕਲੀਫ਼ ਤਾਂ ਇਸ ਗੱਲ ਦੀ ਹੈ ਕਿ ਇਹ ਖਾਨ ਪੈਸਾ ਇਸਲਾਮ ਨੂੰ ਦੇਂਦੇ ਹਨ, ਹਿੰਦੂ ਹੁੰਦੇ ਤਾਂ ਅਮਿਤਾਭ ਬੱਚਨ ਵਾਂਗ ਕਰੋੜਾਂ ਦਾ ਚੜ੍ਹਾਵਾ ਪੰਡਿਆਂ ਨੂੰ ਦੇਂਦੇ।

ਆਮ ਆਦਮੀ ਕੀ ਕਰੇ : ਧਰਮ ਅਤੇ ਉਸ ਦੀ ਦੁਕਾਨਦਾਰੀ ਬੇਧੜਕ ਚੱਲ ਰਹੀ ਹੈ ਅਤੇ ਖ਼ੂਬ ਫ਼ਲਫੁੱਲ ਰਹੀ ਹੈ। ਅੰਦਰੂਨੀ ਤੌਰ ਉੱਤੇ ਧਰਮ ਦੇ ਠੇਕੇਦਾਰਾਂ ਨੂੰ ਕੋਈ ਸ਼ਿਕਾਇਤ ਜਾਂ ਗਿਲਾ ਇੱਕ ਦੂਜੇ ਨਾਲ ਨਹੀਂ, ਸਗੋਂ ਸਹੂਲਤ ਹੈ ਕਿ ਗਾਹਕ ਕਿਸੇ ਵੀ ਧਰਮ ਵਿੱਚ ਰਹੇ, ਪੈਸਾ ਤਾਂ ਦੇਵੇਗਾ ਹੀ। ਫੇਰ ਝਗੜਾ ਕੀ ਹੈ ਅਤੇ ਮੁੱਦਾ ਕੀ ਹੈ, ਇਸ ਸਵਾਲ ਦਾ ਜਵਾਬ ਵੀ ਬੇਹੱਦ ਸਾਫ਼ ਹੈ ਕਿ ਕੁੱਝ ਨਹੀਂ, ਸਾਰੇ ਝਗੜੇ-ਫਸਾਦ ਅਤੇ ਵਿਵਾਦ ਚੜ੍ਹਾਵੇ ਦੇ ਹਨ, ਮੁਫ਼ਤ ਵਿੱਚ ਮਾਲਪੂੜੇ ਖਾਣ ਦੇ ਲਈ ਹੈ। ਦਿਖਾਵੇ ਦੀ ਲੜਾਈ ਇਸ ਲਈ ਲੜੀ ਜਾਂਦੀ ਹੈ ਕਿ ਲੋਕ ਧਰਮ ਦੇ ਇਲਾਵਾ ਕੁੱਝ ਹੋਰ ਸੋਚਣ ਅਤੇ ਕਰਨ ਨਾ ਲੱਗਣ।

ਹੁਣ ਇਹ ਆਮ ਲੋਕਾਂ ਦੇ ਸਮਝਣ ਦੀ ਗੱਲ ਹੈ ਕਿ ਧਰਮ ਦੇ ਵਪਾਰੀਆਂ ਦੀ ਨਜ਼ਰ ਉਨ੍ਹਾਂ ਦੇ ਧਰਮ ਜਾਂ ਜਾਤੀ ਦੇ ਨਾਂ ਉੱਤੇ ਉਨ੍ਹਾਂ ਦੀ ਜੇਬ੍ਹ ਉਤੇ ਰਹਿੰਦੀ ਹੈ, ਜਿਸ ਨੂੰ ਧਰਮ ਦੀ ਕੈਂਚੀ ਨਾਲ ਕੱਟਿਆ ਜਾਂਦਾ ਹੈ। ਧਰਮ ਦੀ ਭੈੜੀ ਆਦਤ ਇਸ ਤਰ੍ਹਾ ਪਾਈ ਜਾਂਦੀ ਹੈ ਕਿ ਲੋਕ ਇਹ ਨਹੀਂ ਸੋਚ ਪਾਂਦੇ ਕਿ ਅਸੀਂ ਕਿਸੇ ਵਿਸ਼ੇਸ਼ ਧਰਮ ਵਿੱਚ ਕਿਉਂ ਰਹੀਏ। ਧਰਮ ਜੇਕਰ ਬਦਲਿਆ ਜਾ ਸਕਦਾ ਹੈ ਤਾਂ ਛੱਡਿਆ ਵੀ ਜਾ ਸਕਦਾ ਹੈ ਇਹ ਗੱਲ ਖ਼ੁਦ ਪ੍ਰਧਾਨ ਮੰਤਰੀ ਨਰੇਂਦਰ ਮੋਦੀ 17 ਫਰਵਰੀ ਨੂੰ ਇਸ਼ਾਰੇ ਵਿੱਚ ਕਹਿ ਚੁੱਕੇ ਹਨ। ਦੇਸ਼ ਹੀ ਨਹੀਂ, ਸਾਰੀ ਦੁਨੀਆਂ ਇਨ੍ਹਾਂ ਧਰਮ ਦੇ ਦੁਕਾਨਦਾਰਾਂ ਦੀ ਗੁਲਾਮੀ ਸਹਿਣ ਕਰ ਰਹੀ ਹੈ। ਸੱਭ ਤੋਂ ਤਾਕਤਵਰ ਦੇਸ਼ ਅਮਰੀਕਾ ਵੀ ਇਸ ਤੋਂ ਅਛੂਤਾ ਨਹੀਂ, ਜਿੱਥੇ ਮੰਦਰਾਂ ਉੱਤੇ ਹਮਲੇ ਹੁੰਦੇ ਹਨ।

ਲੋਕ ਸਿੱਖਿਆ ਪ੍ਰਾਪਤ ਕਰਨ, ਮਿਹਨਤ ਨਾਲ ਪੈਸਾ ਕਮਾਓ ਤਾਂ ਹੀ ਇੱਜ਼ਤ ਦੀ ਜ਼ਿੰਦਗੀ ਜੀ ਸਕੋਗੇ। ਧਰਮ, ਦਰਅਸਲ ਕੁੱਝ ਨਹੀਂ ਪੀੜ੍ਹੀਆਂ ਤੋਂ ਚੱਲੀ ਆ ਰਹੀ ਦਿਮਾਗੀ ਗੁਲਾਮੀ ਹੈ ਜਿਸਦੇ ਆਕਾ (ਮਾਲਿਕ, ਸੁਆਮੀ) ਉਹ ਪੰਡੇਪੁਜਾਰੀ ਹਨ ਜੋ ਮਿਹਨਤ ਦੀ ਨਹੀਂ, ਸਗੋਂ ਦੱਛਨਾ ਦੀ ਖਾਂਦੇ ਹਨ ਅਤੇ ਨਾ ਮਿਲੇ ਤਾਂ ਦਾਦਾਗਿਰੀ ਵੀ ਕਰਦੇ ਹਨ ਅਤੇ ਲੋਕਾਂ ਨੂੰ ਆਪਸ ਵਿੱਚ ਲੜਾਉਂਦੇ ਵੀ ਹਨ।

ਲੱਗਭਗ ਸਾਰੇ ਧਰਮ, ਧਰਮਗੁਰੂ ਅਤੇ ਧਰਮ ਦੇ ਵਪਾਰੀਆਂ ਦਾ ਇੱਕੋਇੱਕ ਉਦੇਸ਼ ਇਹੀ ਹੈ ਕਿ ਲੋਕ ਧਰਮ ਨੂੰ ਮੰਨਦੇ ਰਹਿਣ, ਫੇਰ ਭਾਵੇਂ ਉਹ ਹਿੰਦੂ ਹੋਣ, ਮੁਸਲਮਾਨ ਹੋਣ, ਈਸਾਈ ਹੋਣ ਜਾਂ ਬੋਧੀ, ਚੜ੍ਹਾਵਾ ਕਿਸੇ ਨੂੰ ਤਾਂ ਮਿਲੇਗਾ ਹੀ। ਕਿਧਰੇ ਤੋਂ ਕੋਈ ਅੰਦਰੂਨੀ ਜਾਂ ਬਾਹਰੀ ਖ਼ਤਰਾ ਕਿਸੇ ਧਰਮ ਨੂੰ ਨਹੀਂ ਹੈ, ਇਹ ਖ਼ਤਰਾ ਤਾਂ ਬਣਾਇਆ ਜਾਂਦਾ ਹੈ, ਉਸ ਦਾ ਡਰ ਦਿਖਾਇਆ ਜਾਂਦਾ ਹੈ ਅਤੇ ਫੇਰ ਉਸਨੂੰ ਦੂਰ ਕਰਨ ਜਾਂ ਉਸ ਤੋਂ ਬਚਾਉਣ ਦੇ ਲਈ ਪੈਸੇ ਠੱਗੇ ਜਾਂਦੇ ਹਨ। ਘਰਵਾਪਸੀ ਮੁਹਿੰਮ ਦਾ ਉਦੇਸ਼ ਵੀ ਇਹੀ ਹੈ।

## ਸਾਥੀ ਗੁਰਬਿੰਦਰ ਦਾ ਧੰਨਵਾਦ



ਕਾਫੀ ਸਮੇਂ ਤੋਂ ਤਰਕਸ਼ੀਲ ਸੁਸਾਇਟੀ ਨਾਲ ਜੁੜੇ ਸਾਥੀ ਗੁਰਬਿੰਦਰ ਗੂਹਲਾ ਚੀਨਾ ਨੇ "ਵਿਗਿਆਨ ਜੋਤ" ਨੂੰ ਪੰਜਾਹ ਪਾਠਕ ਦਿੱਤੇ ਹਨ। ਅਦਾਰਾ "ਵਿਗਿਆਨ ਜੋਤ" ਸਾਥੀ ਦੇ ਇਸ ਉੱਦਮ ਦੀ ਸਲਾਘਾ ਕਰਦਾ ਹੈ ਤੇ ਹੋਰ ਗੰਭੀਰ ਪਾਠਕਾਂ ਤੋਂ ਮੰਗ ਕਰਦਾ ਹੈ ਕਿ ਉਹ ਵੀ ਅਜਿਹਾ ਉਪਰਾਲਾ ਕਰਨ ਦਾ ਯਤਨ ਕਰਨ ਤਾਂ ਜੋ ਵਿਗਿਆਨ ਦੀ ਇਹ ਜੋਤ ਹਰ ਘਰ ਜਗਾਈ ਜਾ ਸਕੇ।

# ਤਰਕਭਾਰਤੀ ਪ੍ਰਕਾਸ਼ਨ ਦੁਆਰਾ ਪ੍ਰਕਾਸ਼ਿਤ ਪੁਸਤਕਾਂ

ਹੁਣ ਤੁਸੀਂ ਕੋਈ ਵੀ ਪੁਸਤਕ ਫ਼ੋਨ ਕਰਕੇ ਡਾਕ ਰਾਹੀਂ ਵੀ ਮੰਗਵਾ ਸਕਦੇ ਹੋ, ਸਾਡਾ ਫ਼ੋਨ ਨੰਬਰ ਹੈ : 01679-241744, 233244

## ਮਹੱਤਵਪੂਰਣ ਕਿਤਾਬਾਂ ਜੋ ਤੁਹਾਡੇ ਜੀਵਨ ਨੂੰ ਨਵੀਂ ਸੇਧ ਦੇ ਸਕਦੀਆਂ ਹਨ



ਨੌਜਵਾਨਾਂ ਦੀਆਂ ਮਾਨਸਿਕ ਸਮੱਸਿਆਵਾਂ 40.00
...ਤੇ ਦੇਵ ਪੁਰਸ਼ ਹਾਰ ਗਏ 100.00
ਦੇਵ ਦੈਂਤ ਤੇ ਰੂਹਾਂ 100.00
ਬਾਬਾ ਰਾਮਦੇਵ ਤਰਕ ਦੀ ਕਸੌਟੀ 'ਤੇ 40.00
ਔਰਤਾਂ ਅਤੇ ਮਾਨਸਿਕ ਰੋਗ 50.00



ਮਨੋ ਵਿਸ਼ਲੇਸ਼ਣ 120.00
ਬੱਚੇ ਅਸਫ਼ਲ ਕਿਵੇਂ ਹੁੰਦੇ ਹਨ? 80.00
ਤਰਕਸ਼ੀਲ ਹੋਕਾ 80.00
ਹਿਪਨੋਟਿਜ਼ਮ ਕਿਵੇਂ ਸਿੱਖੀਏ 60.00
ਜੀਵਨ ਦੀਆਂ ਗਣਿਤਕ ਉਲਝਣਾਂ 70.00



ਵਸਤੂ ਸ਼ਾਸਤਰ ਕੋਰਾ ਝੂਠ 40.00
ਰਜਨੀਸ਼ ਬੇਨਕਾਬ 30.00
ਸ਼ੰਕਾ ਨਵਿਰਤੀ 80.00
ਕਣ ਕਣ ਵਿੱਚ ਵਿਗਿਆਨ 40.00
ਤਰਕਸ਼ੀਲ ਦਿਮਾਗੀ ਕਸਰਤਾਂ 50.00

### ਪ੍ਰਸਿੱਧ ਵਿਗਿਆਨੀ ਡਾ. ਜਤਿੰਦਰਪਾਲ ਸਿੰਘ ਜੀ ਦੀਆਂ ਲਿਖੀਆਂ ਕਿਤਾਬਾਂ



ਮਨੁੱਖ ਮਹਾਂਬਲੀ ਕਿਵੇਂ ਬਣਿਆ 140.00
ਪ੍ਰਸਿੱਧ ਵਿਗਿਆਨਕ ਖੋਜਾਂ 80.00
ਮਹਾਨ ਵਿਗਿਆਨੀ 80.00
ਵਿਗਿਆਨ ਦੀ ਅਦਭੁੱਤ ਦੁਨੀਆਂ 80.00
ਮਨੁੱਖੀ ਸਰੀਰ ਦੇ ਰਹੱਸ 100.00



ਵਿਗਿਆਨ ਦੇ ਚਮਤਕਾਰ 80.00
ਸਾਡਾ ਦੋਸਤ ਵਿਗਿਆਨ 80.00
ਪੁਲਾੜ ਯਾਤਰਾ 120.00
ਮਨੁੱਖ ਦੀ ਉਤਪਤੀ 140.00
ਜੀਵ ਦੀ ਉਤਪਤੀ 250.00

### ਬੱਚਿਆਂ ਦੇ ਮਾਹਿਰ ਡਾ. ਹਰਸ਼ਿੰਦਰ ਕੌਰ ਜੀ ਦੀਆਂ ਲਿਖਿਆਂ ਕਿਤਾਬਾਂ



ਬੱਚਿਆਂ ਬਾਰੇ ਗਿਆਨ, ਵਿਗਿਆਨ ਤੇ ਮਨਸਵਿਗਿਆਨ 140.00
ਬਾਲ ਮਨਾਂ ਵਿੱਚ ਝਾਤ 120.00
ਸਾਡੇ ਬੱਚੇ ਸਾਡੇ ਚਿਰਾਗ 80.00
ਬੱਚਿਆਂ ਦੀਆਂ ਮਨੋਵਿਗਿਆਨਿਕ ਸਮੱਸਿਆਵਾਂ ਤੇ ਇਲਾਜ 140.00



ਬੱਚਿਆਂ ਦਾ ਮਨੋਵਿਗਿਆਨਿਕ ਵਿਸ਼ਲੇਸ਼ਣ 140.00
ਸ਼ੂਗਰ ਰੋਗ 30.00
ਬਲੱਡ ਪ੍ਰੈਸ਼ਰ ਨੂੰ ਕਾਬੂ ਹੇਠ ਰੱਖੋ 30.00
ਸ਼ੂਗਰ ਰੋਗ ਅਸਾਨ ਹੈ ਜ਼ਿੰਦਗੀ 100.00



ਤੰਦਰੁਸਤ ਕਿਵੇਂ ਰਹੀਏ 80.00
ਬਾਤਾਂ ਵਲੈਤ ਦੀਆਂ 80.00
ਰਿਸ਼ਤਿਆਂ ਦਾ ਕਾਤਲ 40.00
ਸਿਹਤ ਅਤੇ ਵਹਿਮ 100.00



ਦਫ਼ਤਰੀ ਵਰਤੋਂ ਕੰਪਿਊਟਰ ਕਿਵੇਂ ਸਿੱਖੀਏ/ 120/-
ਆਓ ਕੰਪਿਊਟਰ ਡਿਜ਼ਾਇਨਿੰਗ ਸਿੱਖੀਏ/80/-
ਕੰਪਿਊਟਰ ਸੰਬੰਧੀ ਸਵਾਲ-ਜਵਾਬ/80/-



ਆਓ ਕੰਪਿਊਟਰ ਸਿੱਖੀਏ 80.00
ਕੰਪਿਊਟਰ ਬਾਰੇ ਮੁੱਢਲੀ ਜਾਣਕਾਰੀ 80.00
ਸੂਚਨਾ ਦਾ ਅਧਿਕਾਰ ਕਾਨੂੰਨ 2005 30.00

**ਸਾਡੇ ਪ੍ਰਕਾਸ਼ਨ ਦਾ ਪੂਰਾ ਸੂਚੀ ਪੱਤਰ ਮੰਗਵਾਉਣ ਲਈ ਜਾਂ ਘਰ ਬੈਠੇ ਹੀ ਫ਼ੋਨ 'ਤੇ ਕੋਈ ਵੀ ਕਿਤਾਬ ਮੰਗਵਾਉਣ ਲਈ ਸੰਪਰਕ ਕਰੋ:**

ਪੁਰਾਣੀ ਸਬਜ਼ੀ ਮੰਡੀ, ਕੱਚਾ ਕਾਲਜ ਰੋਡ, ਬਰਨਾਲਾ-148101, ਫੋਨ : 01679-241744, 233244 ਫੈਕਸ : 01679- 241744
ਈਮੇਲ: tarksheel@gmail.com, Website: www.thepunjabi.com



ਜਨਰਲ ਨਾਲਿਜ
80.00



ਪੰਜਾਬ ਵਸੀਕਾ ਨਵੀਸੀ
250.00



ਕਚਹਿਰੀ ਸ਼ਬਦ-ਕੋਸ਼
150.00



ਜਨਰਲ ਨਾਲਿਜ
100.00



ਪ੍ਰਾਪਰਟੀ ਕਾਰੋਬਾਰ ਤੋਂ ਖੁਸ਼ਹਾਲੀ
200.00


ਦਿਮਾਗੀ ਵਿਕਾਸ ਕਿਵੇਂ ਕਰੀਏ
60.00



ਅੰਕਾਂ ਦਾ ਜਾਦੂ
60.00



ਵਿਗਿਆਨਕ ਜਾਦੂਗਰ
60.00



ਤਰਕਸ਼ੀਲ ਜਾਦੂਗਰ
60.00



ਸਟੇਜ ਦੇ ਜਾਦੂ
60.00



ਮਾਂ ਬਣਨ ਤੋਂ ਪਹਿਲਾਂ ਅਤੇ ਬਾਅਦ ਦਾ ਸਫ਼ਰ
100.00



ਗਰਮ ਮਸਾਲਿਆਂ ਰਾਹੀਂ ਰੋਗਾਂ ਦਾ ਇਲਾਜ
100.00



ਜਿਓਤਿਸ਼ ਦਾ ਐਕਸਰੇ /ਸੁਰਜੀਤ ਦੌਧਰ
100.00



ਦਿਲ ਦੀ ਵਿਗੜ ਰਹੀ ਸਿਹਤ
100.00



ਅਚਾਰ, ਮੁਰੱਬੇ ਅਤੇ ਚਟਣੀਆਂ ਤਿਆਰ ਕਰੋ
100.00



ਸੁੰਦਰਤਾ ਬਣਾਈ ਰੱਖਣ ਦੇ ਢੰਗ
100.00



ਨਾਨ-ਵੈਜ ਤਿਆਰ ਕਰਨ ਦੇ ਢੰਗ
100.00



ਨਸ਼ੇ ਛੱਡਣ ਦੇ ਢੰਗ
100.00



**ਦ ਸੈਕੰਡ ਸੈਕਸ**
400.00



**ਬੈਟਰ ਹੱਫ ਦੀ ਦੁਰਦਸ਼ਾ**
80.00



**ਸਿੱਖ ਵੀਰਾਂ ਨਾਲ ਗੱਲਾਂ**
60.00

## ਜ਼ਮੀਨ ਦੀ ਪੈਮਾਇਸ਼ ਅਤੇ ਫੁਟਕਲ ਜਾਣਕਾਰੀ




**ਆਰ. ਕੇ. ਭਾਰਦਵਾਜ਼, ਮੁੱਲ : 150/-**

ਇਹ ਪੁਸਤਕ ਤੁਹਾਨੂੰ ਜ਼ਮੀਨ ਦੀ ਪੈਮਾਇਸ਼, ਮਾਪ ਦੀਆਂ ਇਕਾਈਆਂ, ਜ਼ਮੀਨ ਦੀ ਪੈਮਾਇਸ਼ ਦੇ ਸੰਦ ਅਤੇ ਉਨ੍ਹਾਂ ਦੀ ਵਰਤੋਂ ਜ਼ਮੀਨ, ਜਗ੍ਹਾ ਦਾ ਹਿੱਸਾ ਅਤੇ ਖੇਤਰਫ਼ਲ ਕੱਢਣਾ, ਜਮ੍ਹਾਂਬੰਦੀ, ਗਿਰਦਾਵਰੀ, ਇੰਤਕਾਲ ਤੋਂ ਇਲਾਵਾ ਰਿਕਾਰਡ, ਦਰਖਾਸਤਾਂ ਸਮੇਤ ਹੋਰ ਫੁਟਕਲ ਜਾਣਕਾਰੀ ਮੁਹੱਈਆ ਕਰਾਉਂਦੀ ਹੈ।

## ਪ੍ਰਸਿੱਧ ਕੁਟੇਸ਼ਨਾਂ




**ਸੰਗ੍ਰਹਿ ਕਰਤਾ - ਸਰਦਾਰਾ ਸਿੰਘ ਗਿੱਲ ਕੱਟੂ, ਮੁੱਲ : 140/-**

ਮਹਾਨ ਲੋਕਾਂ ਦੇ ਮਹਾਨ ਵਿਚਾਰ ਪੜ੍ਹਕੇ ਹੀ ਹਰ ਵਿਅਕਤੀ ਜ਼ਿੰਦਗੀ ਵਿੱਚ ਨਵੀਂ ਸੇਧ ਲੈ ਸਕਦਾ ਹੈ। ਵੱਡ ਆਕਾਰੀ ਇਸ ਪੁਸਤਕ ਵਿੱਚ ਵੱਖ-ਵੱਖ ਵਿਸ਼ਿਆਂ ਉਤੇ ਲੱਗਭੱਗ ਸੰਸਾਰ ਪ੍ਰਸਿੱਧ 2500 ਵਿਦਵਾਨਾਂ ਦੇ ਵਿਚਾਰ ਦਰਜ ਹਨ।

## ਆਮ ਰੋਗਾਂ ਦਾ ਸਸਤਾ ਘਰੇਲੂ ਇਲਾਜ




**ਸੰਗ੍ਰਹਿ ਕਰਤਾ - ਸਰਜੀਤ ਤਲਵਾਰ, ਮੁੱਲ - 100/-**

ਰੋਗ ਅਤੇ ਸਰੀਰ ਦਾ ਬਹੁਤ ਪੁਰਾਣਾ ਰਿਸ਼ਤਾ ਹੈ। ਉਪਰੋਕਤ ਪੁਸਤਕ ਵਿੱਚ ਅਸੀਂ ਉਹ ਨੁਸਖ਼ੇ ਦਰਜ਼ ਕੀਤੇ ਹਨ ਜਿਨ੍ਹਾਂ ਲਈ ਲੋੜੀਂਦੀ ਸਮੱਗਰੀ ਸਾਨੂੰ ਸਸਤੀ ਅਤੇ ਸੌਖ ਨਾਲ ਮਿਲ ਸਕਦੀ ਹੈ। ਇਸ ਪੁਸਤਕ ਰਾਹੀਂ ਤੁਸੀਂ ਫ਼ਲ, ਸਬਜ਼ੀਆਂ, ਦਾਲਾਂ, ਮਸਾਲਿਆਂ ਅਤੇ ਜੜ੍ਹੀ-ਬੂਟੀਆਂ ਨਾਲ ਬਿਮਾਰੀਆਂ ਦੇ ਸਫ਼ਲ ਇਲਾਜ ਕਰਨ ਦੇ ਢੰਗ ਤਰੀਕੇ ਲੱਭ ਸਕਦੇ ਹੋ।

## ਜ਼ਾਇਕੇਦਾਰ ਪਕਵਾਨ ਤਿਆਰ ਕਰਨ ਦੇ ਢੰਗ ਤਰੀਕੇ




**ਸੰਗ੍ਰਹਿ ਕਰਤਾ - ਸਰਜੀਤ ਤਲਵਾਰ, ਮੁੱਲ : 100/-**

ਭੋਜਨ ਬਣਾਉਣਾ ਇੱਕ ਕਲਾ ਹੈ। ਇਸ ਪੁਸਤਕ ਰਾਹੀਂ ਤੁਸੀਂ 170 ਤਰ੍ਹਾਂ ਦੀਆਂ ਮਿਠਾਈਆਂ, ਸਬਜ਼ੀਆਂ ਅਤੇ ਹੋਰ ਸਵਾਦਿਸ਼ਟ ਪਕਵਾਨ ਤਿਆਰ ਕਰਨ ਦੇ ਢੰਗ ਤਰੀਕੇ ਸਿੱਖ ਸਕਦੇ ਹੋ। ਮਾਈਕ੍ਰੋਵੇਵ ਦੀ ਵਰਤੋਂ ਕਿਵੇਂ, ਖਾਣ-ਪੀਣ ਦੀਆਂ ਚੀਜ਼ਾਂ ਦੀ ਸੰਭਾਲ ਦੇ ਢੰਗ-ਤਰੀਕੇ ਵੀ ਤੁਸੀਂ ਇਸ ਕਿਤਾਬ ਵਿੱਚੋਂ ਪੜ੍ਹਕੇ ਅਪਣਾ ਸਕਦੇ ਹੋ।

## ਭਵਨ ਨਿਰਮਾਣ ਕਿਵੇਂ ਕਰੀਏ ?




**ਇੰਜ. ਰਾਜ ਕੁਮਾਰ ਅਗ-ਰਵਾਲ, ਮੁੱਲ : 120/-**

ਸੁੰਦਰ, ਮਜ਼ਬੂਤ ਅਤੇ ਭੂਚਾਲ ਨਿਰੋਧਕ ਘਰ ਕਿਵੇਂ ਤਿਆਰ ਕਰੀਏ, ਘਰ 'ਤੇ ਆਉਣ ਵਾਲੇ ਖਰਚ ਨੂੰ ਕਿਵੇਂ ਘੱਟ ਕੀਤਾ ਜਾ ਸਕਦਾ ਹੈ, ਘਰ ਨੂੰ ਸ਼ੋਰੇ ਤੋਂ ਕਿਵੇਂ ਬਚਾਈਏ, ਸਰੀਆ ਕਿਹੋ ਜਿਹਾ ਵਰਤੀਏ, ਸੀਮਿੰਟ ਕਿਵੇਂ ਦਾ ਹੋਵੇ ਅਤੇ ਲੱਕੜ ਦੀ ਚੋਣ ਕਿਵੇਂ ਕਰੀਏ ਆਦਿ ਜਾਣਕਾ-ਰੀਆਂ ਨਾਲ ਭਰਪੂਰ ਇਹ ਪੁਸਤਕ ਬਹੁਤ ਹੀ ਮਹੱਤਵਪੂਰਨ ਹੈ। ਆਈ. ਟੀ. ਆਈਆਂ ਵਿੱਚ ਪੜ੍ਹਦੇ ਵਿਦਿਆਰਥ ਜਾਂ ਜੋ ਕੋਈ ਹੋਰ ਵੀ ਵਿਅਕਤੀ ਨਵਾਂ ਘਰ ਬਣਾਉਣਾ ਚਾਹੁੰਦਾ ਹੈ ਉਹ ਇਸ ਕਿਤਾਬ ਤੋਂ ਫਾਇਦਾ ਉਠਾ ਸਕਦਾ ਹੈ।

# 8 ਲੱਖ ਰੁਪਏ ਦੀ ਠੱਗੀ ਮਾਰ ਕੇ ਫਰਾਰ ਹੋਇਆ 'ਪਾਖੰਡੀ ਬਾਬਾ'

ਜਿੰਦੀ ਪੇਂਟਰ ਤਰਕਸ਼ੀਲ
ਮੋਬਾ: 98156-81834

ਮੇਰੀ ਰਿਸ਼ਤੇਦਾਰੀ 'ਚੋਂ ਹੀ ਇਕ ਕੁੜੀ 'ਬੇਵੀ' ਰਾਜਪੁਰੇ ਵਿਆਹੀ ਹੋਣ ਕਰਕੇ ਉਸਦੇ ਸਹੁਰੇ ਪਰਿਵਾਰ ਨੇ ਮੈਨੂੰ ਬੜੇ 'ਦੁਖੀ ਮਨ' ਨਾਲ ਦੱਸਿਆ ਕਿ ਕਿਵੇਂ ਇੱਕ ਪਾਖੰਡੀ (ਢੌਂਗੀ) ਬਾਬਾ ਆਪਣੇ ਪਾਖੰਡ ਰਾਹੀਂ ਉਨ੍ਹਾਂ ਨੂੰ ਵਹਿਮਾਂ-ਭਰਮਾਂ ਤੇ ਅੰਧਵਿਸ਼ਵਾਸਾਂ ਦੇ ਚੱਕਰ (ਮੱਕੜਜਾਲ਼) ਵਿੱਚ ਫਸਾਕੇ 8 ਲੱਖ ਰੁਪਏ ਦੀ ਠੱਗੀ ਮਾਰ ਕੇ ਫਰਾਰ ਹੋ ਗਿਆ। ਉਨ੍ਹਾਂ ਨੇ ਮੈਨੂੰ ਬਾਬੇ ਬਾਰੇ ਵਿਸਥਾਰ ਨਾਲ ਜਾਣਕਾਰੀ ਦਿੱਤੀ, "2013 ਵਿੱਚ ਪਿੰਡ 'ਮਣੀ ਮਾਜ਼ਰਾ' ਦੇ ਵਜਿੰਦਰ ਕੁਮਾਰ ਨਾਮ ਦੇ ਬਾਬੇ ਨੇ ਆਪਣੇ ਪਰਿਵਾਰ ਸਮੇਤ 'ਰਾਜਪੁਰੇ' 'ਚ ਇੱਕ ਮਕਾਨ ਕਿਰਾਏ ਤੇ ਲੈ ਕੇ ਰਹਿਣਾ ਸ਼ੁਰੂ ਕੀਤਾ। ਹੌਲ਼ੀ-ਹੌਲ਼ੀ ਬਾਬੇ ਨੇ ਇਸ ਮਕਾਨ 'ਚ ਦੁਖੀ ਲੋਕਾਂ ਦੀਆਂ ਲੱਗਭਗ ਸਾਰੀਆਂ ਹੀ ਸਮੱਸਿਆਵਾਂ ਦਾ ਹੱਲ ਆਪਣੀ ਧੋਖਾ ਭਰਪੂਰ 'ਦੈਵੀ (ਗੈਬੀ) ਸ਼ਕਤੀ' ਨਾਲ ਕਰਨ ਲਈ ਇੱਕ ਅਖੌਤੀ 'ਧੰਦਾ' ਚਾਲੂ ਕਰ ਲਿਆ। ਬਾਬੇ ਅਨੁਸਾਰ ਉਸਨੇ ਇਹ ਅਧਿਆਤਮਕ ਅਤੇ ਅਲੌਕਿਕ (ਦੈਵੀ) ਸ਼ਕਤੀਆਂ ਦੇਵੀ-ਦੇਵਤਿਆਂ ਅਤੇ ਪ੍ਰਮਾਤਮਾ ਦੀ ਭਗਤੀ (ਤਪੱਸਿਆ) ਕਰਕੇ ਹੀ ਪ੍ਰਾਪਤ ਕੀਤੀਆਂ ਹਨ। ਬਾਬੇ ਨੇ ਸਭ ਤੋਂ ਪਹਿਲਾਂ ਆਪਣੇ ਮਕਾਨ ਅੰਦਰ ਲੱਕੜੀ ਦਾ ਇੱਕ 'ਮੰਦਰ' ਬਣਵਾਇਆ। ਫਿਰ ਉਸਨੇ ਹਰ ਤਰ੍ਹਾਂ ਦੇ ਦੇਵੀ-ਦੇਵਤਿਆਂ ਦੀਆਂ ਕਾਗਜ਼ੀ ਫੋਟੂਆਂ ਅਤੇ ਪੱਥਰਾਂ ਦੀਆਂ ਮੂਰਤੀਆਂ ਨਾਲ ਮਕਾਨ ਨੂੰ ਪੂਰੀ ਤਰ੍ਹਾਂ ਸਜਾ ਲਿਆ। ਬਾਬਾ ਹਰ ਰੋਜ ਇਨ੍ਹਾਂ ਅੱਗੇ ਧੂਫ-ਬੱਤੀ ਤੇ ਜੋਤ ਜਗਾ ਕੇ ਭਜਨ, ਬੰਦਗੀ, ਭੇਟਾਂ, ਪ੍ਰਾਰਥਨਾਵਾਂ ਅਤੇ ਪਾਠ-ਪੂਜਾ ਕਰਦਾ ਹੋਇਆ, ਆਪਣੇ ਮੱਥੇ ਉੱਤੇ ਕਈ ਰੰਗਾਂ ਨਾਲ ਅਕ੍ਰਿਤੀਆਂ ਵਾਲੇ 'ਤਿਲਕ' ਲਗਾ ਲੈਂਦਾ। ਉਹ ਹਰ ਸਮੇਂ 'ਗੇਰੂਏ' ਰੰਗ ਦਾ ਧੋਤੀ-ਕੁੜਤਾ ਅਤੇ ਰੰਗ-ਬਿਰੰਗੇ ਮਣਕੇ ਵਾਲੀਆਂ ਮਾਲ਼ਾਵਾਂ ਅਤੇ ਕੜੇ ਪਹਿਨੀ ਰੱਖਦਾ। ਖਾਸ ਤੌਰ ਤੇ ਸਿਰੜੀ ਵਾਲੇ ਸਾਈਂ ਬਾਬੇ ਦੀ ਪੂਜਾ ਸਭ ਤੋਂ ਵੱਧ ਕਰਦਾ। ਮਕਾਨ ਦੇ ਬਰਾਂਡੇ 'ਚ ਅਖੌਤੀ 'ਹਵਨ-ਧੂਣਾ' ਹਰ ਸਮੇਂ ਧੁਖਦਾ ਹੀ ਰਹਿੰਦਾ। ਚੌਂਕੜੀ ਮਾਰ ਕੇ ਬੈਠਾ ਬਾਬਾ 'ਧੂਣੇ' ਨੂੰ ਧੁਖਦਾ ਰੱਖਣ ਲਈ ਕੁਝ ਸਮੇਂ ਬਾਅਦ ਘਿਓ ਦਾ ਇੱਕ ਚਮਚਾ ਇਸ ਉੱਤੇ ਸੁੱਟ ਦਿੰਦਾ। ਬਾਬੇ ਦੀਆਂ ਅਲੌਕਿਕ (ਚਮਤਕਾਰੀ) ਸ਼ਕਤੀਆਂ ਦੀ ਚਰਚਾ ਸੁਣ ਕੇ ਦੁੱਖਾਂ-ਤਕਲੀਫਾਂ ਤੇ ਪ੍ਰੇਸ਼ਾਨੀਆਂ ਦੇ ਸਤਾਏ ਹੋਏ ਲੋਕ ਉਸਦੇ ਮਕਾਨ ਵੱਲ ਭੱਜੇ ਆਏ।



ਬਾਬਾ ਹਰ ਕਿਸੇ ਦੀ ਸਮੱਸਿਆ ਦਾ ਮੁੱਖ ਕਾਰਨ ਕਥਿਤ ਭੂਤ-ਚੁੜੇਲਾਂ, ਜਾਦੂ-ਟੂਣਾ, ਜੰਤਰ-ਮੰਤਰ-ਤੰਤਰ ਅਤੇ ਦੇਵੀ-ਦੇਵਤਿਆਂ ਦੀ 'ਕਰੋਧੀ' ਦੱਸਦਾ, ਜਿਸਦੇ ਹੱਲ ਲਈ ਉਹ ਆਏ ਹੋਏ ਦੁਖੀ ਲੋਕਾਂ ਨੂੰ ਦੇਵੀ ਦੇਵਤਿਆਂ ਦੀਆਂ ਫੋਟੂਆਂ ਅਤੇ ਮੂਰਤੀਆਂ ਨੂੰ ਦੋਵੇਂ ਹੱਥ ਜੋੜ ਕੇ ਪੂਰੀ ਸ਼ਰਧਾ ਨਾਲ ਮੱਥਾ ਟੇਕਣ ਅਤੇ ਪਾਠ-ਪੂਜਾ ਕਰਨ ਲਈ ਆਖਦਾ। ਫਿਰ ਉਹ ਦੇਵੀ-ਦੇਵਤਿਆਂ ਦਾ ਨਾਮ ਲੈ ਕੇ ਆਪਣੀਆਂ ਦੋਵੇਂ ਅੱਖਾਂ ਬੰਦ ਕਰਕੇ, ਜੰਤਰਾਂ-ਮੰਤਰਾਂ-ਤੰਤਰਾਂ ਦਾ ਜਾਪ ਕਰਦਾ ਹੋਇਆ, ਬਹੁਤ ਸਾਰੇ ਰੰਗ-ਬਿਰੰਗੇ 'ਧਾਗੇ-ਤਾਵੀਜ' ਉਨ੍ਹਾਂ ਦੀਆਂ ਬਾਹਾਂ ਅਤੇ ਗਲ਼ਾਂ ਵਿੱਚ ਬੰਨ੍ਹ ਦਿੰਦਾ। ਧੂਣੇ ਦੀ ਠੰਢੀ ਹੋਈ ਸੁਆਹ (ਰਾਖ਼, ਭਵੂਤੀ) ਆਪਣੀ ਮੁੱਠੀ ਵਿੱਚ ਬੰਦ ਕਰਕੇ 'ਝਾੜ-ਫੂਕ ਤੇ ਛੂ-ਮੰਤਰ' ਕਰਦਾ ਹੋਇਆ, ਉਸ 'ਚੋਂ ਇੱਕ ਚੁੱਟਕੀ ਸ਼ਰਧਾਲੂਆਂ ਨੂੰ ਖਾਣ ਲਈ ਦਿੰਦਾ ਅਤੇ ਬਾਕੀ ਬਚੀ 'ਭਵੂਤੀ (ਰਾਖ਼)' ਦੀ ਇੱਕ ਪੁੜੀ ਬਣਾਕੇ ਉਨ੍ਹਾਂ ਨੂੰ ਆਪਣੇ ਘਰ 'ਚ ਹਰ ਰੋਜ਼ ਖਾਣ ਲਈ ਕਹਿੰਦਾ। ਬਾਬੇ ਅਨੁਸਾਰ ਇਹ ਕਥਿਤ 'ਭਵੂਤੀ' ਮੰਨੇ-ਪ੍ਰਮੰਨੇ ਡਾਕਟਰਾਂ ਦੀ 'ਦਵਾਈ' ਨਾਲੋਂ ਵੀ ਵੱਧ ਲਾਭਦਾਇਕ ਹੈ। ਜਿਨ੍ਹਾਂ ਲੋਕਾਂ (ਸ਼ਰਧਾਲੂਆਂ) ਦੀਆਂ ਸਮੱਸਿਆਵਾਂ ਹੱਲ ਹੋ ਜਾਂਦੀਆਂ, ਉਹ ਬਾਬੇ ਵੱਲੋਂ ਕੀਤੇ ਇਸ ਦੈਵੀ-ਸ਼ਕਤੀਆਂ ਵਾਲੇ ਚਮਤਕਾਰ ਨੂੰ ਨਮਸਕਾਰ ਕਰਦੇ ਹੋਏ, ਉਸਦੀ ਮਸ਼ਹੂਰੀ ਆਲ਼ੇ-ਦੁਆਲੇ ਫੈਲਾਅ ਦਿੰਦੇ। ਠੀਕ ਹੋ ਚੁੱਕੇ ਸ਼ਰਧਾਲੂਆਂ ਕੋਲੋਂ, ਬਾਬਾ ਆਪਣੀਆਂ ਦੈਵੀ-ਸ਼ਕਤੀਆਂ ਨਾਲ ਕੀਤੇ ਚਮਤਕਾਰ ਦੀ 'ਫ਼ੀਸ' ਵੱਧ ਤੋਂ ਵੱਧ ਵਸੂਲ ਕਰਦਾ।

ਇਸਦੇ ਉਲਟ ਜਿਨ੍ਹਾਂ ਲੋਕਾਂ ਦੀਆਂ ਸਮੱਸਿਆਵਾਂ ਹੱਲ ਨਹੀਂ ਹੁੰਦੀਆਂ, ਬਾਬਾ ਉਨ੍ਹਾਂ ਨੂੰ ਇਸਦਾ ਕਾਰਨ ਪਾਠ-ਪੂਜਾ 'ਚ ਹੋਈ ਕੋਈ ਭੁੱਲ ਕਰਕੇ ਦੇਵੀ ਦੇਵਤਿਆਂ ਦੀ 'ਨਰਾਜਗੀ' ਦੇ ਸਿਰ 'ਮੜ' ਦਿੰਦਾ ਤੇ ਆਪ ਸਾਫ ਬਰੀ ਹੋ ਕੇ ਬਚ ਨਿਕਲਦਾ, ਅਤੇ ਉਨ੍ਹਾਂ ਨੂੰ ਦੁਬਾਰਾ ਸੱਚੇ ਮਨੋ, ਪੂਰੀ ਸ਼ਰਧਾ ਨਾਲ ਵਿਸ਼ਵਾਸ ਰੱਖ ਕੇ ਧੂਫ-ਬੱਤੀ ਤੇ ਜੋਤ ਜਗਾ ਕੇ ਪਾਠ-ਪੂਜਾ ਕਰਨ ਲਈ ਆਖ ਕੇ ਗੱਲ ਨੂੰ ਆਪਣੇ ਸਿਰ ਲੈਣ ਤੋਂ ਬਚਦਾ ਹੋਇਆ 'ਰਫਾ-ਦਫਾ' ਕਰ ਦਿੰਦਾ। ਹਰ ਰੋਜ ਬਾਬੇ ਕੋਲ ਦੂਰੋਂ-ਨੇੜੇਓਂ ਹਰ ਵਰਗ ਦੇ ਲੋਕ, ਸ਼ਰਧਾਲੂ ਬਣਕੇ ਸਮੱਸਿਆਵਾਂ ਦੇ ਹੱਲ ਲਈ ਆਉਣ ਲੱਗੇ। ਉਹ ਜਲਦੀ ਹੀ ਲੋਕਾਂ ਦੀਆਂ ਨਜਰਾਂ 'ਚ 'ਅੰਤਰਯਾਮੀ ਅਤੇ ਦੈਵੀ-ਸ਼ਕਤੀਆਂ ਦੇ ਮਾਲਕ ਵਜੋਂ ਪ੍ਰਸਿੱਧ ਹੋ ਗਿਆ। ਉਸਦੀਆਂ ਚਮਤਕਾਰੀ ਸ਼ਕਤੀਆਂ ਦੇ ਕਿੱਸੇ-ਕਹਾਣੀਆਂ ਹਰ ਕਿਸੇ ਦੀ ਜੁਬਾਨ ਤੋਂ ਸੁਣਾਈ ਦੇਣ ਲੱਗੀਆਂ ਤੇ ਬਾਬੇ ਦੀ ਮਸ਼ਹੂਰੀ ਦੂਰ-ਦੂਰ ਤੱਕ ਫੈਲ ਗਈ।"

ਬੇਵੀ ਦੇ ਸਹੁਰੇ ਘਰਦਿਆਂ ਨੇ ਮੈਨੂੰ ਉਹ ਕਾਰਨ ਵੀ ਦੱਸਿਆ ਜਿਸ ਕਰਕੇ ਉਹ ਇਸ ਪਾਖੰਡੀ ਦੇ 'ਮੱਕੜ ਜਾਲ਼' ਵਿੱਚ ਜਾ ਫਸੇ ਸੀ। ਜਿਵੇਂ, "ਘਰ 'ਚੋਂ ਕੁਝ ਵਿਅਕਤੀਆਂ ਨੂੰ ਬਾਹਰ (ਵਿਦੇਸ਼) ਭੇਜਣ ਦੇ ਚੱਕਰ ਵਿੱਚ ਅਸੀਂ ਪੂਰੀ ਕੋਸ਼ਿਸ਼ ਕੀਤੀ ਕਿ ਬਾਹਰ ਦਾ ਕੰਮ ਬਣ ਜਾਵੇ, ਰੁਪਏ-ਪੈਸੇ ਪੱਖੋਂ ਵੀ ਕੋਈ ਕਸਰ ਨਹੀਂ ਛੱਡੀ, ਫਿਰ ਵੀ ਕੋਈ ਨਾ ਕੋਈ ਸਮੱਸਿਆ ਪੈਦਾ ਹੋ ਹੀ ਜਾਂਦੀ। ਜੋਤਸ਼ੀਆਂ, ਬਾਬਿਆਂ, ਚੇਲਿਆਂ, ਸਿਆਣਿਆ, ਸਾਧਾਂ ਅਤੇ ਸੰਤਾਂ ਆਦਿ ਉਤੇ ਪੂਰਾ ਵਿਸ਼ਵਾਸ ਹੋਣ ਕਰਕੇ, ਇਸ ਸਮੱਸਿਆ ਦੇ ਹੱਲ ਲਈ ਬਾਬੇ ਵਜਿੰਦਰ ਦੇ ਚਮਤਕਾਰੀ ਕਿੱਸੇ-ਕਹਾਣੀਆਂ ਸੁਣ ਕੇ ਉਸ ਕੋਲ ਪਹੁੰਚ ਗਏ। ਉਸਨੇ ਸਾਰਾ ਹਾਲ-ਚਾਲ ਸੁਣਨ ਤੋਂ ਬਾਅਦ ਜਲਦੀ ਹੀ ਆਪਣੀ ਧੋਖਾ ਭਰਪੂਰ ਦੈਵੀ ਸ਼ਕਤੀ ਨਾਲ ਅੰਤਰ-ਧਿਆਨ ਹੋ ਕੇ ਪੁੱਛ ਕੱਢੀ ਤੇ ਦੱਸਿਆ ਕਿ ਭੂਤਾਂ ਚੜੇਲਾਂ, ਜੰਤਰਾਂ-ਮੰਤਰਾਂ ਅਤੇ ਦੇਵੀ-ਦੇਵਤਿਆਂ ਦੀ ਕਰੋਧੀ ਕਰਕੇ ਹੀ ਇਹ ਸਮੱਸਿਆ ਪੈਦਾ ਹੋ ਰਹੀ ਹੈ ਤੇ ਕਿਸੇ ਦੁਸ਼ਮਣ ਨੇ ਇਹ ਕਾਰਾ ਪੂਰੇ ਘਰ ਨੂੰ 'ਕੀਲ' ਕੇ ਤਬਾਹ ਕਰਨ ਲਈ ਹੀ ਕੀਤਾ ਹੋਇਆ ਹੈ। ਇਸਦਾ ਹੱਲ ਤੁਹਾਡੇ ਘਰ ਵਿੱਚ ਹੀ ਮੇਰੇ ਦੁਆਰਾ ਦੇਵੀ-ਦੇਵਤਿਆਂ ਅੱਗੇ ਪਾਠ-ਪੂਜਾ ਕਰਕੇ ਹੀ ਕੀਤਾ ਜਾ ਸਕਦਾ ਹੈ ਤਾਂ ਜੋ ਇਸ ਖਤਰਨਾਕ ਕਰੋਪੀ ਨੂੰ ਆਪਣੇ ਜੰਤਰਾਂ-ਮੰਤਰਾਂ ਅਤੇ ਗੈਬੀ (ਦੈਵੀ) ਸ਼ਕਤੀਆਂ ਨਾਲ ਦੂਰ ਕਰ ਸਕਾਂ।"

ਘਰਦਿਆਂ ਨੇ ਦੱਸਿਆ ਕੇ ਅਸੀਂ ਸਾਰੇ ਆਪਣੇ ਘਰ (ਕੋਠੀ) ਵਿੱਚ ਬਾਬੇ ਕੋਲੋਂ ਪਾਠ ਪੂਜਾ ਕਰਾਉਣ ਲਈ ਸਹਿਮਤ ਹੋ ਗਏ, ਪਰ ਘਰ ਦੀ ਨੂੰਹ (ਬੇਵੀ) ਇਸ ਕੰਮ ਲਈ ਸਹਿਮਤ ਨਹੀਂ ਸੀ ਕਿਉਂਕਿ ਉਹ ਈਸਾਈ ਧਾਰਮਿਕ ਵਿਚਾਰਾਂ ਦੀ ਹੋਣ ਕਰਕੇ ਇਨ੍ਹਾਂ ਬਾਬਿਆਂ ਅਤੇ ਚੇਲਿਆਂ-ਸਿਆਣਿਆਂ ਨੂੰ ਪਾਖੰਡੀ ਤੇ ਧੋਖੇਬਾਜ-ਲੁਟੇਰੇ ਸਮਝਦੀ ਹੋਈ, ਈਸਾਈ ਪਾਦਰੀਆਂ (ਪਾਸ਼ਟਰਾਂ) ਦੇ ਪਾਖੰਡ ਅਤੇ ਲੁੱਟ ਨੂੰ ਹੀ

'ਸਹੀ ਵਿਸ਼ਵਾਸ' ਸਮਝਦੀ ਸੀ ਤੇ ਇਨ੍ਹਾਂ ਦੀਆਂ 'ਹਿਪਨੋਟਿਜਮ' (ਵਸ ਵਿੱਚ ਕਰਨ) ਦੁਆਰਾ ਧੋਖਾ ਭਰਪੂਰ ਪਾਗਲ ਕਰ ਦੇਣ ਵਾਲੀਆਂ ਯਿਸੂ ਦੀਆਂ ਬੰਦਗੀਆਂ ਤੇ ਪ੍ਰਾਰਥਨਾਵਾਂ ਨੂੰ, ਹਿੰਦੂ ਦੇਵੀ-ਦੇਵਤਿਆਂ ਦੇ ਜੰਤਰਾਂ ਮੰਤਰਾਂ ਤੇ ਪਾਠ ਪੂਜਾ ਨਾਲੋਂ ਸਭ ਤੋਂ ਵੱਧ ਉਤਮ ਸਮਝਦੀ ਸੀ, ਪਰ ਘਰ ਦੇ ਬਾਕੀ ਮੈਂਬਰਾਂ ਨੂੰ ਬਾਬੇ ਦੀਆਂ ਚਮਤਕਾਰੀ ਸ਼ਕਤੀਆਂ ਵਿੱਚ ਪੂਰਾ ਵਿਸ਼ਵਾਸ ਸੀ। ਅਗਲੇ ਹੀ ਦਿਨ ਬਾਬਾ ਆਪਣੇ ਘਰੋਂ ਪੂਜਾ-ਪਾਠ ਦੀ ਸਮੱਗਰੀ ਚੁੱਕ ਲਿਆਇਆ ਅਤੇ ਘਰ ਵਿੱਚ ਪਹਿਲਾਂ ਹੀ ਬਣੇ ਪੂਜਾ ਪਾਠ ਲਈ ਹਿੰਦੂ ਦੇਵੀ ਦੇਵਤਿਆਂ ਦੀਆਂ ਫੋਟੂਆਂ ਅਤੇ ਮੂਰਤੀਆਂ ਵਾਲੇ ਇੱਕ ਕਮਰੇ ਵਿੱਚ ਆਪਣਾ ਆਸਣ ਲਗਾ ਕੇ ਬੈਠ ਗਿਆ। ਬਾਬੇ ਦੇ ਕਮਰੇ ਦੀ ਹਰ ਰੋਜ ਧੋ-ਸਆਰਕੇ ਸਾਫ-ਸਫਾਈ ਕੀਤੀ ਜਾਂਦੀ। ਬਾਬੇ ਨੂੰ ਭਾਂਤ-ਭਾਂਤ ਦੇ ਵਧੀਆ ਤੇ ਮਹਿੰਗੇ ਭਾਅ ਦੇ ਖਾਣੇ ਪਰੋਸੇ ਜਾਂਦੇ। ਪਰ ਬੇਵੀ ਮੇਰੇ ਵੱਲੋਂ ਅਜਿਹੇ ਬਾਬਿਆਂ ਦੇ ਪਾਖੰਡੀ ਹੋਣ ਬਾਰੇ 'ਤਰਕਸ਼ੀਲ ਵਿਚਾਰ' ਸੁਣਦੀ ਹੋਣ ਕਰਕੇ ਉਹ ਘਰਦਿਆਂ ਨੂੰ ਬਾਬੇ ਦੇ ਪਾਖੰਡੀ ਤੇ ਲੁਟੇਰਾ ਹੋਣ ਤੋਂ ਜਾਣੂ ਕਰਾਉਂਦੀ, ਪਰ ਉਸਦੀ ਇੱਕ ਨਾ ਸੁਣੀ ਜਾਂਦੀ।

ਬਾਬੇ ਨੇ ਦੱਸਿਆ ਕੇ ਲਗਭਗ 40 ਦਿਨ ਪਾਠ ਪੂਜਾ ਕੀਤੀ ਜਾਵੇਗੀ, ਫਿਰ ਸਭ ਠੀਕ ਹੋ ਜਾਵੇਗਾ। ਬਾਬਾ ਕਮਰੇ ਅੰਦਰ ਘਰ ਦੀ ਸਮੱਸਿਆ ਨੂੰ ਖ਼ਤਮ ਕਰਨ ਲਈ ਦੇਵੀ-ਦੇਵਤਿਆਂ ਅੱਗੇ ਧੂਫ-ਬੱਤੀ ਤੇ ਜੋਤ ਜਗਾ ਕੇ ਜੰਤਰਾਂ-ਮੰਤਰਾਂ-ਤੰਤਰਾਂ ਦਾ ਜਾਪ ਕਰਦਾ ਹੋਇਆ 'ਝਾੜ-ਫੂਕ' ਕਰਨ ਲੱਗਾ। ਘਰਦੇ ਬਾਬੇ ਅੱਗੇ ਹੱਥ ਜੋੜ ਕੇ ਸ਼ਰਧਾਲੂ ਬਣ ਕੇ ਬੈਠੇ ਰਹਿੰਦੇ ਤੇ ਬਾਬਾ ਜੋ ਕੁਝ ਕਹਿੰਦਾ ਚੁੱਪ-ਚਾਪ ਸਭ ਕੁਝ ਕਰੀ ਜਾਂਦੇ। ਇੱਕ ਦਿਨ ਬਾਬੇ ਨੇ ਘਰਦਿਆਂ ਨੂੰ ਠੱਗਣ ਲਈ ਇੱਕ ਅਜਿਹੀ ਸੋਚੀ-ਸਮਝੀ ਚਾਲ ਖੇਡੀ, ਜਿਸ ਵਿੱਚ ਉਸਨੇ ਆਪਣੇ ਹੀ ਕਿਸੇ ਸਾਥੀ ਨੂੰ ਬਾਹਰ (ਵਿਦੇਸ਼) ਭੇਜਣ ਵਾਲਾ ਏਜੰਟ ਬਣਾ ਕੇ ਪੇਸ਼ ਕਰ ਦਿੱਤਾ ਤੇ ਪਾਖੰਡ ਕਰਦਿਆਂ ਅੰਤਰ-ਧਿਆਨ ਹੋਕੇ ਅੰਤਰਯਾਮੀ ਮਨ ਨਾਲ ਘਰਦਿਆਂ ਨੂੰ ਦੱਸਿਆ ਕਿ ਇਹ 'ਏਜੰਟ' ਸਹੀ ਸਲਾਮਤ ਪੂਰੀ ਗਰੰਟੀ ਨਾਲ ਲੋਕਾਂ ਨੂੰ ਜਲਦੀ ਤੋਂ ਜਲਦੀ ਬਾਹਰ ਭੇਜਦਾ ਹੈ। ਉਨ੍ਹਾਂ ਨੇ ਬਾਬੇ ਉਤੇ ਪੂਰਾ ਵਿਸ਼ਵਾਸ ਕਰਕੇ ਉਸੇ ਏਜੰਟ ਦੁਆਰਾ ਹੀ ਬਾਹਰ ਜਾਣ ਦਾ ਮਨ ਬਣਾ ਲਿਆ। ਇਸ ਕੰਮ ਵਾਸਤੇ ਬਾਬੇ ਨੇ ਏਜੰਟ ਨੂੰ ਦੇਣ ਲਈ 4 ਲੱਖ ਰੁਪਏ ਦੀ ਮੰਗ ਕੀਤੀ। ਘਰਦਿਆਂ ਨੇ ਬਾਬੇ ਉਤੇ ਪੂਰਾ ਵਿਸ਼ਵਾਸ ਕਰਕੇ ਚਾਰ ਲੱਖ ਰੁਪਏ ਦੇ ਦਿੱਤੇ। ਇਸੇ ਤਰ੍ਹਾਂ ਹੀ ਕੁੱਝ ਦਿਨਾਂ ਬਾਅਦ ਫਿਰ ਬਾਬੇ ਨੇ ਹੋਰ 2 ਲੱਖ ਰੁਪਏ ਮੰਗੇ। ਘਰਦੇ ਵਹਿਮੀ ਤੇ ਅੰਧਵਿਸ਼ਵਾਸੀ ਹੋਣ ਕਰਕੇ ਪਾਖੰਡੀ ਬਾਬੇ ਦੀ 'ਚਲਾਕੀ' ਨੂੰ ਸਮਝ ਨਹੀਂ ਸੀ ਰਹੇ ਅਤੇ ਵਿਸ਼ਵਾਸ ਕਰਕੇ ਹੋਰ 2 ਲੱਖ ਰੁਪਏ ਦੇ ਦਿੱਤੇ। ਬਾਬੇ ਨੇ ਉਨ੍ਹਾਂ ਨੂੰ ਆਪਣੇ ਧੋਖਾ ਭਰਪੂਰ ਪਾਖੰਡ ਨਾਲ ਯਕੀਨ ਦੁਆਉਂਦਿਆਂ ਆਖਿਆ ਕਿ ਹੁਣ ਜਲਦੀ ਹੀ ਬਾਹਰ ਜਾਣ ਦਾ ਕੰਮ ਬਣਨ ਜਾ ਰਿਹਾ ਹੈ, ਇਸ ਲਈ ਆਖਰੀ ਵਾਰ ਏਜੰਟ ਨੇ 2 ਲੱਖ ਰੁਪਏ ਹੋਰ ਮੰਗੇ ਹਨ। ਘਰਦਿਆਂ ਨੇ ਉਹ ਵੀ ਬੜੀ ਖੁਸ਼ੀ ਨਾਲ ਦੇ ਦਿੱਤੇ। ਇਸ ਤਰ੍ਹਾਂ ਬਾਬੇ ਨੇ ਬਹਾਨਾ ਬਣਾ ਕੇ ਏਜੰਟ ਨੂੰ ਦੇਣ ਲਈ ਲਗਾਤਾਰ 8 ਲੱਖ ਰੁਪਏ ਠੱਗ ਲਏ, ਪਰ ਬਾਹਰ ਭੇਜਣ ਬਾਰੇ ਕੋਈ ਤਸੱਲੀ ਬਖਸ਼ ਪਤਾ ਨਹੀਂ ਸੀ ਲੱਗ ਰਿਹਾ।

ਬਾਹਰ ਜਾਣ ਦੀ ਲਗਾਤਾਰ ਉਡੀਕ ਵਿੱਚ ਅੰਤ ਘਰਦਿਆਂ ਨੂੰ ਬਾਬੇ ਦੇ ਪਾਖੰਡੀ ਤੇ ਲੁਟੇਰਾ ਹੋਣ ਦਾ ਸ਼ੱਕ ਹੋਇਆ, ਜਿਸ ਵਿੱਚ ਉਨ੍ਹਾਂ ਨੇ ਆਪਣੇ ਆਪ ਨੂੰ ਠੱਗਿਆ ਹੋਇਆ ਮਹਿਸੂਸ ਕੀਤਾ, ਤੇ ਗੁੱਸੇ ਵਿੱਚ ਪਾਖੰਡੀ ਬਾਬੇ ਨੂੰ ਪੂਜਾ ਵਾਲੇ ਕਮਰੇ ਅੰਦਰ ਹੀ ਦਬੋਚ ਲਿਆ ਅਤੇ ਆਪਣੇ 8 ਲੱਖ ਰੁਪਏ ਵਾਪਸ ਮੰਗੇ। ਪਾਖੰਡੀ ਬਾਬਾ ਆਪਣਾ ਬਚਾਅ ਕਰਨ ਲਈ ਫਿਰ ਹੋਰ ਮਨਘੜਤ ਗੱਲਾਂ ਨਾਲ ਘਰਦਿਆਂ ਨੂੰ ਭਰਮਾਉਣ ਲੱਗਾ, ਪਰ ਉਨ੍ਹਾਂ ਨੇ ਬਾਬੇ ਦੀ ਇੱਕ ਨਾ ਚੱਲਣ ਦਿੱਤੀ ਤੇ ਉਸਦੀ ਖੂਬ ਪਿਟਾਈ ਕੀਤੀ। ਅੰਤ ਵਿੱਚ ਬਾਬਾ ਬਹਾਨੇ ਨਾਲ ਏਜੰਟ ਕੋਲੋਂ 8 ਲੱਖ ਰੁਪਏ ਵਾਪਸ ਲੈਣ ਗਿਆ ਤੇ ਫਰਾਰ ਹੋ ਗਿਆ ਉਹ ਜਾਂਦਾ ਹੋਇਆ ਆਪਣੇ ਪਰਿਵਾਰਕ ਮੈਂਬਰਾਂ ਨੂੰ ਵੀ ਨਾਲ ਹੀ ਲੈ ਉਡਿਆ। ਬਾਅਦ ਵਿੱਚ ਘਰਦਿਆਂ ਨੂੰ ਇਹ ਵੀ ਪਤਾ ਲੱਗਿਆ ਕਿ ਉਸਨੇ ਪਹਿਲਾਂ ਵੀ ਆਪਣੇ ਪਾਖੰਡ ਰਾਹੀਂ ਬਹੁਤ ਸਾਰੇ ਲੋਕਾਂ ਦਾ ਧੋਖੇ ਨਾਲ ਲੱਖਾਂ ਰੁਪਇਆ ਠੱਗਿਆ ਹੋਇਆ ਹੈ ਜੋ ਉਸਦੀ ਭਾਲ ਕਰ ਰਹੇ ਹਨ। ਇਹ ਪਾਖੰਡੀ ਬਾਬਾ ਇਸੇ ਤਰ੍ਹਾਂ ਹੀ ਦੂਜਿਆਂ ਦੇ ਘਰਾਂ ਵਿੱਚ ਲੁਕ-ਛਿਪ ਕੇ ਆਪਣੇ ਆਪ ਨੂੰ ਬਚਾਉਂਦਾ ਹੈ ਤੇ ਫਿਰ ਉਸੇ ਘਰ ਨੂੰ ਹੀ ਆਪਣੇ ਪਾਖੰਡ ਨਾਲ 'ਠੱਗ' ਲੈਂਦਾ ਹੈ। ਘਰਦਿਆਂ ਨੇ ਬਾਬੇ ਨੂੰ ਲੱਭਣ ਲਈ ਬਹੁਤ ਨੱਠ-ਭੱਜ ਕੀਤੀ ਪਰ ਉਹ ਕਿਤੇ ਦਿਖਾਈ ਨਾ ਦਿੱਤਾ। ਇਸ ਬਾਰੇ ਪੁਲਿਸ ਕੋਲ ਵੀ ਰਿਪੋਰਟ ਲਿਖਵਾਈ। ਉਸਦਾ ਕੋਈ ਥਾਂ-ਟਿਕਾਣਾ ਪਤਾ ਨਾ ਹੋਣ ਕਰਕੇ, ਘਰਦਿਆਂ ਦੇ ਹੱਥ ਪੱਲੇ ਕੁਝ ਨਾ ਪਿਆ ਤੇ ਉਹ ਅੱਜ ਵੀ ਉਸ ਦੀ ਭਾਲ ਕਰ ਰਹੇ ਹਨ ਤਾਂ ਜੋ ਉਸ ਬਾਬੇ ਕੋਲੋਂ ਆਪਣੇ 8 ਲੱਖ ਰੁਪਏ ਵਾਪਸ ਲੈ ਸਕਣ, ਜੋ ਉਸਨੇ ਆਪਣੇ ਦੈਵੀ (ਗੈਬੀ) ਸ਼ਕਤੀਆਂ ਵਾਲੇ ਪਾਖੰਡ ਨਾਲ 'ਠੱਗ' ਲਏ ਤੇ ਫਰਾਰ ਹੋ ਗਿਆ।

ਵਿਆਖਿਆ :- ਅਸੀਂ 'ਤਰਕਸ਼ੀਲ ਸੁਸਾਇਟੀ' ਵਾਲੇ ਪਿਛਲੇ ਲੰਮੇ ਸਮੇਂ ਤੋਂ ਹੀ ਦੁਨੀਆਂ ਭਰ ਦੇ ਲੋਕਾਂ ਨੂੰ 'ਤਰਕ-ਵਿਤਰਕ ਅਤੇ ਗਿਆਨ-ਵਿਗਿਆਨ' ਨਾਲ ਸੂਝਵਾਨ ਤੇ ਅਕਲਮੰਦ ਬਣਾ ਕੇ ਨੁਕਸਾਨਦਾਇਕ ਅਤੇ ਖ਼ਤਰਨਾਕ ਵਹਿਮਾਂ-ਭਰਮਾਂ ਅਤੇ ਅੰਧਵਿਸ਼ਵਾਸ਼ਾਂ ਦੀ ਦਲਦਲ 'ਚੋਂ ਕੱਢਣ ਲਈ ਪੂਰਾ ਜੋਰ ਲਾ ਰਹੇ ਹਾਂ, ਤਾਂ ਜੋ ਇਨ੍ਹਾਂ ਨੂੰ ਆਪਣੇ ਪਾਖੰਡ ਰਾਹੀਂ ਮੂਰਖ ਤੇ ਲਾਈਲੱਗ ਬਣਾਕੇ ਲੁੱਟਣ ਵਾਲੇ ਧੋਖੇਬਾਜ ਤੇ ਲੁਟੇਰੇ ਜ਼ੋਤਸ਼ੀਆਂ, ਬਾਬਿਆਂ, ਸਾਧੂਆਂ, ਸੰਤਾਂ, ਮਹੰਤਾਂ, ਚੇਲਿਆਂ, ਸਿਆਣਿਆਂ, ਤਾਂਤਰਿਕਾਂ, ਡੇਰੇਦਾਰਾਂ, ਸਵਾਮੀਆਂ, ਮਦਾਰੀਆਂ, ਪੁਜਾਰੀਆਂ, ਬ੍ਰਾਹਮਣਾਂ, ਪੰਡਤਾਂ, ਅਚਾਰੀਆਂ, ਯੋਹਵਾਹ ਦੇ ਗਵਾਹਾਂ, ਈਸਾਈ ਪਾਦਰੀਆਂ (ਪਾਸਟਰਾਂ) ਅਤੇ ਪੋਪਾਂ ਆਦਿ ਦੇ ਛੜਯੰਤਰ ਭਰੇ ਮੱਕੜਜਾਲ਼ ਵਿੱਚ ਫਸਣ ਤੋਂ ਬਚਾਇਆ ਜਾ ਸਕੇ। ਭਾਵੇਂ ਤਰਕਸ਼ੀਲਾਂ ਨੇ ਬਹੁਤ ਸਾਰੇ ਭੋਲੇ-ਭਾਲੇ ਤੇ ਅਗਿਆਨੀ ਲੋਕਾਂ ਨੂੰ 'ਗਿਆਨਵਾਨ' (ਸਮਝਦਾਰ) ਬਣਾਕੇ, ਉਪਰੋਕਤ ਇਨ੍ਹਾਂ ਪਾਖੰਡੀ-ਲੁਟੇਰਿਆਂ ਦੀਆਂ ਲੁੱਟ ਖਸੁੱਟ ਵਾਲੀਆਂ ਚਲਾਕੀ ਭਰੀਆਂ ਚਾਲਾਂ ਅਤੇ ਕਾਲੀਆਂ ਕਰਤੂਤਾਂ ਤੋਂ ਜਾਣੂ ਕਰਵਾ ਕੇ ਲੁੱਟ ਹੋਣ ਤੋਂ ਬਚਾਇਆ ਹੈ, ਪਰ ਫਿਰ ਵੀ ਇਨ੍ਹਾਂ ਧਾਰਮਿਕ ਲੁਟੇਰਿਆਂ ਦੀ ਜਨ-ਸੰਖਿਆਂ ਬਹੁਤ ਜਿਆਦਾ ਹੋਣ ਕਰਕੇ, ਇਹ ਭੋਲੇ-ਭਾਲੇ ਲੋਕਾਂ ਨੂੰ ਭੁਲੇਖੇ ਵਿੱਚ ਫਸਾ ਕੇ ਹੋਂਦ ਰਹਿਤ ਅਖੌਤੀ ਭੂਤਾਂ-ਚੁੜੇਲਾਂ, ਜਾਦੂ-ਟੂਣਿਆਂ, ਜੰਤਰਾਂ-ਮੰਤਰਾਂ-ਤੰਤਰਾਂ, ਨਾਮਦਾਨਾਂ, ਝਾੜ-ਫੂਕਾਂ, ਦੁਬਾਰਾ ਜਨਮਾਂ, ਸਵਰਗਾਂ-ਨਰਕਾਂ, ਪ੍ਰਾਰਥਨਾਵਾਂ, ਬੰਦਗੀਆਂ, ਸਿਮਰਨਾਂ, ਸ਼ੈਤਾਨਾਂ, ਪੂਜਾ-ਪਾਠਾਂ, ਦੈਵੀ ਸ਼ਕਤੀਆਂ, ਦੇਵੀ ਦੇਵਤਿਆਂ ਅਤੇ ਆਤਮਾ-ਪ੍ਰਮਾਤਮਾ ਆਦਿ ਵਹਿਮਾਂ-ਭਰਮਾਂ ਤੇ ਅੰਧਵਿਸ਼ਵਾਸਾਂ ਰਾਹੀਂ ਅਗਿਆਨਤਾ ਦਾ ਝੂਠਾ ਲਾਭਦਾਇਕ ਪ੍ਰਚਾਰ ਕਰਕੇ ਸਮਾਜਿਕ, ਸਰੀਰਕ, ਮਾਨਸਿਕ ਤੇ ਆਰਥਿਕ ਲੁੱਟ ਕਰਨ ਵਿੱਚ ਕਾਮਯਾਬ ਹੋ ਜਾਂਦੇ ਹਨ। ਜਿਸ ਵਿੱਚ ਇਹ ਅਕਸਰ ਹੀ ਆਪਣੀਆਂ ਚਲਾਕੀ ਭਰੀਆਂ ਗੱਲਾਂ ਤੇ ਧੋਖਾ ਭਰਪੂਰ ਪਾਖੰਡ ਰਚ ਕੇ ਮਿਹਨਤੀ ਲੋਕਾਂ ਦੀ ਖੂਨ-ਪਸੀਨੇ ਨਾਲ ਕਮਾਈ ਹੋਈ ਧਨ-ਦੌਲਤ ਹੜੱਪ ਕਰ ਜਾਂਦੇ ਹਨ ਤੇ ਆਪ ਮੌਜ ਮਸਤੀ ਭਰੀ ਜ਼ਿੰਦਗੀ ਸੁੱਖ ਨਾਲ ਬਤੀਤ ਕਰਦੇ ਹਨ।

ਜਿੱਥੇ ਇਨ੍ਹਾਂ ਲੁਟੇਰਿਆਂ ਵੱਲੋਂ ਲੁੱਟੇ ਗਏ ਗਰੀਬ ਲੋਕਾਂ ਨੂੰ ਦੋ ਵਕਤ ਦੀ ਰੋਟੀ ਵੀ ਨਸੀਬ ਨਹੀਂ ਹੁੰਦੀ ਉਥੇ ਇਹ ਲੁਟੇਰੇ ਧੋਖੇ ਨਾਲ ਹੜੱਪੀ ਹੋਈ ਧਨ-ਦੌਲਤ ਨਾਲ ਵਧੀਆ ਖਾਣੇ ਖਾਂਦੇ ਤੇ ਮਹਿੰਗੇ ਭਾਅ ਦੀਆਂ ਗੱਡੀਆਂ ਤੇ ਹਵਾਈ ਜਹਾਜਾਂ 'ਚ ਘੁੰਮਦੇ ਹੋਏ ਦੇਸਾਂ ਵਿਦੇਸ਼ਾਂ ਦੇ ਚੱਕਰ ਕੱਟਦੇ ਹੋਏ, ਆਪਣੀਆਂ ਕਾਲੀਆਂ ਕਰਤੂਤਾਂ ਨੂੰ ਬੇਫਿਕਰ ਹੋ ਕੇ ਕਰਦੇ ਹਨ। ਇਸ ਗੱਲ ਵਿੱਚ ਕੋਈ ਸ਼ੱਕ ਨਹੀਂ ਕਿ ਇਨ੍ਹਾਂ

ਧੋਖੇਬਾਜਾਂ ਤੇ ਬੇਈਮਾਨ ਲੁਟੇਰਿਆਂ ਨੇ ਦੁਨੀਆਂ ਭਰ ਦੇ ਲੋਕਾਂ ਦੀ ਜ਼ਿੰਦਗੀ ਨੂੰ ਨਰਕ ਬਣਾ ਕੇ ਉਜਾੜਨ ਵਿੱਚ ਕੋਈ ਕਸਰ ਨਹੀਂ ਛੱਡੀ। ਇਨ੍ਹਾਂ ਧਾਰਮਿਕ ਪਾਖੰਡੀ-ਲੁਟੇਰਿਆਂ ਨੇ ਪੂਰੀ ਧਰਤੀ ਉਤੇ ਧਾਰਮਿਕ ਸਥਾਨਾਂ (ਦੁਕਾਨਾਂ) ਮੰਦਰਾਂ, ਗੁਰਦੁਆਰਿਆਂ, ਮੜ੍ਹੀਆਂ-ਮਸਾਣਾਂ, ਮਸੀਤਾਂ, ਡੇਰੇ, ਮਸਜਿਦ, ਰੋਜ਼ੇ, ਗਿਰਜਾ ਘਰ ਅਤੇ ਚਰਚ ਆਦਿ ਨੂੰ ਖੋਲ੍ਹ ਕੇ ਲੋਕਾਂ ਦੀ ਭਾਰੀ ਧਨ-ਦੌਲਤ 'ਚੜ੍ਹਾਵੇ' ਦੇ ਰੂਪ ਵਿੱਚ ਇਕੱਠੀ ਕਰਕੇ, ਉਨ੍ਹਾਂ ਨੂੰ ਕਰਜਾਈ, ਘਰੋਂ-ਬੇਘਰ ਤੇ ਰੋਟੀ-ਰੋਜੀ ਤੋਂ ਵਾਂਜਾ ਕਰਕੇ, ਦੁੱਖਾਂ ਦੀ ਦਲਦਲ 'ਚ ਤੜਫਣ ਲਈ ਮਜ਼ਬੂਰ ਕੀਤਾ ਹੈ। ਆਂਢ-ਗੁਆਂਢ ਅਤੇ ਘਰਾਂ ਵਿੱਚ ਹੋ ਰਹੇ ਆਪਸੀ ਲੜਾਈ ਝਗੜੇ ਅਤੇ ਕਲਾ-ਕਲੇਸ਼ ਦਾ ਮੁੱਖ ਕਾਰਨ ਵੀ ਇਨ੍ਹਾਂ ਧਾਰਮਿਕ ਪਾਖੰਡੀਆਂ ਵੱਲੋਂ ਟੈਲੀਵਿਜ਼ਨ ਚੈਨਲਾਂ ਉਤੇ ਲੁੱਟਣ ਲਈ ਫੈਲਾਏ ਜਾਂਦੇ ਵਹਿਮ ਭਰਮ ਤੇ ਅੰਧ-ਵਿਸ਼ਵਾਸ ਹੀ ਮੁੱਖ ਰੂਪ 'ਚ ਸਾਹਮਣੇ ਆਉਂਦੇ ਹਨ। ਜਿਸ ਵਿੱਚ ਮੌਜੂਦਾ ਸਰਕਾਰ ਦੇ ਲੀਡਰ, ਨੇਤਾ, ਮੰਤਰੀ ਅਤੇ ਰਾਸ਼ਟਰਪਤੀ ਆਦਿ ਨੂੰ ਬੇਸ਼ੁਮਾਰ ਸ਼ਰਧਾਲੂਆਂ ਵੱਲੋਂ ਮਿਲਣ ਵਾਲੀਆਂ ਵੋਟਾਂ ਦੇ ਲਾਲਚ ਕਾਰਨ ਅਜਿਹੇ ਧਾਰਮਿਕ ਲੀਡਰਾਂ, ਠੇਕੇਦਾਰਾਂ, ਬਾਬਿਆਂ, ਸਾਧੂਆਂ, ਸੰਤਾਂ ਪੁਜਾਰੀਆਂ, ਜੋਤਸ਼ੀਆਂ ਅਤੇ ਪਾਦਰੀਆਂ (ਪਾਸ਼ਟਰਾਂ) ਆਦਿ ਨੂੰ ਵਹਿਮ-ਭਰਮ ਤੇ ਅੰਧਵਿਸ਼ਵਾਸ ਫੈਲਾਅ ਕੇ ਭੋਲੀ-ਭਾਤੀ ਜੰਤਾਂ ਨੂੰ ਆਪਣੇ 'ਮੱਕੜ ਜਾਲ਼' ਵਿੱਚ ਫਸਾ ਕੇ ਲਗਾਤਾਰ ਲੁਟਦੇ ਰਹਿਣ ਲਈ ਹੱਲਾ-ਸ਼ੇਰੀ ਦਿੰਦੇ ਹਨ।

ਭਾਵੇਂ ਬਾਬੇ ਵਜਿੰਦਰ ਕੋਲ ਕੋਈ ਅਜਿਹੀ ਦੈਵੀ (ਗੈਬੀ) ਸ਼ਕਤੀ ਨਹੀਂ ਸੀ ਜਿਸ ਨਾਲ ਉਹ ਦੁਖੀ ਲੋਕਾਂ ਦੀਆਂ ਮੁਸੀਬਤਾਂ ਨੂੰ ਹੱਲ ਕਰ ਸਕਦਾ ਅਤੇ ਨਾ ਹੀ ਉਸਦੀ ਭਭੂਤੀ (ਰਾਖ) ਅਤੇ ਧਾਗੇ-ਤਾਵੀਜਾਂ ਵਿੱਚ ਕੋਈ ਕਰਾਮਾਤ ਸੀ। ਉਸਦੇ ਜੰਤਰ-ਮੰਤਰ-ਤੰਤਰ ਤੇ ਝਾੜ-ਫੂਕ ਸਭ ਢੌਂਗ (ਪਾਖੰਡ) ਹੀ ਸੀ। ਜਿਸ ਨਾਲ ਉਹ ਲੋਕਾਂ ਨੂੰ ਫਸਾਉਣ ਲਈ ਚਲਾਕੀ ਵਜੋਂ ਵਰਤਦਾ ਸੀ। ਅਖੌਤੀ ਦੇਵੀ-ਦੇਵਤਿਆਂ ਅੱਗੇ ਪਾਠ-ਪੂਜਾ ਕਰਨੀ ਉਹ ਵੀ ਲੁੱਟ ਦਾ ਹੀ ਇੱਕ ਢੰਗ ਸੀ। ਉਹ ਵਿਅਕਤੀ ਜਿਨ੍ਹਾਂ ਦੀਆਂ ਸੱਮਸਿਆਵਾਂ ਹੱਲ ਹੋ ਜਾਂਦੀਆਂ, ਉਸ ਵਿੱਚ ਬਾਬੇ ਦੀ ਅਖੌਤੀ ਦੈਵੀ (ਗੈਬੀ) ਸ਼ਕਤੀ ਦਾ ਕੋਈ ਯੋਗਦਾਨ ਨਹੀਂ ਸੀ। ਇਸ ਪਿੱਛੇ ਉਨ੍ਹਾਂ ਦੀ ਆਪਣੀ ਹਿੰਮਤ, ਮਿਹਨਤ, ਲਗਨ, ਅਨੁਸ਼ਾਸ਼ਨ ਅਤੇ ਸਹੀ ਤਰੀਕੇ ਨਾਲ ਕੀਤੀ ਯੋਜ਼ਨਾਬੰਦੀ (ਪਲੈਨਿੰਗ) ਹੀ ਸੀ। ਲੋਕ ਵਹਿਮੀ ਤੇ ਅੰਧਵਿਸ਼ਵਾਸੀ ਹੋਣ ਕਰਕੇ, ਇਸਦਾ ਸਿਹਰਾ ਬਾਬੇ ਦੀ ਦੈਵੀ ਸ਼ਕਤੀ ਨੂੰ ਸਮਝ ਲੈਂਦੇ ਤੇ ਬਾਬੇ ਕੋਲ ਚਮਤਕਾਰੀ ਸ਼ਕਤੀ ਹੋਣ ਦੀ ਅਫਵਾਹ ਦੂਰ-2 ਤੱਕ ਫੈਲਾਅ ਦਿੰਦੇ। 'ਬੇਵੀ' ਇਹ ਵੀ ਨਹੀਂ ਸੀ ਸਮਝ ਸਕੀ ਕਿ ਬਾਕੀ ਪਾਖੰਡੀ ਜੋਤਸ਼ੀਆਂ ਤੇ ਬਾਬਿਆਂ ਵਾਂਗ ਹੀ ਪਾਦਰੀ (ਪਾਸ਼ਟਰ) ਵੀ ਲੋਕਾਂ ਨੂੰ ਸਵਰਗਾਂ-ਨਰਕਾਂ ਤੇ ਸ਼ੈਤਾਨਾਂ ਦਾ ਡਰ ਦੇ ਕੇ ਲੁੱਟਣ ਵਾਲੇ 'ਅਸਲੀ ਲੁਟੇਰੇ' ਹੀ ਹਨ। ਜਿਵੇਂ :- ਹਰ ਘੁਮਿਆਰ ਆਪਣੇ ਹੀ ਘੜੇ ਨੂੰ ਸਭ ਤੋਂ ਵਧੀਆ ਹੋਣ ਦਾ ਦਾਅਵਾ ਕਰਦਾ ਹੈ, ਇਸੇ ਤਰ੍ਹਾਂ ਹੀ ਲੁਟੇਰੇ ਪਾਦਰੀ ਵੀ ਆਪਣੇ ਵਹਿਮ-ਭਰਮ ਅਤੇ ਅੰਧਵਿਸ਼ਵਾਸ ਨੂੰ ਹੀ ਸਹੀ ਤੇ 'ਸੱਚਾ ਵਿਸ਼ਵਾਸ' ਮੰਨਦੇ ਹੋਏ, ਲੁੱਟ ਕਰਦੇ ਹਨ। ਮਨੋਵਿਗਿਆਨ ਵਿੱਚ ਅਜਿਹੇ ਪਾਦਰੀਆਂ ਨੂੰ ਪਾਗਲ (ਮਾਨਸਿਕ ਰੋਗੀ) ਆਖਿਆ ਜਾਂਦਾ ਹੈ। ਇਹ ਬੜੀ ਹੁਸ਼ਿਆਰੀ ਨਾਲ ਆਪਣੇ ਕੋਲ਼ ਪ੍ਰਾਰਥਨਾਵਾਂ ਤੇ ਬੰਦਗੀਆਂ 'ਕਰਨ ਆਏ ਲੋਕਾਂ ਨੂੰ ਆਪਣੀਆਂ ਮਨਘੜਤ ਕਹਾਣੀਆਂ ਸੁਣਾ ਕੇ ਹੋਂਦ ਰਹਿਤ ਸਵਰਗਾਂ-ਨਰਕਾਂ ਤੇ ਸ਼ੈਤਾਨਾਂ ਦਾ ਡਰ ਦਿਖਾਕੇ ਉਨ੍ਹਾਂ ਦੀਆਂ ਜੇਬਾਂ 'ਚੋਂ ਰੁਪਏ ਕਢਵਾ ਕੇ ਆਪਣੀਆਂ ਜੇਬ੍ਹਾਂ 'ਚ ਭਰ ਲੈਂਦੇ ਹਨ। ਮੈਂ ਇੱਕ ਅਜਿਹੇ ਪਾਦਰੀ ਨੂੰ ਜਾਣਦਾ ਹਾਂ ਜਿਸਨੇ ਆਪਣੇ ਚੇਲਿਆਂ (ਸ਼ਰਧਾਲੂਆਂ) ਕੋਲੋਂ 'ਮੁਫ਼ਤ' ਵਿੱਚ ਹੀ ਸਖ਼ਤ ਮਿਹਨਤ-ਮਜ਼ਦੂਰੀ ਕਰਾ ਕੇ ਕਰੋੜਾਂ ਰੁਪਏ ਦੀ ਆਪਣੀ ਇੱਕ ਆਲੀਸ਼ਾਨ 'ਕੋਠੀ' ਤੇ ਲੋਕਾਂ ਨੂੰ ਠੱਗਣ ਲਈ ਇੱਕ ਵਧੀਆ 'ਚਰਚ' ਬਣਵਾ ਲਿਆ। ਕੀ ਇਹ ਠੱਗੀ ਨਹੀਂ ਹੈ? ਇਸੇ ਤਰ੍ਹਾਂ ਹੀ ਬਹੁਤ ਸਾਰੇ ਡੇਰਿਆਂ ਵਾਲੇ ਬਾਬੇ ਤੇ ਸਾਧ ਸੰਤ ਵੀ ਆਪਣੇ ਸ਼ਰਧਾਲੂਆਂ ਕੋਲੋਂ 'ਮੁਫ਼ਤ' ਵਿੱਚ ਮਿਹਨਤ-ਮਜ਼ਦੂਰੀ ਕਰਾ ਕੇ ਆਪਣੇ ਅਖੌਤੀ ਡੇਰਿਆਂ ਦਾ ਨਿਰਮਾਣ ਕਰਵਾਕੇ ਠੱਗੀ ਮਾਰਦੇ ਰਹਿੰਦੇ ਹਨ। ਬਾਬਾ ਵਜਿੰਦਰ ਵੀ ਆਪਣੇ ਪਾਖੰਡ ਨਾਲ ਵਹਿਮਾਂ ਭਰਮਾਂ ਤੇ ਅੰਧਵਿਸ਼ਵਾਸਾਂ ਦਾ ਸਾਹਾਰਾ ਲੈ ਕੇ '8 ਲੱਖ' ਰੁਪਏ ਦੀ ਠੱਗੀ ਮਾਰ ਕੇ ਫਰਾਰ ਹੋਇਆ ਤੇ ਕਦੇ ਹੱਥ ਨਹੀਂ ਆਇਆ। ਬੱਸ ਏਹੀ ਸੀ, ਪਾਖੰਡੀ ਬਾਬੇ ਦੀ ਅਖੌਤੀ ਦੈਵੀ ਸ਼ਕਤੀ ਦਾ ਅਸਲੀ ਚਮਤਕਾਰ।


**ਤਰਕਭਾਰਤੀ ਪ੍ਰਕਾਸ਼ਨ ਵੱਲੋਂ ਪ੍ਰਕਾਸ਼ਿਤ ਭਗਤ ਸਿੰਘ ਤੇ ਉਨ੍ਹਾਂ ਦੇ ਸਾਥੀਆਂ ਨਾਲ ਸੰਬੰਧਤ ਕਿਤਾਬਾਂ**


ਜੀਵਨੀ ਸ਼ਹੀਦ ਭਗਤ ਸਿੰਘ 80.00


ਸ਼ਹੀਦੇ ਆਜ਼ਮ ਦੀ ਜੇਲ੍ਹ ਡਾਇਰੀ 120.00


ਇਨਕਲਾਬ 120.00


ਸ਼ਹੀਦਾਂ ਦੇ ਅੰਗ ਸੰਗ 80.00


ਅਮਰ ਸ਼ਹੀਦਾਂ ਦੀਆਂ ਯਾਦਾਂ 80.00


ਸ਼ਹੀਦ ਭਗਤ ਸਿੰਘ 80.00


ਸ਼ਹੀਦ ਚੰਦਰ ਸ਼ੇਖਰ ਆਜ਼ਾਦ 80.00


ਸ਼ਹੀਦ ਭਗਵਤ ਚਰਨ ਵੋਹਰਾ 80.00


ਸ਼ਹੀਦ ਰਾਮ ਪ੍ਰਸਾਦ ਬਿਸਮਿਲ 80.00


ਸ਼ਹੀਦ ਊਧਮ ਸਿੰਘ 300.00


ਪਾਸ਼ ਦੀ ਚੋਣਵੀਂ ਕਵਿਤਾ 70.00


ਸੰਤ ਰਾਮ ਉਦਾਸੀ ਦੇ ਚੋਣਵੇਂ ਗੀਤ 60.00


ਭਗਤ ਸਿੰਘ ਤੇ ਸਾਥੀ 80.00


ਗਾਥਾ ਗਦਰੀਆਂ ਦੀ 80.00


ਖੇਤਾਂ ਦੀ ਬੁੱਕਲ 'ਚੋਂ 80.00


ਭਗਤ ਸਿੰਘ ਨੂੰ ਫਾਂਸੀ 120.00

**ਘਰ ਬੈਠੇ ਵੀਪੀਪੀ ਰਾਹੀਂ ਮੰਗਵਾਉਣ ਲਈ ਫ਼ੋਨ ਕਰੋ 01679-241744**

# ਸੋਚ ਨੂੰ ਬਦਲੋ

**ਰਾਕੇਸ਼ ਨਾਥ**

ਕਈ ਤਰ੍ਹਾਂ ਦੇ ਪ੍ਰਬੰਧਾਂ, ਖਣਿਜ ਭੰਡਾਰਾਂ ਮਿਹਨਤ ਮੁਸ਼ੱਕਤ ਦੇ ਬਾਵਜੂਦ ਸਾਡੀ ਹਾਲਤ ਖਰਾਬ ਕਿਉਂ ਹੈ? ਅਸੀਂ ਕਿਉਂ ਬੇਚੈਨੀ ਦੇ ਸ਼ਿਕਾਰ ਹੋ ਕੇ ਉਨ੍ਹਾਂ ਰੀਤੀ ਵਿਰਾਜਾਂ ਦੇ ਪਿੱਛੇ ਪਾਗਲ ਹੈ, ਜਿਹਨਾਂ ਨਾਲ ਸਾਡਾ ਕਦੇ ਭਲਾ ਨਹੀਂ ਹੋ ਸਕਦਾ, ਕੌਣ ਹੈ ਇਸ ਦਾ ਦੋਸ਼ੀ? ਅਸੀਂ, ਸਾਡਾ ਸਮਾਜ ਜਾਂ ਸਾਡੀ ਸੋਚ?

ਸਦੀਆਂ ਤੋਂ ਭਾਰਤ ਆਧੁਨਿਕਤਾ ਦਾ ਵਿਰੋਧੀ ਰਿਹਾ ਹੈ। ਉਹ ਧਾਰਮਿਕ ਰੀਤੀ ਰਿਵਾਜਾਂ, ਰੂੜੀਆਂ ਅਤੇ ਜਾਤੀਵਾਦ ਦੇ ਨਾਗਪਾਸ਼ (ਵਰੁਣ ਦੇ ਇੱਕ ਫੰਦੇ ਦਾ ਨਾਂ ਜਿਸ ਨਾਲ ਦੁਸ਼ਮਣ ਨੂੰ ਬੰਨ੍ਹ ਲੈਂਦੇ ਸਨ) ਵਿੱਚ ਇਸ ਤਰ੍ਹਾਂ ਜਕੜਿਆ ਰਿਹਾ ਹੈ ਕਿ ਹਰ ਨਵੇਂ ਵਿਚਾਰ, ਤਬਦੀਲੀ ਅਤੇ ਨਵੀਂ ਤਕਨੀਕ ਦਾ ਹੀ ਵਿਰੋਧੀ ਹੋ ਗਿਆ ਇਸ ਨਾਲ ਦੇਸ਼ ਲਗਾਤਾਰ ਸੁਸਤ ਅਤੇ ਅਣਉਤਪਾਦਕ ਹੁੰਦਾ ਚਲਾ ਗਿਆ। ਜ਼ਿਆਦਾਤਰ ਗਿਣਤੀ ਦੇ ਦੇਸ਼ਵਾਸੀ ਇਹ ਮੰਨ ਕੇ ਜੀਵਨ ਬਤੀਤ ਕਰ ਰਹੇ ਹਨ ਕਿ ਉਸ ਦੇ ਕਿਸਮਤ ਵਿੱਚ ਜੋ ਲਿਖਿਆ ਹੋਵੇਗਾ ਉਹੀ ਮਿਲੇਗਾ। ਕਿਸਮਤਵਾਦ ਦੇ ਸਹਾਰੇ ਕੋਈ ਵੀ ਬੰਦਾ ਅਮੀਰ/ਖੁਸ਼ਹਾਲ ਨਹੀਂ ਹੋ ਸਕਦਾ ਹੈ। ਇਸ ਲਈ ਭਾਰਤ ਹਜ਼ਾਰਾਂ ਸਾਲਾਂ ਤੱਕ ਗੁਲਾਮ ਰਿਹਾ। ਗ਼ਰੀਬੀ, ਭੁੱਖਮਰੀ, ਅਕਾਲ ਨੂੰ ਦੇਸ਼ ਦੀ ਜਨਤਾ ਨੇ ਅਪਣਾ ਭਾਗ ਮੰਨ ਲਿਆ ਹੈ।

ਖੋਜ ਦੇ ਨਾਂ ਉੱਤੇ ਕੁੱਝ ਨਹੀਂ :- ਇਹਨਾਂ ਤੋਂ ਅਜ਼ਾਦ ਹੋਣ ਦਾ ਉਸ ਨੇ ਕਦੀ ਕੋਈ ਕਾਰਗਰ ਉਪਾਅ ਹੀ ਨਹੀਂ ਕੀਤਾ। ਇਸ ਲਈ ਦੇਸ਼ ਦੀ ਆਜ਼ਾਦੀ ਦੇ ਬਾਦ ਭਾਭਾ ਅਤੇ ਨਹਿਰੂ ਜੀ ਨੇ ਕਿਹਾ ਸੀ ਕਿ ਵਿਗਿਆਨ ਅਤੇ ਤਕਨੀਕ ਦੀ ਸਹਾਇਤਾ ਨਾਲ ਅਸੀਂ ਗਰੀਬੀ ਅਤੇ ਭੁੱਖਮਰੀ ਖ਼ਤਮ ਕਰ ਸਕਦੇ ਹਾਂ। ਉਨ੍ਹਾਂ ਦੀਆਂ ਕੋਸ਼ਿਸ਼ਾਂ ਨਾਲ ਅੱਜ ਦੇਸ਼ ਵਿੱਚ 200 ਤੋਂ ਵੱਧ ਰਾਸ਼ਟਰੀ ਪ੍ਰਯੋਗਸ਼ਾਲਾਵਾਂ ਅਤੇ ਕਈ ਤਕਨੀਕੀ ਸੰਸਥਾਨ ਸਾਡੇ ਕੋਲ ਹਨ। ਸੈਂਕੜੇ ਯੂਨੀਵਰਸਿਟੀਆਂ ਅਤੇ ਹਜ਼ਾਰਾਂ ਵੱਡੇ ਕਾਲਜਾਂ ਵਿੱਚ ਵੀ ਵਿਗਿਆਨ ਦੀ ਪੜ੍ਹਾਈ ਸਾਡੇ ਇੱਥੇ ਹੁੰਦੀ ਹੈ। ਵਿਗਿਆਨ ਵਿੱਚ ਖੋਜ ਦੇ ਲਈ ਸਾਡੇ ਪਾਸ ਮੌਲਿਕ ਢਾਂਚਾ ਤਿਆਰ ਹੈ। ਪਰੰਤੂ ਦੁਨੀਆਂ ਨੂੰ ਦੱਸਣ ਲਾਇਕ ਅਸੀਂ ਕੋਈ ਨਵੀਂ ਖੋਜ ਨਹੀਂ ਕੀਤੀ ਹੈ।

ਸਾਡੀ ਇਹ ਦਸ਼ਾ ਕਿਉਂ : ਇਸ ਉੱਤੇ ਸਾਨੂੰ ਗੰਭੀਰਤਾਪੂਰਵਕ ਵਿਚਾਰ ਕਰਨਾ ਚਾਹੀਦਾ ਹੈ ਕਿ ਬੇਸ਼ੁਮਾਰ ਕੁਦਰਤ ਅਤੇ ਮਾਨਵੀ ਸੰਸਾਧਨਾਂ ਦੇ ਬਾਵਜੂਦ ਸਾਡੀ ਇਹ ਦਸ਼ਾ ਕਿਉਂ ਹੈ। ਦਰਅਸਲ, ਦੇਸ਼ ਵਿੱਚ ਵਿਗਿਆਨਕ ਅਤੇ ਤਕਨੀਕੀ ਖੋਜ ਦਾ ਕੋਈ ਮਾਹੌਲ ਹੀ ਨਹੀਂ ਹੈ। ਅੱਜ ਵੀ ਵਿਗਿਆਨ ਅਤੇ ਤਕਨੀਕ ਦੇ ਲਈ ਅਸੀਂ ਬਹੁਰਾਸ਼ਟਰੀ ਕੰਪਨੀਆਂ ਉੱਤੇ ਨਿਰਭਰ ਹਾਂ। ਟੂਥਪੇਸਟ, ਬੂਟ ਪਾਲਿਸ਼, ਰੰਗਰੋਗਨ ਤੋਂ ਲੈ ਕੇ ਚਯੁਇੰਗਮ ਬਣਾਉਣ ਤੱਕ ਦੀ ਤਕਨੀਕ ਦੇ ਲਈ ਅਸੀਂ ਵਿਦੇਸ਼ੀ ਕੰਪਨੀਆਂ ਨਾਲ ਸਮਝੌਤਾ ਕੀਤਾ ਹੈ। ਦੇਸ਼ ਨੂੰ ਇਸ ਦੀ ਭਾਰੀ ਕੀਮਤ ਅਦਾ ਕਰਨੀ ਪੈਂਦੀ ਹੈ। ਅਸਲ ਵਿੱਚ ਦੌਲਤ ਅਸਮਾਨ ਤੋਂ ਨਹੀਂ ਟਪਕਦੀ ਹੈ। ਧਨ/ਦੌਲਤ ਟੈਕਨੋਲੋਜੀ (ਸ਼ਿਲਪ-ਵਿਗਿਆਨ) ਨਾਲ ਆਉਂਦੀ ਹੈ। ਹਜ਼ਾਰਾਂ ਸਾਲਾਂ ਤੋਂ ਅਸੀਂ ਕੋਈ ਨਵੀਂ ਖੋਜ ਜਾਂ ਤਕਨੀਕ ਵਿਕਸਿਤ ਨਹੀਂ ਕੀਤੀ ਹੈ। ਇਸ ਦੇ ਬਾਵਜੂਦ ਦੇਸ਼ ਦੇ ਕੁਝ ਲੀਡਰ ਭਾਰਤ ਦੇ ਮਹਾਂਸ਼ਕਤੀ ਬਣਨ ਦਾ ਸੁਪਨਾ ਦੇਖ ਰਹੇ ਹਨ।

ਆਧੁਨਿਕਤਾ ਤੋਂ ਡਰ ਕਿਉਂ? : ਸਾਡੇ ਸਮਾਜ ਦੇ ਨੇਤਾ, ਸਿੱਖਿਆਸ਼ਾਸਤਰੀ, ਸਾਧੂ ਸੰਨਿਆਸੀ ਸਾਰੇ ਆਧੁਨਿਕਤਾ ਦੇ ਵੱਡੇ ਵਿਰੋਧੀ ਰਹੇ ਹਨ। ਉਹਨਾਂ ਦਾ ਕਹਿਣਾ ਹੈ ਕਿ ਆਧੁਨਿਕਤਾ ਭਾਰਤੀ ਸਮਾਜ ਦੇ ਲਈ ਘਾਤਕ ਹੈ। ਇਹ ਸਾਡੀ ਸੰਸਕ੍ਰਿਤੀ ਅਤੇ ਰੀਤੀ ਰਿਵਾਜਾਂ ਨੂੰ ਖ਼ਤਮ ਕਰ ਦੇਵੇਗੀ। ਪਰੰਤੂ ਜੋ ਸੰਸਕ੍ਰਿਤੀ ਜਿੰਦਾ ਹੁੰਦੀ ਹੈ ਉਹ ਆਧੁਨਿਕ ਹੋ ਕੇ ਹੀ ਬਚਦੀ ਹੈ। ਇਸ ਦੇਸ਼ ਵਿੱਚ ਗਲਤ ਸਿੱਖਿਆ ਦਿੱਤੀ ਜਾ ਰਹੀ ਹੈ ਕਿ ਲੋੜਾਂ ਨੂੰ ਘੱਟ ਕਰੋ।



ਲੋੜਾਂ ਨੂੰ ਘੱਟ ਕਰਨ ਦਾ ਮਤਲਬ ਹੈ ਕਿ ਮਨ ਦੇ ਵਿਸਥਾਰ ਦਾ ਜੋ ਨਿਯਮ ਹੈ ਉਸਨੂੰ ਰੋਕੋ ਅਤੇ ਦਬਾਓ। ਪਰ ਇਹ ਨਹੀਂ ਹੋ ਸਕਦਾ। ਇਹ ਗਰੀਬ ਬਣੇ ਰਹਿਣ ਦੀ ਸਿੱਖਿਆ ਹੈ। ਪਰੰਤੂ ਕੋਈ ਗਰੀਬ ਹੋਣ ਨੂੰ ਰਾਜੀ ਨਹੀਂ ਹੈ, ਨਾ ਹੋਣਾ ਚਾਹੀਦਾ ਹੈ। ਇਸ ਲਈ ਇਥੇ ਹੁਣ ਬੇਚੈਨੀ ਪੈਦਾ ਹੋ ਗਈ ਹੈ।

ਅਰਾਜਕਤਾ ਦਾ ਕਾਰਨ : ਅੱਜਕੱਲ੍ਹ ਲੋਕ ਸੁਖੀ ਅਤੇ ਅਮੀਰ ਬਣਨ ਦੀ ਪਾਗਲ ਦੌੜ ਵਿੱਚ ਸ਼ਾਮਲ ਹੋ ਗਏ ਹਨ, ਕਿਉਂਕਿ ਅਸੀਂ ਉਹਨਾਂ ਨੂੰ ਏਨੇ ਦਿਨਾਂ ਤੱਕ 'ਸਾਦਾ ਜੀਵਨ ਉੱਚ ਵਿਚਾਰ' ਦਾ ਜੋ ਪਾਠ ਪੜ੍ਹਾਇਆ ਸੀ, ਉਹਨਾਂ ਸਾਰੇ ਬੰਧਨਾਂ ਨੂੰ ਤੋੜ ਕੇ ਹੁਣ ਉਹ ਅਮੀਰ ਬਣਨ ਦੇ ਲਈ ਪਾਗਲ ਹੋ ਗਏ ਹਨ। ਹੁਣ ਇਹ ਅਮੀਰੀ ਭਾਵੇਂ ਹਜ਼ਾਰਾਂ ਲੋਕਾਂ ਦੀ ਛਾਤੀ ਉੱਤੇ ਖੜ੍ਹੇ ਹੋ ਕੇ ਮਿਲਦੀ ਹੋਵੇ ਤਾਂ ਵੀ ਅਸੀਂ ਤਿਆਰ ਹਾਂ। ਇਸ ਲਈ ਭ੍ਰਿਸ਼ਟਾਚਾਰ, ਬੇਈਮਾਨੀ ਵਿੱਚ ਵੀ ਭਾਰਤ ਵਾਸੀਆਂ ਦਾ ਨਾਂ ਬਹੁਤ ਅੱਗੇ ਹੈ। ਟਰਾਂਸਪੇਰੇਂਸੀ ਇੰਟਰਨੈਸ਼ਨਲ ਦੀ ਰਿਪੋਰਟ ਇਸ ਦੀ ਪੁਸ਼ਟੀ ਕਰਦੀ ਹੈ। ਇਸ ਦੇਸ਼ ਵਿੱਚ ਹਜ਼ਾਰਾਂ ਸਾਲਾਂ ਤੋਂ ਗਰੀਬੀ ਦੀ ਸਿੱਖਿਆ ਦਿੱਤੀ ਜਾ ਰਹੀ ਸੀ। ਪਰੰਤੂ ਜਦ ਦੁਨੀਆਂ ਦੇ ਦੇਸ਼ਾਂ ਵਿੱਚ ਦੂਰੀਆਂ ਖ਼ਤਮ ਹੋਈਆਂ ਅਤੇ ਦੂਰਦਰਸ਼ਨ ਅਤੇ ਟੀ.ਵੀ. ਉੱਤੇ ਨਵੀਂ ਸੰਸਕ੍ਰਿਤੀ ਦਾ ਪ੍ਰਚਾਰ ਪ੍ਰਸਾਰ ਹੋਇਆ ਤਾਂ ਉਸਨੂੰ ਦੇਖ ਕੇ ਆਦਮੀ ਪਾਗਲਾਂ ਵਾਂਗ ਅਮੀਰ ਬਣਨ ਦੀ ਤਾਕ ਵਿੱਚ ਪੈ ਗਿਆ। ਸਾਡੇ ਦੇਸ਼ ਦੀ ਅਰਾਜਕਤਾ ਦਾ ਇਹੀ ਮੁੱਢਲਾ ਕਾਰਨ ਹੈ।

ਭ੍ਰਿਸ਼ਟਾਚਾਰ, ਰਿਸ਼ਵਤਖੋਰੀ, ਕਾਲਾਬਜ਼ਾਰੀ, ਮਾਫ਼ੀਆਰਾਜ, ਲੋਕਾਂ ਦੇ ਅਮੀਰ ਬਣਨ ਦੀ ਉਹੀ ਇੱਛਾ ਹੈ ਜਿਸ ਦਾ ਕੋਈ ਤੌਰ ਤਰੀਕਾ ਨਹੀਂ ਹੈ। ਦੇਸ਼ ਦੀ ਆਜ਼ਾਦੀ ਦੇ ਬਾਅਦ ਜਦ ਲੋਕਾਂ ਨੂੰ ਮੌਕਾ ਮਿਲਿਆ ਤਾਂ ਉਹ ਲੁੱਟ ਖਸੁੱਟ ਵਿੱਚ ਜੁੱਟ ਗਏ।

ਇਹ ਸਾਡੇ ਧਰਮ ਅਚਾਰੀਆ :- ਹਜ਼ਾਰਾਂ ਸਾਲਾਂ ਤੋਂ ਆਪਣੀ ਜਨਤਾ ਨੂੰ ਤਿਆਗ ਅਤੇ ਬਲੀਦਾਨ ਦਾ ਪਾਠ ਪੜ੍ਹਾਂਦੇ ਰਹੇ ਹਨ। ਵੱਡੇ ਵੱਡੇ ਲੀਡਰ ਤੋਂ ਲੈ ਕੇ ਸਾਧੂ ਸੰਤ ਭੌਤਿਕਵਾਦ ਦੇ ਖਿਲਾਫ਼ ਪ੍ਰਵਚਨ ਦੇਂਦੇ ਰਹਿੰਦੇ ਹਨ ਪ੍ਰੰਤੂ ਆਪ ਜਾਇਦਾਦ ਇਕੱਠੀ ਕਰਨ ਦੇ ਚੱਕਰ ਵਿੱਚ ਪਏ ਰਹਿੰਦੇ ਹਨ। ਅਸਲ ਵਿੱਚ ਅਸੀਂ ਅਮੀਰ ਕਿਵੇਂ ਹੋਈਏ, ਇਸ ਉੱਤੇ ਕਦੇ ਗੰਭੀਰਤਾ ਨਾਲ ਵਿਚਾਰ ਹੀ ਨਹੀਂ ਕੀਤਾ ਗਿਆ। ਅਸੀਂ ਗ਼ਰੀਬੀ ਨੂੰ ਖ਼ਤਮ ਕਰਨ ਦੇ ਸਭ ਉਪਾਅ ਕੀਤੇ ਅਤੇ ਅਸੀਂ ਸਫ਼ਲ ਹੋ ਗਏ। ਅਮੀਰੀ ਲਕਸ਼ਮੀ ਦੀ ਪੂਜਾ ਨਾਲ ਵੀ ਨਹੀਂ ਆਉਂਦੀ ਹੈ। ਅਮੀਰੀ ਵਿਗਿਆਨ ਅਤੇ ਤਕਨੀਕ ਨਾਲ ਆਉਂਦੀ ਹੈ। ਪਰੰਤੂ ਦੇਸ਼ ਦੇ ਸਾਧੂ ਸੰਤਾਂ ਅਤੇ ਲੀਡਰਾਂ ਨੇ ਭੌਤਿਕਵਾਦ ਦੇ ਖਿਲਾਫ਼ ਏਨਾ ਜ਼ਿਆਦਾ ਕੁ ਪ੍ਰਚਾਰ ਕੀਤਾ ਹੋਇਆ ਹੈ ਕਿ ਸਾਡਾ ਸੋਚਣਾ ਅਤੇ ਸਮਝਣਾ ਹੈ ਕਿ ਸਾਡੇ ਸਾਰੇ ਚੈਨਲ ਵੀ ਭੂਤਪ੍ਰੇਤਾਂ ਦੇ ਕਿੱਸੇ ਸੁਣਾਂਦੇ ਅਤੇ ਦਿਖਾਂਦੇ ਹਨ।

ਦੋਸ਼ੀ ਕੌਣ : ਅੱਜ ਵੀ ਦੇਸ਼ ਦੀ ਬਹੁਤੀ ਅਬਾਦੀ ਝਾੜਫੂਕ ਨਾਲ ਇਲਾਜ ਕਰਾਉਣ ਵਿੱਚ ਵਿਸ਼ਵਾਸ ਰੱਖਦੀ ਹੈ। ਸਾਡੇ ਸਾਹਮਣੇ ਸਭ ਤੋਂ ਵੱਡੀ ਸਮੱਸਿਆ ਇਹ ਹੈ ਕਿ ਸਾਡਾ ਸੋਚ ਵਿਚਾਰ ਕਿਸ ਤਰ੍ਹਾਂ ਨਾਲ ਵਿਗਿਆਨਕ ਹੋਵੇ। ਸਾਡੇ ਚਿੰਤਨ-ਮਨਨ ਦੇ ਸਾਰੇ ਆਧਾਰ ਅਵਿਗਿਆਨਕ ਰਹੇ ਹਨ। ਇਸ ਲਈ ਜਦ ਅਬਾਦੀ ਵੱਧਦੀ ਹੈ

ਤਾਂ ਕਈ ਲੋਕ ਸੰਜਮ ਅਤੇ ਬ੍ਰਹਮਚਰਯ ਨਾਲ ਅਬਾਦੀ ਕੰਟਰੋਲ ਦਾ ਸੁਝਾਅ ਦੇਂਦੇ ਹਨ। ਵਿਗਿਆਨਕ ਸਾਧਨਾਂ ਅਤੇ ਉਪਾਵਾਂ ਨਾਲ ਸਾਡਾ ਬੁਨਿਆਦੀ ਵਿਰੋਧ ਰਿਹਾ ਹੈ। ਇਸ ਲਈ ਜਨਸੰਖਿਆ ਕੰਟਰੋਲ ਤੋਂ ਸਾਡਾ ਵਿਰੋਧ ਹੈ ਕਿਉਂਕਿ ਉਹ ਵਿਗਿਆਨਕ ਸਾਧਨ ਹੈ।

ਲੀਡਰ ਵੀ ਪਿਛੜੇਪਨ ਦੇ ਹਿਮਾਇਤੀ : ਅਸੀਂ ਆਪਣੇ ਦੇਸ਼ ਵਿੱਚ ਸੋਚ ਵਿਚਾਰ ਦੀ ਕੋਈ ਵਿਗਿਆਨਕ ਪ੍ਰਣਾਲੀ ਵਿਕਸਿਤ ਨਹੀਂ ਕੀਤੀ। ਅੱਜ ਹਾਲਤ ਇਹ ਹੈ ਕਿ ਲੋਕਾਂ ਦੇ ਕਿਸੇ ਵਰਗ ਵਿੱਚ ਜਾਂ ਕਰਮਚਾਰੀਆਂ, ਵਿਦਿਆਰਥੀਆਂ ਵਿੱਚ ਜਦ ਅਸੰਤੋਸ਼/ਅਤ੍ਰਿਪਤੀ, ਨਾ ਖ਼ੁਸ਼ੀ ਪੈਦਾ ਹੁੰਦਾ ਹੈ ਤਾਂ ਉਸ ਦੀ ਬਿਜਲੀ ਸਾਰਵਜਨਿਕ ਜਾਇਦਾਦਾਂ ਉੱਤੇ ਹੀ ਡਿੱਗਦੀ ਹੈ। ਮਾਮਲਾ ਭਾਵੇਂ ਕਿਸੇ ਮੂਰਤੀ ਦੇ ਟੁੱਟਣ ਦਾ ਹੋਵੇ ਜਾਂ ਰਾਖਵਾਂਕਰਨ ਦੀ ਸ਼ਰੇਣੀ ਵਿੱਚ ਸ਼ਾਮਲ ਹੋਣ ਦਾ ਜਾਂ ਫੇਰ ਉਸਦੇ ਵਿਰੋਧ ਦਾ ਹੀ ਜਦ ਵੀ ਕਿਸੇ ਗੱਲ ਨੂੰ ਲੈ ਕੇ ਅੰਦੋਲਨ ਹੁੰਦਾ ਹੈ ਤਾਂ ਲੋਕ ਬਸਾਂ ਅਤੇ ਰੇਲਾਂ ਵਿੱਚ ਤੋੜਫੋੜ ਅਤੇ ਅਗਜਨੀ ਕਰਨਾ ਸ਼ੁਰੂ ਕਰ ਦੇਂਦੇ ਹਨ।

ਤੋੜਫੋੜ ਵਿਕਾਸ ਵਿੱਚ ਰੁਕਾਵਟ : ਕੋਈ ਵੀ ਸਮਝਦਾਰ ਬੰਦਾ ਆਪਣੇ ਘਰ ਵਿੱਚ ਅੱਗ ਨਹੀਂ ਲਗਾ ਸਕਦਾ ਹੈ। ਪਰੰਤੂ ਆਪਣੇ ਦਿੱਤੇ ਗਏ ਕਰ (ਟੈਕਸ) ਨਾਲ ਖਰੀਦੀਆਂ ਗਈਆਂ ਬੱਸਾਂ, ਰੇਲਾਂ ਅਤੇ ਹੋਰ ਸਾਰਵਜਨਿਕ ਜਾਇਦਾਦਾਂ ਵਿੱਚ ਅਸੀਂ ਅੱਗ ਲਗਾ ਦੇਂਦੇ ਹਾਂ। ਅਸੀਂ ਇਹ ਨਹੀਂ ਜਾਣਦੇ ਹਾਂ ਕਿ ਕਿਸਾਨ ਜੋ ਟੈਕਸ ਦੇਂਦਾ ਹੈ, ਅਸੀਂ ਜੋ ਸਕੂਟਰ, ਵਾਹਨ ਦਾ ਰੋਡ ਟੈਕਸ ਦੇਂਦੇ ਹਾਂ, ਬਿਜਲੀ, ਪਾਣੀ ਦਾ ਬਿਲ ਅਦਾ ਕਰਦੇ ਹਾਂ ਜਾਂ ਮੋਬਾਈਲ ਫ਼ੋਨ ਦੇ ਰਿਚਾਰਜ ਕੂਪਨ ਉੱਤੇ ਸੇਵਾ ਕਰ ਦੇਂਦੇ ਹਾਂ, ਵਿਕਰੀ ਕਰ, ਆਮਦਨ ਕਰ, ਉਤਪਾਦਨ ਟੈਕਸ ਅਦਾ ਕਰਦੇ ਹਾਂ, ਉਸ ਨਾਲ ਸਰਕਾਰ ਬੱਸਾਂ, ਰੇਲਾਂ ਅਤੇ ਸਾਰਵਜਨਿਕ ਜਾਇਦਾਦਾਂ ਦੀ ਉਸਾਰੀ ਕਰਦੀ ਹੈ। ਜਦ ਇਸ ਤਰ੍ਹਾਂ ਦੀ ਕਿਸੇ ਜਾਇਦਾਦ ਦਾ ਨੁਕਸਾਨ ਹੁੰਦਾ ਹੈ ਤਾਂ ਸਰਕਾਰ ਰੇਲਾਂ ਅਤੇ ਸਾਰਵਜਨਿਕ ਜਾਇਦਾਦਾਂ ਦਾ ਨਿਰਮਾਣ ਕਰਦੀ ਹੈ। ਸਰਕਾਰ ਜਨਤਾ ਉੱਤੇ ਟੈਕਸ ਵਧਾ ਕੇ ਉਸ ਦੀ ਪੂਰਤੀ ਕਰਦੀ ਹੈ। ਪਰੰਤੂ ਸਾਡਾ ਗੁੱਸਾ ਤਾਂ ਪਾਗਲਪਨ ਦੀ ਹੱਦ ਤੱਕ ਪਹੁੰਚ ਜਾਂਦਾ ਹੈ ਅਤੇ ਅਸੀਂ ਆਪਣੀ ਸਾਰਵਜਨਿਕ ਜਾਇਦਾਦਾਂ ਵਿੱਚ ਅੱਗ ਲਗਾਉਂਦੇ ਹਾਂ।

ਇਹ ਕਿਹੋ ਜਿਹੀ ਮਾਨਸਿਕਤਾ ਹੈ : ਆਪਣੀ ਕਿਸੇ ਵੀ ਮੰਗ ਨੂੰ ਲੈ ਕੇ ਅਸੀਂ ਏਨੇ ਉਤਾਵਲੇ ਹੋ ਜਾਂਦੇ ਹਾਂ ਕਿ ਸਾਨੂੰ ਖਿਆਲ ਹੀ ਨਹੀਂ ਰਹਿੰਦਾ ਹੈ ਕਿ ਅਸੀਂ ਕੀ ਕਰ ਰਹੇ ਹਾਂ। ਇਹ ਸਾਰੀ ਦੌੜ ਧਨ ਅਤੇ ਅਹੁੱਦੇ ਦੇ ਲਈ ਹੈ ਅਤੇ ਅਸੀਂ ਉਸ ਦੇ ਲਈ ਪਾਗਲ ਹੋ ਜਾਂਦੇ ਹਾਂ। ਕਿਸੇ ਨੇ ਕਹਿ ਦਿੱਤਾ ਕਿ ਰਮਾਇਣ ਜਾਂ ਕੁਰਆਨ ਜਲਾ ਦਿੱਤੀ ਗਈ ਜਾਂ ਗਊ ਦੀ ਪੂੰਛ ਕੱਟ ਗਈ ਤਾਂ ਲੋਕ ਦੰਗਿਆਂ ਉੱਤੇ ਉਤਾਰੂ ਹੋ ਜਾਂਦੇ ਹਨ। ਇੱਕ ਪੱਥਰ ਦੀ ਮੂਰਤੀ ਟੁੱਟ ਜਾਵੇ ਜਾਂ ਉਸ ਦਾ ਹੱਥ ਵੱਢ ਹੋ ਜਾਵੇ ਤਾਂ ਸੈਂਕੜਿਆਂ ਲੋਕਾਂ ਦੀ ਹੱਤਿਆ ਕੀਤੀ ਜਾ ਸਕਦੀ ਹੈ।

ਅਰਬਾਂ ਖਰਬਾਂ ਦੀ ਰਾਸ਼ਟਰੀ ਜਾਇਦਾਦ ਵਿੱਚ ਅੱਗ ਲਗਾਈ ਜਾ ਸਕਦੀ ਹੈ। ਮੂਰਤੀ ਮੁੜ ਬਣ ਸਕਦੀ ਹੈ, ਰਮਾਇਣ ਦੀ ਦੂਜੀ ਕਿਤਾਬ ਬਜ਼ਾਰ ਤੋਂ ਮਿਲ ਜਾਵੇਗੀ ਅਤੇ ਗਾਂ ਦੀ ਪੂੰਛ ਵੀ ਪਲਾਸਟਿਕ ਸਰਜਰੀ ਨਾਲ ਠੀਕ ਕਰਾਈ ਜਾ ਸਕਦੀ ਹੈ। ਪਰੰਤੂ ਅਸੀਂ ਮੰਨਣ ਦੇ ਲਈ ਤਿਆਰ ਨਹੀਂ ਹੁੰਦੇ, ਕਿਉਂਕਿ ਹਜ਼ਾਰਾਂ ਸਾਲਾਂ ਤੋਂ ਸਾਨੂੰ ਜਿਹੜੀ ਅਧਿਆਤਮਿਕ ਸਿੱਖਿਆ ਦਿੱਤੀ ਗਈ ਹੈ, ਉਸ ਦੀ ਹੁਣ ਕੋਈ ਉੱਚਿਤਤਾ ਨਹੀਂ ਰਹਿ ਗਈ ਹੈ।

ਵਿਸ਼ਾਲ ਸੋਚ ਦੀ ਲੋੜ : ਸਰਕਾਰ 8 ਪ੍ਰਤੀਸ਼ਤ ਦੀ ਦਰ ਨਾਲ ਵਿਕਾਸ ਦਾ ਦਾਅਵਾ ਕਰ ਸਕਦੀ ਹੈ। ਪਰੰਤੂ ਅਮੀਰ ਜਾਂ ਖ਼ੁਸ਼ਹਾਲ ਹੋਣ ਦੇ ਲਈ ਜਿਸ ਵਿਗਿਆਨਕ ਵਿਚਾਰਧਾਰਾ ਦੀ ਜ਼ਰੂਰਤ ਹੈ ਉਹ ਸਾਡੇ ਮਨ ਵਿੱਚ ਹੈ ਹੀ ਨਹੀਂ। ਸਾਡੇ ਚਿੰਤਨ ਦੇ ਸਾਰੇ ਆਧਾਰ ਅਵਿਗਿਆਨਕ ਹਨ। ਦੇਸ਼ ਨੂੰ ਇੱਕ ਵਿਗਿਆਨਕ ਨਜ਼ਰ/ਦ੍ਰਿਸ਼ਟੀ ਚਾਹੀਦੀ ਹੈ, ਜਿਸ ਤੋਂ ਆਮ ਆਦਮੀ ਆਪਣੀ ਜ਼ਿੰਦਗੀ ਦੇ ਸਵਾਲਾਂ ਨੂੰ ਹੱਲ ਕਰ ਸਕੇ। ਸਾਡੀ ਅਵਿਗਿਆਨਕ ਰੁਚੀ ਨੇ ਬਹੁਤ ਵੱਡੀਆਂ ਸਮੱਸਿਆਵਾਂ ਖੜ੍ਹੀਆਂ ਕਰ ਦਿੱਤੀਆਂ ਹਨ। ਉਹ ਚਹੁੰ ਪਾਸੇ ਤੋਂ ਸਾਨੂੰ ਘੇਰੇ ਹੋਏ ਹਨ। ਉਨ੍ਹਾਂ ਨੂੰ ਕੱਟਣਾ ਮੁਸ਼ਕਲ ਹੋਵੇਗਾ ਕਿਉਂਕਿ ਵਿਗਿਆਨ ਪੈਦਾ ਨਹੀਂ ਹੋਵੇਗਾ ਤਾਂ ਟੈਕਨੋਲੋਜੀ ਪੈਦਾ ਨਹੀਂ ਹੋਵੇਗੀ। ਪਰੰਤੂ ਅਸੀਂ ਟੈਕਨੋਲੋਜੀ ਨੂੰ ਉਧਾਰ ਲੈ ਸਕਦੇ ਹਾਂ। ਅਸੀਂ ਅਮਰੀਕਾ, ਇੰਗਲੈਂਡ ਤੋਂ ਟੈਕਨੋਲੋਜੀ ਭਾਰੀ ਕੀਮਤ ਦੇ ਕੇ ਉਧਾਰ ਲੈ ਰਹੇ ਹਾਂ। ਪਰੰਤੂ ਉਧਾਰ ਤੋਂ ਵਾਧਾ ਕਿੱਥੋਂ ਹੋਵੇਗਾ ? ਟੈਕਨੋਲੋਜੀ ਜਦ ਤਕ ਇਸ ਦੇਸ਼ ਵਿੱਚ ਨਹੀਂ ਪੈਦਾ ਹੋਵੇਗੀ ਤਦ ਤੱਕ ਦੇਸ਼ ਦਾ ਅਸਲੀ ਵਿਕਾਸ ਨਹੀਂ ਹੋ ਸਕਦਾ ਹੈ।

ਅੱਜ ਦੀ ਸਭ ਤੋਂ ਵੱਡੀ ਲੋੜ ਹੈ ਕਿ ਅਸੀਂ ਉਹਨਾਂ ਧਰਮ ਅਚਾਰੀਆਂ ਅਤੇ ਉਹਨਾਂ ਦੇ ਪਾਖੰਡ ਤੋਂ ਛੁਟਕਾਰਾ ਪਾਈਏ। ਵਿਗਿਆਨਕ ਸੋਚ ਅਪਨਾਈਏ। ਕੁਦਰਤ ਸਾਨੂੰ ਆਪਣੇ ਆਪ ਕੁੱਝ ਨਹੀਂ ਦੇਂਦੀ। ਉਸ ਵਿੱਚ ਮਿਹਨਤ ਕਰਨੀ ਪੈਂਦੀ ਹੈ। ਜਦ ਇਹ ਸਾਰੇ ਧਰਮ ਅਚਾਰੀ ਕੁੱਝ ਨਹੀਂ ਕਰਦੇ, ਫਲਦੇ ਫੁਲਦੇ ਰਹਿੰਦੇ ਹਨ ਤਾਂ ਬਾਕੀ ਜਨਤਾ ਵੀ ਉਹਨਾਂ ਦੀ ਰੀਸ ਕਰਨਾ ਚਾਹੇਗੀ। ਇਸ ਲਈ ਉੱਨਤੀ ਦੇ ਲਈ ਸਭ ਤੋਂ ਪਹਿਲਾ ਕਦਮ ਤਾਂ ਖੁੱਲ੍ਹੀ ਸੋਚ ਹੀ ਹੈ।

ਧੰਨਵਾਦ ਸਹਿਤ ਪੁਸਤਕ : 'ਯੇ ਸੰਤਵ ਧਰਮ ਅਚਾਰੀਆ' ਵਿੱਚੋਂ।

## ਤਰਕਸ਼ੀਲ ਸਰਗਰਮੀਆਂ

ਤਰਕਸ਼ੀਲ ਸੁਸਾਇਟੀ ਭਾਰਤ (ਰਜਿ) ਇਕਾਈ ਫਰੀਦਕੋਟ ਵਲੋਂ ਲੋਕਾਂ ਨੂੰ ਅੰਧਵਿਸ਼ਵਾਸ ਊਚ ਨੀਚ, ਅਨਪੜ੍ਹਤਾ ਤੇ ਪਾਖੰਡੀ ਬਾਬਿਆਂ ਤੋਂ ਬਚਾਉਣ ਲਈ 2 ਤਰਕਸ਼ੀਲ ਨਾਟਕ ਮੇਲੇ ਕਰਵਾਏ ਗਏ। ਪਹਿਲਾ ਨਾਟਕ ਮੇਲਾ ਪਿੰਡ ਢੁਡੀ ਜ਼ਿਲ੍ਹਾ ਫਰੀਦਕੋਟ ਵਿਖੇ ਕਰਵਾਇਆ ਗਿਆ ਜਿਸ ਦੀ ਪ੍ਰਧਾਨਗੀ ਸਰਪੰਚ ਨਿਰਮਲ ਸਿੰਘ ਸੰਘਾ ਤੇ ਵੀਰ ਸਿੰਘ ਸੰਘਾ ਨੇ ਕੀਤੀ, ਸਨਮਾਨ ਮਾਨ ਸਮਾਰੋਹ ਦੇ ਮੁਖ ਮਹਿਮਾਨ ਬਲਵੰਤ ਸਿੰਘ ਸਰਪੰਚ ਪਿੰਡ ਭਾਵਾ, ਮੁਖ ਮਹਿਮਾਨ ਵਜੋਂ ਗੁਰਬੀਰ ਸੰਧੂ ਕੋਟਕਪੂਰਾ ਨੇ ਹਾਜਰੀ ਲਵਾਈ, ਲੋਕ ਕਲਾਂ ਮੰਚ ਜੀਰਾ ਦੇ ਨਿਰਦੇਸ਼ਕ ਮੇਘ ਰਾਜ ਰੱਲਾ ਨੇ ਨਾਟਕ 'ਅਪਣਾ ਅਪਣਾ ਹਿੱਸਾ' ਖੇਡਿਆ ਨਾਟਕ ਵਿਚ ਕੰਮ ਕਰਦੇ ਸਾਰੇ ਕਲਾਕਾਰਾ ਨੇ ਬਹੁਤ ਵਧੀਆ ਰੋਲ ਕੀਤਾ ਲੋਕਾਂ ਨੂੰ ਸੋਚਣ ਲਈ ਮਜ਼ਬੂਰ ਕਰ ਦਿੱਤਾ ਕੋਰੀਉਗ੍ਰਾਫੀਆਂ ਦਾ ਵੀ ਲੋਕਾ ਨੇ ਖੂਬ ਆਨੰਦ ਮਾਣਿਆ ਮੇਘ ਰਾਜ ਰੱਲਾ ਦੇ ਭਾਸ਼ਣ ਨੇ ਲੋਕਾਂ ਦੀਆਂ ਅੱਖਾਂ ਖੋਲ੍ਹੀਆਂ ਧਰਮ ਤੇ ਸਿਆਸਤ ਦਾ ਮੇਲ ਹੈ ਜੋ ਨਹੀਂ ਹੋਣਾ ਚਾਹੀਦਾ ਮੰਚ ਸੰਚਾਲਣ ਅਜੈਬ ਢੁਡੀ ਲਖਵਿੰਦਰ ਹਾਲੀ ਜਗਪਾਲ ਸਿੰਘ ਬਰਾੜ ਨੇ ਕੀਤਾ ਇਸ ਮੇਲੇ ਨੂੰ ਵਿਸ਼ੇਸ਼ ਸਹਿਰੰਗ ਡਾ. ਪ੍ਰੇਮ, ਡਾ. ਤੇਜ, ਡਾ. ਬਲਜਿੰਦਰ ਸਿੰਘ ਮੋਰਾਵਾਲੀ, ਸੁਖਬੀਰ ਬਰਾੜ ਹੌਲਦਾਰ ਚਮਕੋਰ ਸਿੰਘ, ਬੇਅੰਤ ਸੰਘਾ ਨੇ ਕੀਤਾ।

ਦੂਸਰਾ ਮੇਲਾ ਸੁਖਚੰਦ ਸਿੰਘ ਥਾਣੇਵਾਲਾ ਦੇ ਬੇਟੇ ਅਤੇ ਭਤੀਜੇ, ਬਲਜੋਤਪਾਲ ਤੇ ਤਰਕਦੀਪ ਦੀ ਯਾਦ ਵਿੱਚ ਕਰਾਇਆ ਗਿਆ ਇਸ ਨਾਟਕ ਮੇਲੇ ਵਿਚ ਮੁਖ ਮਹਿਮਾਨ ਡੀ. ਐਸ. ਪੀ ਵਿਜੀਲੈਂਸ ਹਰਜਿੰਦਰ ਸਿੰਘ ਧਾਲੀਵਾਲ ਸਨ ਇਸ ਨਾਟਕ ਮੇਲੇ ਦੇ ਮੁਖ ਬੁਲਾਰੇ ਮੇਘ ਰਾਜ ਮਿੱਤਰ ਸਨ ਜਿਨਾਂ ਨੇ ਆਪਣੀ ਤਕਰੀਰ ਵਿੱਚ ਜੋਤਿਸ਼ ਝੂਠ ਬੋਲਦਾ ਹੈ ਤੇ ਆਪਣੀ ਤਕਰੀਰ ਕੀਤੀ ਜੋ ਲੋਕਾਂ ਨੂੰ ਟੁੰਬ ਗਈ ਨਾਟਕ ਮੇਲੇ ਤੋਂ ਬਾਅਦ ਵਿਚ ਵੀ ਉਹਨਾਂ ਦੀ ਤਕਰੀਰ ਦੀਆਂ ਗੱਲਾਂ ਚਲਦੀਆਂ ਰਹੀਆਂ ਇਸ ਨਾਟਕ ਮੇਲੇ ਵਿਚ ਮੇਘ ਰਾਜ ਰੱਲਾ ਜੀ ਦੀ ਨਿਰਦੇਸ਼ਨਾ ਹੇਠ ਨਾਟਕ ਕੋਰੀਉਗ੍ਰਾਫੀਆ ਪੇਸ਼ ਕੀਤੀਆਂ ਗਈਆਂ ਜੋ ਬਹੁਤ ਸਲਾਹੀਆ ਗਈ ਜਾਦੂ ਦੇ ਟ੍ਰਿਕਾ ਦਾ ਰਾਜ ਵੀ ਖੋਲਿਆ ਗਿਆ ਇਸ ਮੇਲੇ ਨੂੰ ਕਾਮਯਾਬ ਕਰਨ ਲਈ ਹੇਠ ਲਿਖੀਆ ਸ਼ਖ਼ਸ਼ੀਅਤਾਂ ਦਾ ਵਿਸ਼ੇਸ਼ ਸਹਿਯੋਗ ਰਿਹਾ ਜਗਪਾਲ ਸਿੰਘ ਬਰਾੜ, ਲਖਵਿੰਦਰ ਹਾਲੀ, ਸਭਾਸ਼ ਸਰੋਵਰ, ਅਜੈਬ ਢੁਡੀ, ਅਮਰਜੀਤ ਢਿਲੋ ਦਬੜੀ ਖਾਨਾ, ਮਨਜੀਤ ਗਿੱਲ, ਐਡਵੋਕੇਟ ਮਨਜੀਤ ਸਿੰਘ, ਅਮਰਜੀਤ ਗੋਲੇਆਲਾ, ਅਸ਼ੋਕ ਕੌਸ਼ਲ, ਪ੍ਰੇਮ ਚਾਵਲਾ, ਸਵਿੰਦਰਪਾਲ ਸੰਧੂ, ਸਰਨਜੀਤ ਕੌਰ, ਨਰਿੰਦਰ ਨਿੰਦਾ, ਸਾਬਕਾ ਸਰਿੰਦਰ ਸਿੰਘ ਸੰਧੂ।

– ਲਖਵਿੰਦਰ ਹਾਲੀ, ਪ੍ਰਧਾਨ ਇਕਾਈ ਫਰੀਦਕੋਟ, ਮੋਬਾ : 88761-63421

# ਇੰਡੀਆਜ਼ ਡਾਟਰ ਉੱਤੇ ਰੋਕ ਸੱਚ ਉੱਤੇ ਪਰਦਾ ਪਾਉਣ ਦੀ ਕੋਸ਼ਿਸ਼ ਹੈ




ਨਿਰਭਯਾ ਕਾਂਡ ਉੱਤੇ ਬਣੀ ਡਾਕੂਮੈਂਟਰੀ 4 (ਲਿਖਤੀ ਸਬੂਤ ਸੰਬੰਧੀ ਦਸਤਾਵੇਜ਼ੀ ਫਿਲਮ) ਉੱਤੇ ਰੋਕ 2 (ਪਾਬੰਦੀ) ਲਗਾਉਣਾ ਨਾ ਸਿਰਫ ਸਰਕਾਰ ਦੀ ਤਾਨਾਸ਼ਾਹੀ ਸੋਚ ਨੂੰ ਜ਼ਾਹਰ ਕਰਦਾ ਹੈ ਸਗੋਂ ਨਵੇਂ ਨਜ਼ਰੀਏ ਦੀ ਗੁੰਜਾਇਸ਼ ਖ਼ਤਮ ਕਰਕੇ ਸਮਾਜ ਦੀ ਵਿਚਾਰਸ਼ਕਤੀ ਉੱਤੇ ਸਰਕਾਰੀ ਤਾਲਾ ਲਗਾਉਣ ਦੀ ਬੇਵਕੂਫ਼ੀ ਵਾਲੀ ਕੋਸ਼ਿਸ਼ ਵੀ ਹੈ।

ਨਿਰਭਯਾ ਬਲਾਤਕਾਰ ਕਾਂਡ ਉੱਤੇ ਬਣੀ ਡਾਕੂਮੈਂਟਰੀ 'ਇੰਡੀਆਜ ਡਾਟਰ' ਨੂੰ ਲੈ ਕੇ ਹੱਲਾ ਮਚਿਆ ਹੈ। ਸਰਕਾਰ ਦੇ ਇਸ ਡਾਕੂਮੈਂਟਰੀ ਫਿਲਮ ਉੱਤੇ ਰੋਕ ਲਗਾ ਦੇਣ ਦੇ ਬਾਅਦ ਦੇਸ਼ ਵਿੱਚ ਬਹਿਸ ਛਿੜ ਗਈ ਹੈ। ਇਕ ਧਿਰ ਰੋਕ ਦੇ ਪੱਖ ਵਿੱਚ ਹੈ ਤਾਂ ਦੂਸਰੀ ਧਿਰ ਇਸ ਦਾ ਵਿਰੋਧ ਕਰ ਰਹੀ ਹੈ। ਵਿਰੋਧ ਕਰਨ ਵਾਲਿਆਂ ਦੀ ਗਿਣਤੀ ਬਹੁਤ ਘੱਟ ਹੈ। ਸਾਰੀ ਸੰਸਦ ਫਿਲਮ ਉੱਤੇ ਰੋਕ ਲਗਾਉਣ ਦੇ ਲਈ ਇਕਜੁੱਟ ਹੋ ਗਈ। ਸਭ ਕੁੱਝ ਇੰਜ ਲੱਗਿਆ ਮੂਰਖਾਂ ਦਾ ਝੁੰਡ ਉੱਠਿਆ, ਸਭਿਆਚਾਰ ਖ਼ਤਰੇ ਵਿੱਚ ਪੈ ਗਿਆ, ਰਾਸ਼ਟਰੀ ਆਦਰ-ਮਾਣ ਖ਼ਤਰੇ ਵਿੱਚ ਆ ਗਿਆ, ਬਿਨਾਂ ਦੇਖੇ, ਬਿਨਾਂ ਜਾਣੇ ਅਤੇ ਬਿਨਾ ਸੋਚੇ ਸਮਝੇ ਬੈਨ ਲਗਾ ਦਿੱਤਾ ਗਿਆ ਹੈ।

ਸਰਕਾਰੀ ਅਮਲਾ ਇਸ ਤਰ੍ਹਾਂ ਜੁਟ ਗਿਆ ਮੰਨ ਲਉ ਸਰਕਾਰ ਦਾ ਚੀਰਹਰਨ (ਕੱਪੜੇ ਉਤਾਰਨੇ) ਹੋ ਰਿਹਾ ਹੈ। ਹੋਰ ਤਾਂ ਹੋਰ ਮੀਡੀਆ ਦੇ ਇੱਕ ਵੱਡੇ ਹਿੱਸੇ ਦੁਆਰਾ ਵੀ ਭਾਰਤ ਦੀ ਗੰਦਗੀ, ਗਰੀਬੀ ਦੀ ਤਰ੍ਹਾਂ ਇਸ ਡਾਕੂਮੈਂਟਰੀ ਨੂੰ ਉਸੇ ਤਰ੍ਹਾਂ ਦਾ ਰੰਗ ਦੇ ਕੇ ਅੰਗਰੇਜ਼ਾਂ ਨੂੰ ਕੋਸਿਆ ਜਾ ਰਿਹਾ ਹੈ।

ਦਰਅਸਲ, ਡਾਕੂਮੈਂਟਰੀ ਵਿੱਚ ਨਿਰਭਯਾ ਬਲਾਤਕਾਰ ਕੇਸ ਦੇ ਅਭਿਯੁਕਤ (ਜਿਸ ਉੱਤੇ ਮੁਕੱਦਮਾ ਚੱਲ ਰਿਹਾ ਹੈ) ਮੁਕੇਸ਼ ਸਿੰਘ ਅਤੇ ਉਸ ਦੇ ਦੋ ਵਕੀਲਾਂ ਦੇ ਇੰਟਰਵਿਊ ਜਦ ਅਖ਼ਬਾਰਾਂ ਵਿੱਚ ਛਪੇ ਤਾਂ ਰੌਲਾ ਰੱਪਾ/ਝਗੜਾ ਪੈਦਾ ਹੋ ਗਿਆ। ਡਾਕੂਮੈਂਟਰੀ ਉੱਤੇ ਪਾਬੰਦੀ ਲਗਾਉਣ ਦੀ ਮੰਗ ਉੱਠੀ। ਡਾਕੂਮੈਂਟਰੀ ਦੇ ਨਿਰਮਾਤਾ ਨਿਰਦੇਸ਼ਕ ਲੇਸਲੀ ਉਡਵਿਨ ਦੇ ਵਿਰੁੱਧ ਐਫ. ਆਈ. ਆਰ. ਦਰਜ ਕਰਾਈ ਗਈ। ਦਿੱਲੀ ਪੁਲਿਸ ਦੁਆਰਾ ਆਈ. ਪੀ. ਸੀ. ਦੇ ਸੈਕਸ਼ਨ 504 (ਇਸਤਰੀ ਦੇ ਸਨਮਾਨ ਨੂੰ ਠੇਸ ਪਹੁੰਚਾਉਣਾ) ਅਤੇ ਸੈਕਸ਼ਨ 509 (ਸ਼ਾਂਤੀ ਵਿਵਸਥਾ ਭੰਗ ਕਰਨਾ) ਦੇ ਹਵਾਲੇ ਦਿੱਤੇ ਗਏ ਅਤੇ ਦਿੱਲੀ ਦੇ ਪਟਿਆਲਾ ਹਾਊਸ ਕੋਰਟ ਤੋਂ ਪਾਬੰਦੀ ਦਾ ਹੁਕਮ ਲੈ ਲਿਆ ਗਿਆ। ਇਸ ਲਈ, ਭਾਰਤ ਵਿੱਚ ਇਸਨੂੰ ਨਹੀਂ ਦਿਖਾਇਆ ਜਾ ਸਕਿਆ।

**ਮੂਲ ਲੇਖਕ ਜਗਦੀਸ਼ ਪੰਵਾਰ**
**ਅਨੁਵਾਦਕ : ਪਵਨ ਕੁਮਾਰ ਰੱਤੋਂ**

ਸਰਕਾਰ ਨੇ ਬੀਬੀਸੀ ਦੇ ਮੈਨੇਜਿੰਗ ਡਾਇਰੈਕਟਰ ਦੇ ਨਾਂ ਇੱਕ ਚਿੱਠੀ ਲਿਖ ਕੇ ਡਾਕੂਮੈਂਟਰੀ ਦਾ ਪ੍ਰਸਾਰਨ ਰੋਕਣ ਲਈ ਬੇਨਤੀ ਕੀਤੀ ਸੀ। ਪਰੰਤੂ ਬੀਬੀਸੀ ਨੇ ਸਰਕਾਰ ਦੇ ਹੁਕਮ ਨੂੰ ਪਰੇ ਹਟਾਇਆ ਹੋਇਆ ਦੱਸਦੇ ਹੋਏ ਭਾਰਤ ਤੋਂ ਬਾਹਰ ਲੰਦਨ ਵਿੱਚ ਇਸਨੂੰ ਪ੍ਰਸਾਰਤ ਕਰ ਦਿੱਤਾ। ਬੀਬੀਸੀ ਦਾ ਕਹਿਣਾ ਸੀ ਕਿ ਲੋਕਾਂ ਦੀ ਰੁਚੀ ਨੂੰ ਦੇਖਦੇ ਹੋਏ ਫਿਲਮ ਨੂੰ ਨਿਰਧਾਰਤ ਸਮੇਂ ਤੋਂ ਪਹਿਲਾਂ ਹੀ ਪ੍ਰਸਾਰਿਤ ਕੀਤਾ ਗਿਆ ਹੈ। ਡਾਕੂਮੈਂਟਰੀ ਸਾਡੇ ਸੰਪਾਦਕੀ ਗਾਈਡਲਾਈਨ ਦੇ ਅਨੁਕੂਲ ਹੈ ਅਤੇ ਇਸ ਸੰਵੇਦਨਸ਼ੀਲ ਮੁੱਦੇ ਨੂੰ ਪੂਰੀ ਜ਼ੁੰਮੇਵਾਰੀ ਦੇ ਨਾਲ ਪੇਸ਼ ਕਰਦੀ ਹੈ। ਬੀਬੀਸੀ ਨੇ ਇਹ ਵੀ ਕਿਹਾ ਹੈ ਕਿ ਇਹ ਡਾਕੂਮੈਂਟਰੀ ਪੀੜਤਾ ਦੇ ਪਰਵਾਰ ਦੇ ਲੋਕਾਂ ਦੇ ਪੂਰੇ ਸਹਿਯੋਗ ਅਤੇ ਹਿਮਾਇਤ ਨਾਲ ਬਣਾਈ ਗਈ ਹੈ। ਇਹ ਨੀਚ ਅਪਰਾਧ ਨੂੰ ਠੀਕ ਤਰ੍ਹਾਂ ਸਮਝਣ ਵਿੱਚ ਮਦਦ ਕਰਦੀ ਹੈ।

ਦਰਅਸਲ ਡਾਕੂਮੈਂਟਰੀ ਵਿੱਚ ਮੁਕੇਸ਼ ਸਿੰਘ ਨੇ ਕਿਹਾ ਹੈ ਕਿ ਇਸ ਘਟਨਾ ਦੇ ਲਈ ਨਿਰਭਯਾ ਆਪ ਹੀ ਜ਼ੁੰਮੇਵਾਰ ਸੀ। ਉਸਨੂੰ ਬਲਾਤਕਾਰ ਦਾ ਵਿਰੋਧ ਨਹੀਂ ਕਰਨਾ ਚਾਹੀਦਾ ਸੀ। ਉਸਨੂੰ ਚੁੱਪਚਾਪ ਰਹਿਣਾ ਚਾਹੀਦਾ ਸੀ। ਵਿਰੋਧ ਕਰਨ ਉੱਤੇ ਉਸਨੂੰ ਬੁਰੀ ਤਰ੍ਹਾਂ ਮਾਰਿਆ ਗਿਆ। ਉਸ ਦਾ ਕਹਿਣਾ ਸੀ ਕਿ ਸਾਡੇ ਇੱਥੇ ਲੜਕੇ ਅਤੇ ਲੜਕੀਆਂ ਬਰਾਬਰ ਨਹੀਂ ਹਨ। ਲੜਕਿਆਂ ਤੋਂ ਵੱਧ ਲੜਕੀਆਂ ਜ਼ੁੰਮੇਵਾਰ ਹਨ। ਲੜਕੀਆਂ ਦਾ ਮਤਲਬ ਹੈ ਉਹ ਘਰ ਦਾ ਕੰਮਕਾਜ ਸੰਭਾਲਣ, ਇਹ ਨਹੀਂ ਕਿ ਉਹ ਇੱਧਰ ਉੱਧਰ ਘੁੰਮਣ। ਡਿਸਕੋ ਵਿੱਚ ਜਾਣ ਅਤੇ ਗਲਤ ਕੱਪੜੇ ਪਹਿਨਣ।

ਬਚਾਓ ਧਿਰ ਦੇ ਵਕੀਲ ਏ. ਕੇ. ਸਿੰਘ ਨੇ ਕਿਹਾ ਸੀ, "ਜੇਕਰ ਮੇਰੀ ਪੁੱਤਰੀ ਵਿਆਹ ਤੋਂ ਪਹਿਲਾਂ ਸੈਕਸ ਸੰਬੰਧ ਬਣਾਉਂਦੀ ਹੈ ਅਤੇ ਰਾਤ ਨੂੰ ਆਪਣੇ ਬੁਆਏ ਫਰੈਂਡ ਦੇ ਨਾਲ ਘੁੰਮਦੀ ਹੈ ਤਾਂ ਮੈਂ ਉਸਨੂੰ ਜਿੰਦਾ ਜਲਾ ਦਿਆਂਗਾ।" ਇੱਕ ਦੂਸਰੇ ਵਕੀਲ ਐਮ. ਐਲ. ਸ਼ਰਮਾ ਜੀ ਨੇ ਕਿਹਾ, "ਸਾਡੀ ਸੰਸਕ੍ਰਿਤੀ (ਸੱਭਿਆਚਾਰ) ਸਭ ਤੋਂ ਚੰਗੀ ਹੈ। ਸਾਡੀ ਸੰਸਕ੍ਰਿਤੀ ਵਿੱਚ ਇਸਤਰੀ ਦੇ ਲਈ ਕੋਈ ਥਾਂ ਨਹੀਂ ਹੈ। ਸਾਡੇ ਸਮਾਜ ਵਿੱਚ ਅਸੀਂ ਲੜਕੀਆਂ ਨੂੰ ਰਾਤ ਨੂੰ ਸਾਢੇ ਅੱਠ ਵਜੇ ਦੇ ਬਾਅਦ ਕਿਸੇ ਵੀ ਹਾਲ ਵਿੱਚ ਘਰ ਤੋਂ ਬਾਹਰ ਨਹੀਂ ਜਾਣ ਦੇਂਦੇ। ਲੜਕੀਆਂ ਭਾਰਤੀ ਸੰਸਕ੍ਰਿਤੀ ਨੂੰ ਤਿਆਗ ਰਹੀਆਂ ਹਨ। ਉਹ ਫਿਲਮੀ ਸੰਸਕ੍ਰਿਤੀ ਤੋਂ ਪ੍ਰਭਾਵਿਤ ਹੋ ਰਹੀਆਂ ਹਨ।"

ਲਗਭਗ 1 ਘੰਟੇ ਦੀ ਡਾਕੂਮੈਂਟਰੀ ਵਿੱਚ ਪੀੜਤਾ ਦੇ ਪਰਵਾਰ, ਵਕੀਲ, ਬਲਾਤਕਾਰ ਕਾਨੂੰਨ ਉੱਤੇ ਬਣੀ ਜੱਜ ਜੇ. ਐਸ. ਵਰਮਾ ਕਮੇਟੀ, ਸਾਬਕਾ ਜੱਜ ਲੀਲਾ ਸੇਠ ਅਤੇ ਗੋਪਾਲ ਸੁਬਰ ਹਿਣਯਮ ਦੇ ਇੰਟਰਵਿਊ ਦਿਖਾਏ ਗਏ ਹਨ। ਉਸ ਪੁਲਿਸ ਅਧਿਕਾਰੀ ਨੇ ਵੀ ਆਪਣਾ ਪੱਖ ਰੱਖਿਆ ਹੈ ਜਿਸ ਨੇ ਪਹਿਲੀ ਵਾਰ ਨਿਰਭਯਾ ਅਤੇ ਉਸ ਦੇ ਦੋਸਤ ਨੂੰ ਵਾਰਦਾਤ ਦੇ ਠੀਕ ਬਾਅਦ ਨਗਨ ਹਾਲਤ ਵਿੱਚ ਦੇਖਿਆ ਸੀ।

ਦਸੰਬਰ 2012 ਨੂੰ ਦਿੱਲੀ ਦੇ ਬਹੁਚਰਚਿਤ ਨਿਰਭਯਾ ਬਲਾਤਕਾਰ ਮਾਮਲੇ ਉੱਤੇ ਬੀਬੀਸੀ ਦੁਆਰਾ ਬਣਾਈ ਗਈ ਇਹ ਡਾਕੂਮੈਂਟਰੀ 8 ਮਾਰਚ ਨੂੰ 'ਅੰਤਰ ਰਾਸ਼ਟ੍ਰੀਆ ਮਹਿਲਾ ਦਿਵਸ' ਉੱਤੇ ਪ੍ਰਸਾਰਿਤ ਹੋਣੀ ਸੀ ਪਰ ਡਾਕੂਮੈਂਟਰੀ ਨੂੰ ਬਿਨਾਂ ਦੇਖੇ ਹੀ ਸਰਕਾਰ ਨੇ ਉਸ ਉੱਤੇ ਪਾਬੰਦੀ ਲਗਾ ਦਿੱਤੀ।

ਅਸਲ ਵਿੱਚ 2 ਸਾਲ ਪਹਿਲਾਂ ਲੇਸਲੀ ਉਡਵਿਨ ਨੇ ਸਰਕਾਰ ਤੋਂ ਅਪਰਾਧੀ ਮੁਕੇਸ਼ ਦਾ ਇੰਟਰਵਿਊ ਲੈਣ ਦੀ ਆਗਿਆ ਮੰਗੀ ਸੀ ਅਤੇ ਉਨ੍ਹਾਂ ਨੂੰ ਆਗਿਆ ਮਿਲ ਗਈ ਸੀ। ਫਿਲਮ ਬਣਨ

ਵਿੱਚ 2 ਸਾਲ ਦਾ ਸਮਾਂ ਲੱਗਾ। ਡਾਕੂਮੈਂਟਰੀ ਫਿਲਮ ਦਾ ਉਦੇਸ਼ ਇੱਕ ਲੜਕੀ ਦੇ ਨਾਲ ਜ਼ਾਲਮਾਨਾ ਤਰੀਕੇ ਨਾਲ ਬਲਾਤਕਾਰ ਅਤੇ ਹੱਤਿਆ ਦੀ ਘਟਨਾ ਦੇ ਕਾਰਨਾਂ ਅਤੇ ਦੁੱਖ ਦੇ ਅਹਿਸਾਸ ਨੂੰ ਉਜਾਗਰ ਕਰਨਾ ਸੀ।

ਲੇਸਲੀ ਉਡਵਿਨ ਜੀ ਨੇ ਕਿਹਾ ਸੀ ਕਿ ਉਹ ਨਿਰਭਯਾ ਮਾਮਲੇ ਦੇ ਬਾਅਦ ਹੋਏ ਵਿਰੋਧ ਤੋਂ ਪ੍ਰਭਾਵਿਤ ਹੋ ਕੇ ਭਾਰਤ ਆਈ ਸੀ।

16 ਦਸੰਬਰ, 2012 ਨੂੰ ਹੋਈ ਇਸ ਘਟਨਾ ਨੇ ਦੇਸ਼ ਨੂੰ ਹਿਲਾ ਕੇ ਰੱਖ ਦਿੱਤਾ ਸੀ। ਇਸ ਜ਼ਾਲਮਾਨਾ ਹਿੰਸਾ ਅਤੇ ਮੌਤ ਦੀ ਘਟਨਾ ਤੋਂ ਸਾਰੇ ਦੇਸ਼ ਵਿੱਚ ਗੁੱਸਾ ਭਰ ਗਿਆ ਸੀ। ਦਿੱਲੀ ਸਮੇਤ ਕਈ ਸ਼ਹਿਰਾਂ ਦੇ ਲੋਕ ਸੜਕਾਂ ਉੱਤੇ ਝੰਡੇ, ਬੈਨਰ, ਪੋਸਟਰ, ਨਾਅਰਿਆਂ ਦੇ ਨਾਲ ਉਤਰ ਆਏ ਸਨ। ਇਸ ਕਾਰੇ ਦੇ ਖਿਲਾਫ਼ ਸੰਘਰਸ਼ ਦੇਖਣ ਯੋਗ ਸੀ ਕਿ ਕਿਸੇ ਵੱਡੇ ਰਾਜਨੀਤਿਕ ਸਮਾਜਿਕ ਤਬਦੀਲੀ ਦੇ ਲਈ ਜ਼ਮੀਨ ਤਿਆਰ ਹੋ ਚੁੱਕੀ ਹੈ।

ਘਟਨਾ ਦੇ ਬਾਅਦ ਉੱਠੇ ਵਰੋਲੇ ਦੇ ਸਿੱਟੇ ਵਜੋਂ ਇਸਤਰੀ ਸੁਰੱਖਿਆ ਨੂੰ ਲੈ ਕੇ ਕਾਨੂੰਨ ਵਿੱਚ ਸੋਧਾਂ ਹੋਈਆਂ, ਨਿਰਭਯਾ ਫੰਡ ਬਣਿਆ। ਪਰੰਤੂ ਇਸਤਰੀਆਂ ਦੇ ਪ੍ਰਤੀ ਰੂੜੀਵਾਦੀ ਸਮਾਜਿਕ ਸੋਚ ਨਹੀਂ ਬਦਲੀ। ਇਸ ਘਟਨਾ ਦੇ ਬਾਅਦ ਹੋਈਆਂ ਤਬਦੀਲੀਆਂ ਦੇ ਬਾਵਜੂਦ ਦੇਸ਼ ਵਿੱਚ ਬਲਾਤਕਾਰ ਦੀਆਂ ਘਟਨਾਵਾਂ ਵਿੱਚ ਕਮੀ ਨਹੀਂ ਆਈ ਹੈ।

ਇਹ ਸਮਝ ਵਿੱਚ ਨਹੀਂ ਆ ਰਿਹਾ ਹੈ ਕਿ ਸਰਕਾਰ ਨੇ ਫਿਲਮ ਉੱਤੇ ਰੋਕ ਕਿਉਂ ਲਗਾ ਦਿੱਤੀ ਹੈ ? ਇੱਕ ਡਾਕੂਮੈਂਟਰੀ ਨਾਲ ਭਾਰਤ ਦੀ ਬਦਨਾਮੀ ਕਿਵੇਂ ਹੋ ਸਕਦੀ ਹੈ ?

ਅਪਰਾਧੀ ਮੁਕੇਸ਼ ਸਿੰਘ ਅਤੇ ਵਕੀਲਾਂ ਦੇ ਬਿਆਨ ਉਸ ਪੁਰਸ਼ ਮਾਨਸਿਕਤਾ ਨੂੰ ਜ਼ਾਹਰ ਕਰਦੇ ਹਨ ਜਿਸਨੂੰ ਅਸੀਂ ਰੋਜ਼ਾਨਾ ਦੇਖਦੇ ਸੁਣਦੇ ਹਾਂ। ਇਹ ਗੱਲਾਂ ਤਾਂ ਤੁਲਸੀਦਾਸ ਤੋਂ ਲੈ ਕੇ ਸ਼ੰਕਰਾਚਾਰੀਆ, ਸਾਧੂ ਸੰਤ ਅਤੇ ਭਾਜਪਾ ਅਤੇ ਸੰਘ ਦੇ ਕਈ ਲੀਡਰ ਤੱਕ ਅਕਸਰ ਦੋਹਰਾਂਦੇ ਆਏ ਹਨ। ਚਾਣਕੀਆ ਜੀ ਕਹਿੰਦੇ ਹਨ, 'ਪੁਰਸ਼ ਦੀ ਕਹੀ ਗਈ ਹਰ ਗੱਲ ਇਸਤਰੀ ਦੇ ਲਈ ਮੰਨਣਯੋਗ ਹੈ, ਉਸ ਨੂੰ ਮੰਨਣਾ ਹੀ ਉਸ ਦਾ ਧਰਮ ਹੈ।' ਤੁਲਸੀਦਾਸ ਨੇ ਕਿਹਾ ਹੈ :

'ਢੋਰ, ਗੰਵਾਰ, ਸ਼ੂਦਰ, ਪਸ਼ੂ, ਨਾਰੀ,
ਯੇ ਸੱਭ ਤਾੜਨ ਕੇ ਅਧਿਕਾਰੀ।

ਆਦਿ ਸ਼ੰਕਰਾਚਾਰੀਆ ਨੇ ਕਿਹਾ ਸੀ, 'ਇਸਤਰੀ ਨਰਕ ਦਾ ਦੁਆਰ ਹੈ।' ਬਲਾਤਕਾਰੀ ਆਸਾਰਾਮ ਨੇ ਕਿਹਾ ਸੀ, 'ਲੜਕੀ ਨੂੰ ਉਨ੍ਹਾਂ ਲੜਕਿਆਂ ਨੂੰ ਪਹਿਲਾਂ ਭਾਈ ਕਹਿ ਦੇਣਾ ਚਾਹੀਦਾ ਸੀ। ਤਦ ਉਸ ਦੇ ਨਾਲ ਬਲਾਤਕਾਰ ਨਾ ਹੁੰਦਾ। ਪਰੰਤੂ ਤਾੜੀ ਇੱਕ ਹੱਥ ਨਾਲ ਨਹੀਂ ਵੱਜਦੀ। ਲੜਕੀ ਦੋਸ਼ੀ ਹੁੰਦੀ ਹੈ।'

ਸਵਾਮੀ ਪ੍ਰਭੂਪਾਦ ਜੀ ਨੇ ਕਿਹਾ ਸੀ, 'ਅਜਿਹਾ ਨਹੀਂ ਹੈ ਕਿ ਇਸਤਰੀਆਂ ਜ਼ਬਰਨ ਯੌਨ ਸੰਬੰਧ ਨਹੀਂ ਚਾਹੁੰਦੀਆਂ ਹਨ। ਉਹ ਆਪਣੀ ਇੱਛਾ ਨਾਲ ਕਈ ਵਾਰ ਅਜਿਹਾ ਚਾਹੁੰਦੀ ਹੈ। ਦਿਖਾਵੇ ਦੇ ਲਈ ਇੱਛਾ-ਰਹਿਤ ਜ਼ਾਹਿਰ ਕਰਨ ਦੀ ਉਨ੍ਹਾਂ ਦੀ ਮਾਨਸਿਕਤਾ ਹੁੰਦੀ ਹੈ।'

ਭਾਜਪਾ ਨੇਤਾ ਕੈਲਾਸ਼ ਵਿਜੇ ਵਰਗੀਆ ਨੇ ਕਿਹਾ ਸੀ, 'ਜੇਕਰ ਇਸਤਰੀ ਦੁਆਰਾ ਨੈਤਿਕਤਾ ਦੀ ਹੱਦ ਲੰਘੀ ਜਾਂਦੀ ਹੈ ਤਾਂ ਬਲਾਤਕਾਰ ਵਰਗੀਆਂ ਘਟਨਾਵਾਂ ਹੁੰਦੀਆਂ ਹਨ।'

ਇੱਕ ਹੋਰ ਪ੍ਰਸਿੱਧ ਬੰਦੇ ਨੇ ਕਿਹਾ ਸੀ ਕਿ 'ਜੇਕਰ ਬਲਾਤਕਾਰੀ ਨਾ ਮੰਨੇ ਤਾਂ ਇਸਤਰੀ ਨੂੰ ਸਮਰਪਣ ਕਰ ਦੇਣਾ ਚਾਹੀਦਾ ਹੈ ਅਤੇ ਉਸਨੂੰ ਵੀ 5 (ਆਨੰਦ ਲੈਣਾ) ਕਰਨਾ ਚਾਹੀਦਾ ਹੈ।'

ਇਹੀ ਪ੍ਰਾਚੀਨ ਸੋਚ ਵਾਲੀ ਸੰਸਕ੍ਰਿਤੀ (ਸੱਭਿਆਚਾਰ) ਇਸਤਰੀ ਦੇ ਸ਼ੋਸ਼ਣ, ਅੱਤਿਆਚਾਰ ਅਤੇ ਬਲਾਤਕਾਰ ਦੀ ਜ਼ੁੰਮੇਵਾਰ ਹੈ। ਕੀ ਸਰਕਾਰ ਇਸੀ ਸੰਸਕ੍ਰਿਤੀ ਨੂੰ ਬਚਾਈ ਰੱਖਣਾ ਚਾਹੁੰਦੀ ਹੈ।

ਇਸਤਰੀ ਦੇ ਬਾਰੇ ਵਿੱਚ ਜ਼ਿਆਦਾਤਰ ਧਰਮਾਂ ਵਿੱਚ ਇਸੀ ਤਰ੍ਹਾਂ ਦੀਆਂ ਗੱਲਾਂ ਕਹੀਆਂ ਗਈਆਂ ਹਨ।

ਇਹ ਰੋਕ ਉਸ ਸੰਸਕ੍ਰਿਤੀ ਦੇ ਪੱਖ ਵਿੱਚ ਹੈ ਜੋ ਇਸਤਰੀ ਨਾਲ ਬਲਾਤਕਾਰ ਨੂੰ ਉਤਸ਼ਾਹਿਤ ਕਰਦੀ ਹੈ। ਦੇਸ਼ ਵਿੱਚ ਬਲਾਤਕਾਰ ਸੰਸਕ੍ਰਿਤੀ ਨੂੰ ਬਚਾਈ ਰੱਖਣ ਦੇ ਲਈ ਹੀ ਸਰਕਾਰ ਨੇ ਡਾਕੂਮੈਂਟਰੀ ਨੂੰ ਬੈਨ ਕੀਤਾ ਹੈ ਕਿਉਂਕਿ ਇਸ ਵਿੱਚ ਮੁਕੇਸ਼ ਸਿੰਘ ਅਤੇ ਉਸ ਦੇ ਵਕੀਲਾਂ ਨੇ ਜੋ ਕੁੱਝ ਕਿਹਾ ਹੈ ਉਹੀ ਗੱਲ ਭਾਜਪਾ ਅਤੇ ਸੰਘ ਦੇ ਕਈ ਲੀਡਰ ਅਤੇ ਧਰਮ ਅਤੇ ਸੰਸਕ੍ਰਿਤੀ ਦੇ ਠੇਕੇਦਾਰ ਅਕਸਰ ਕਹਿੰਦੇ ਰਹੇ ਹਨ। ਪਾਬੰਦੀ ਦੇ ਪਿੱਛੇ ਇਹੀ ਮਾਨਸਿਕਤਾ ਕੰਮ ਕਰ ਰਹੀ ਹੈ। ਇਸ ਵਿੱਚ ਕਾਂਗਰਸੀ ਅਪਵਾਦ ਨਹੀਂ ਹੈ ਕਿਉਂਕਿ ਜ਼ਿਆਦਾਤਰ ਕਾਂਗਰਸੀਆਂ ਨੂੰ ਖੁਰਚਾਂਗੇ ਤਾਂ ਇਸ ਵਿੱਚ ਕੱਟੜਤਾ ਦੀ ਉਹ ਬੂ ਆਵੇਗੀ ਜੋ ਹਿੰਦੂ ਸੰਸਕ੍ਰਿਤੀ ਦੇ ਮੰਨਣ ਵਾਲਿਆਂ ਵਿੱਚੋਂ ਆਉਂਦੀ ਹੈ।

ਇਹ ਫ਼ਿਲਮ ਬਾਰੇ ਸਾਡੇ ਸਮਾਜ ਦੀ ਡਰਾਉਣੀ ਸਚਾਈ ਹੈ ਜਿਸ ਉੱਤੇ ਰੋਕ ਦੇ ਜ਼ਰੀਏ ਪਰਦਾ ਪਾਉਣ ਦੀ ਕੋਸ਼ਿਸ਼ ਕੀਤੀ ਗਈ ਹੈ। ਅੱਜ ਸਮਾਜ ਵਿੱਚ ਇਸਤਰੀਆਂ ਦੀ ਜੋ ਬਦਹਾਲੀ ਹੈ ਉਸ ਦੇ ਲਈ ਇਹੀ ਧਰਮ ਅਤੇ ਸੰਸਕ੍ਰਿਤੀ ਦੀ ਸਿੱਖਿਆ ਜ਼ੁੰਮੇਵਾਰ ਹੈ। ਇਸਤਰੀਆਂ ਨੂੰ ਸਿਰਫ਼ ਘਰੇਲੂ ਕੰਮਕਾਜ ਤਕ ਬੰਨ੍ਹਕੇ ਰੱਖਣਾ, ਸਿੱਖਿਆ ਦੇ ਹੱਕ ਤੋਂ ਵਾਂਝਾ ਰੱਖਣਾ, ਆਪਣੇ ਨਿੱਜੀ ਜੀਵਨ ਨਾਲ ਜੁੜੇ ਫ਼ੈਸਲੇ ਵੀ ਨਾ ਲੈਣ ਦੇਣਾ, ਹਮੇਸ਼ਾ ਪੁਰਸ਼ਾਂ ਦੇ ਅਧੀਨ ਰੱਖਣਾ, ਇੱਥੋਂ ਤੱਕ ਕਿ ਉਹਨਾਂ ਦੇ ਨਾਲ ਹੋਣ ਵਾਲੇ ਦੁਰਵਿਵਹਾਰ ਦੇ ਲਈ ਖ਼ੁਦ ਉਨ੍ਹਾਂ ਨੂੰ ਦੋਸ਼ੀ ਮੰਨਣਾ, ਇਹਨਾਂ ਸਭਨਾਂ ਗੱਲਾਂ ਦੀਆਂ ਸਿੱਖਿਆਵਾਂ ਧਰਮ ਦੀਆਂ ਕਿਤਾਬਾਂ ਵਿੱਚ ਭਰੀਆਂ ਪਈਆਂ ਹਨ।

ਹਿੰਦੂ, ਈਸਾਈ, ਇਸਲਾਮ ਵਿੱਚ ਇਸਤਰੀਆਂ ਦੇ ਸਤਾਉਣ ਦੇ ਲਈ ਬਣਾਏ ਗਏ ਰੀਤੀਰਿਵਾਜ਼, ਨਿਯਮਕਾਇਦੇ ਬਾਕਾਇਦਾ ਅੱਜ ਵੀ ਜਿਉਂ ਦੇ ਤਿਉਂ ਜਾਰੀ ਹਨ। ਧਰਮ ਦਾ ਜਾਮਾ ਪਹਿਨਾ ਕੇ ਇਸਤਰੀਆਂ ਦੇ ਉਪਭੋਗ ਦੇ ਨਿਯਮ ਸਮਾਜ ਵਿੱਚ ਮੰਨਣਯੋਗ ਕਰਾਰ ਕਰ ਦਿੱਤੇ ਗਏ ਹਨ।

ਆਖਰ ਸਰਕਾਰ ਨੇ ਡਾਕੂਮੈਂਟਰੀ ਉੱਤੇ ਰੋਕ ਇਸ ਲਈ ਲਗਾਈ ਹੈ ਕਿਉਂਕਿ ਸਰਕਾਰ ਡਰ ਰਹੀ ਹੈ। ਹਰ ਧਰਮ ਅਤੇ ਧਰਮ ਦੇ ਸਹਾਰੇ ਟਿਕੀ ਹਕੂਮਤ ਨੂੰ ਉਸ ਜੰਤਾ ਤੋਂ ਡਰ ਰਹਿੰਦਾ ਹੈ ਕਿ ਉਸ ਦੀ ਅਸਲੀਅਤ ਕਿਸੇ ਵੀ ਛੋਟੀ ਤੋਂ ਛੋਟੀ ਵਜਹ ਨਾਲ ਉਜਾਗਰ ਨਾ ਹੋ ਜਾਵੇ। ਧਰਮ ਅਤੇ ਸੰਸਕ੍ਰਿਤੀ ਦੇ ਪੈਰੋਕਾਰਾਂ ਦੀ ਇਸ ਭਾਜਪਾ ਸਰਕਾਰ ਨੂੰ ਡਰ ਹੈ ਕਿ ਇਸ ਡਾਕੂਮੈਂਟਰੀ ਦੇ ਬਹਾਨੇ ਧਰਮ, ਸੰਸਕ੍ਰਿਤੀ ਦੀ ਪੋਲ ਖੁੱਲ੍ਹ ਜਾਵੇਗੀ। ਪੋਲ ਖੁੱਲ੍ਹੇਗੀ ਤਾਂ ਸਰਕਾਰੀ ਕੰਮਕਾਜ ਦੀ ਵੀ ਖੁੱਲ੍ਹੇਗੀ। ਸਰਕਾਰ ਚਾਹੁੰਦੀ ਹੈ ਕਿ ਇਸ ਫਿਲਮ ਨੂੰ ਲੋਕ ਉਸ ਨਜ਼ਰ ਤੋਂ ਨਾ ਦੇਖ ਸਕਣ ਜਿਸ ਤੋਂ ਹਿੰਦੂ ਸੰਸਕ੍ਰਿਤੀ, ਪਰੰਪਰਾ ਦੀ ਪੋਲ ਖੁੱਲ੍ਹੇ।

ਡਾਕੂਮੈਂਟਰੀ ਉੱਤੇ ਰੋਕ ਨੇ ਵਿਚਾਰ ਪ੍ਰਗਟ ਕਰਨ ਦੀ ਜਾਂ ਸਪਸ਼ਟੀਕਰਨ ਦੀ ਆਜ਼ਾਦੀ ਉੱਤੇ ਸਵਾਲ ਖੜ੍ਹੇ ਕੀਤੇ ਹਨ। ਸਰਕਾਰ ਅਜਿਹੀ ਹਾਲਤ ਵਿੱਚ ਊਲ ਜਲੂਲ ਅਤੇ ਤਾਨਾਸ਼ਾਹੀ ਹੁਕਮ ਥੋਪਣ ਲੱਗਦੀ ਹੈ। ਅਜਿਹੀ ਕਿਸੀ ਚੀਜ਼ ਨੂੰ ਬਿਨਾਂ ਦੇਖੇ ਬੈਨ ਕਰਨ ਵਿੱਚ ਸਿਰਫ਼ ਕਿਸੀ ਵਿਸ਼ੇਸ਼ ਰਾਜਨੀਤਿਕ ਸੋਚ ਦੀ ਲੋੜ ਹੁੰਦੀ ਹੈ। ਅਜਿਹੇ ਅਲੋਕਤਾਂਤਰਿਕ ਤਾਨਾਸ਼ਾਹੀ ਫੈਸਲੇ ਲਾਗੂ ਕਰਨੇ ਦੇ ਪਿੱਛੇ ਕੋਈ ਸਮਾਜਿਕ, ਨੈਤਿਕ ਜਾਂ ਕਾਨੂੰਨੀ ਜਮੀਨ ਦੀ ਜ਼ਰੂਰਤ ਨਹੀਂ ਹੁੰਦੀ। ਬਸ ਤਾਨਾਸ਼ਾਹੀ ਫੈਸਲਾ ਮੜ੍ਹਨਾ ਹੁੰਦਾ ਹੈ।

ਲੋਕਾਂ ਦਾ ਹੱਕ : ਸਰਕਾਰ ਇਸ ਰੋਕ ਦੇ ਦੁਆਰਾ ਦੇਸ਼ ਅਤੇ ਸਮਾਜ ਨੂੰ ਸੁਨੇਹਾ ਦੇ ਰਹੀ ਹੈ ਕਿ ਇੱਕ ਵਿਸ਼ੇਸ਼ ਕਿਸਮ ਦੇ ਵਿਚਾਰ ਹੀ ਇੱਥੇ ਚੱਲਣਗੇ। ਦੇਸ਼ ਉਹਨਾਂ ਵਿਚਾਰਾਂ ਨਾਲ ਚੱਲੇਗਾ ਅਤੇ ਜੋ ਵੀ ਕੋਈ ਉਨ੍ਹਾਂ ਵਿਚਾਰਾਂ ਤੋਂ ਅਲੱਗ ਹੋਵੇਗਾ, ਉਸ ਨੂੰ ਕੁਚਲ ਦਿੱਤਾ ਜਾਵੇਗਾ।

ਪਰ ਕੀ ਇਸ ਲੋਕਤਾਂਤਰਿਕ ਦੇਸ਼ ਦੀ ਜਨਤਾ ਨੂੰ ਇਹ ਡਾਕੂਮੈਂਟਰੀ ਦੇਖਣ ਦਾ ਅਧਿਕਾਰ ਨਹੀਂ ਹੈ? ਲੋਕਤੰਤਰ ਮੁੱਖ ਰੂਪ ਤੋਂ ਆਜ਼ਾਦ ਗੱਲਬਾਤ ਅਤੇ ਬਹਿਸ ਉੱਤੇ ਆਧਾਰਿਤ ਹੁੰਦਾ ਹੈ। ਬੌਧਿਕ ਅਧਿਕਾਰ ਦੇ ਲਈ ਸਾਰਵਜਨਿਕ ਮੁੱਦਿਆਂ ਉੱਤੇ ਸੁਤੰਤਰ ਵਿਚਾਰ, ਚਰਚਾ ਅਤੇ ਬਹਿਸ ਜ਼ਰੂਰੀ ਹੈ। ਸਰਕਾਰ ਨੇ ਬੈਨ ਜ਼ਰੀਏ ਨਵੇਂ ਨਜ਼ਰੀਏ ਦੀ ਗੁੰਜ਼ਾਇਸ਼ ਖ਼ਤਮ ਕਰ ਦਿੱਤੀ ਹੈ। ਸਮਾਜ ਦੀ ਸੋਚ ਉੱਤੇ ਸਰਕਾਰ ਤਾਲਾ ਲਗਾ ਕੇ ਰੱਖਣਾ ਚਾਹੁੰਦੀ ਹੈ।

ਬਲਾਤਕਾਰ ਦੀ ਸਮੱਸਿਆ ਸਾਰੇ ਸੰਸਾਰ ਵਿੱਚ ਹੈ। ਕਿੰਨਾ ਵੀ ਖੁੱਲ੍ਹਾ ਸਮਾਜ ਹੋਵੇ, ਇਸਤਰੀਆਂ ਦੇ ਪ੍ਰਤੀ ਉਸ ਦਾ ਨਜ਼ਰੀਆ ਅਕਸਰ ਦੂਜੇ ਦਰਜੇ ਦਾ ਹੀ ਨਜ਼ਰ ਆਉਂਦਾ ਹੈ। ਇਸਤਰੀਆਂ ਨੂੰ ਦੁਖੀ ਕਰਨਾ, ਯੌਨ ਸ਼ੋਸ਼ਣ, ਘਰੇਲੂ-ਹਿਸਾ ਅਤੇ ਪੈਰ ਪੈਰ ਉੱਤੇ ਬੇਇੱਜ਼ਤੀ ਜਾਰੀ ਹੈ। ਸਾਰੀ ਦੁਨੀਆਂ ਦੇ ਲੋਕਾਂ ਦੀ ਰੁੱਚੀ ਨਿਰਭਯਾ ਮਾਮਲੇ ਵਿੱਚ ਸੀ ਅਤੇ ਉਹ ਕਾਰਨ ਜਾਣਨਾ ਚਾਹੁੰਦੇ ਹਨ ਕਿ ਆਖਰ ਇਸਤਰੀ ਦੇ ਨਾਲ ਬਲਾਤਕਾਰ ਦੇ ਪਿੱਛੇ ਮਾਨਸਿਕਤਾ ਕੀ ਹੈ। ਕੀ ਇਸ ਸੰਸਾਰਵਿਆਪੀ ਗੰਭੀਰ ਸਮੱਸਿਆ ਉੱਤੇ ਬਹਿਸ ਨਹੀਂ ਹੋਣੀ ਚਾਹੀਦੀ?

ਸਰਕਾਰ ਨੇ ਡਾਕੂਮੈਂਟਰੀ ਉੱਤੇ ਰੋਕ ਨਹੀਂ ਲਗਾਈ, ਉਸ ਨੇ ਉਸ ਦਾਰਸ਼ਨਿਕ ਵਿਚਾਰਧਾਰਾ ਨੂੰ ਪੈਦਾ ਹੋਣ ਤੋਂ ਰੋਕਣ ਦੀ ਕੋਸ਼ਿਸ਼ ਕੀਤੀ ਹੈ ਜਿਸ ਦੇ ਬਿਨਾਂ ਕੋਈ ਵੀ ਸਮਾਜ ਅਤੇ ਬੰਦਾ ਠੀਕ ਫੈਸਲਾ ਨਹੀਂ ਲੈ ਸਕਦਾ ਹੈ।

ਹੋਣਾ ਤਾਂ ਇਹ ਚਾਹੀਦਾ ਸੀ ਕਿ ਡਾਕੂਮੈਂਟਰੀ ਦਾ ਪ੍ਰਦਰਸ਼ਨ ਕੀਤਾ ਜਾਂਦਾ। ਉਸ ਉੱਤੇ ਚਰਚਾ ਕੀਤੀ ਜਾਂਦੀ ਕਿ ਆਖਿਰ ਕਿੱਥੇ ਕਮੀ ਹੈ ਸਮਾਜ ਵਿੱਚ? ਸਾਡੀ ਸੋਚ ਵਿੱਚ?

ਕਿਤੇ ਪੋਲ ਨਾ ਖੁੱਲ੍ਹ ਜਾਵੇ : ਬਹੁਤੇ ਧਰਮਾਂ ਵਿੱਚ ਕਿਸ ਬਲਾਤਕਾਰੀ ਨੂੰ ਸਜ਼ਾ ਮਿਲੀ ਹੈ? ਸੀਤਾ ਨੂੰ ਹੀ ਉਲਟਾ ਦੋਸ਼ੀ ਮੰਨਿਆ ਗਿਆ। ਅਗਨੀ ਪ੍ਰੀਖਿਆ ਹੀ ਨਹੀਂ ਲਈ ਗਈ, ਗਰਭ ਅਵਸਥਾ ਵਿੱਚ ਘਰ ਤੋਂ ਕੱਢ ਦਿੱਤਾ ਗਿਆ ਅਤੇ ਉਸਨੂੰ ਧਰਤੀ ਦੀ ਗੋਦ ਵਿੱਚ ਸਮਾ ਜਾਣਾ ਪਿਆ। ਦਰੋਪਦੀ ਦਾ ਦਰਦ ਕਿਹੜਾ ਘੱਟ ਸੀ। ਉਸਨੂੰ ਧਰਮ ਦੱਸ ਕੇ ਵੰਡ ਕੇ ਉਪਭੋਗ (ਸੰਭੋਗ) ਕਰਨ ਦਾ ਹੁਕਮ ਦੇ ਦਿੱਤਾ ਗਿਆ। ਅਹੱਲਿਆ ਨੂੰ ਸ਼ਿਲਾ (ਪੱਥਰ) ਬਣ ਕੇ ਸ਼ਰਾਪ ਭੁਗਤਣਾ ਪਿਆ। ਇੰਦਰ ਨੂੰ ਸਜ਼ਾ ਨਹੀਂ ਦਿੱਤੀ ਗਈ।

ਧਰਮ ਦੀਆਂ ਕਿਤਾਬਾਂ ਵਿੱਚ ਦੇਵਤਿਆਂ, ਅਵਤਾਰਾਂ ਦੇ ਕੁਕਰਮਾਂ ਦੀਆਂ ਕਹਾਣੀਆਂ ਭਰੀਆਂ ਪਈਆਂ ਹਨ। ਇਸਤਰੀਆਂ ਦੇ ਭੋਗ-ਆਨੰਦ, ਅੱਤਿਆਚਾਰ, ਸ਼ੋਸ਼ਣ ਦੀਆਂ ਅਣਗਿਣਤ ਕਥਾਵਾਂ ਹਨ ਜਿਹਨਾਂ ਨੂੰ ਸਮਾਜ ਪੂਰੀ ਸ਼ਰਧਾ, ਆਸਥਾ ਦੇ ਨਾਲ ਸੁਣਦਾ ਅਤੇ ਗੌਰਵਸ਼ਾਲੀ ਹੁੰਦਾ ਆਇਆ ਹੈ।

ਜੇਕਰ ਇਨ੍ਹਾਂ ਸਭਨਾਂ ਗੱਲਾਂ ਦੀ ਪੋਲ ਖੁੱਲ੍ਹੇਗੀ ਅਤੇ ਲੋਕ ਸਮਝਦਾਰ ਹੋ ਜਾਣਗੇ ਤਾਂ ਧਰਮ ਦਾ ਧੰਦਾ ਕਿਵੇਂ ਚੱਲੇਗਾ। ਸ਼ੰਕਰਾਚਾਰੀਆ ਨੂੰ ਕੌਣ ਪੁੱਛੇਗਾ? ਦੇਵੀ ਦੇਵਤਿਆਂ ਨੂੰ ਕੌਣ ਪੂਜੇਗਾ?

ਇਸਤਰੀਆਂ ਦੇ ਨਾਲ ਭੇਦਭਾਵ, ਸ਼ੋਸ਼ਣ, ਬਲਾਤਕਾਰ ਬਹੁਤੇ ਧਰਮਾਂ ਨੇ ਪੈਦਾ ਕੀਤੀਆਂ ਬੁਰਾਈਆਂ ਹਨ। ਬਲਾਤਕਾਰ ਹੋਣ ਉੱਤੇ ਜਾਂ ਵਿਆਹ ਤੋਂ ਪਹਿਲਾਂ ਯੌਨ ਸੰਬੰਧ ਬਣਾ ਲੈਣ ਉੱਤੇ ਸਮਾਜ ਪ੍ਰਵਾਨ ਨਹੀਂ ਕਰਦਾ, ਇਸ ਲਈ ਲੜਕੀ ਨੂੰ ਪਿਆਰ ਕਰਨ ਦੀ ਆਗਿਆ ਨਹੀਂ; ਮਰਜ਼ੀ ਨਾਲ ਵਿਆਹ ਦੀ ਆਗਿਆ ਨਹੀਂ ਹੈ। ਅੱਜ ਉੱਚ ਸਿੱਖਿਅਤ ਨੌਜਵਾਨ ਪੀੜ੍ਹੀ ਵੀ ਸਾਬਤ ਯੋਨੀ (ਭੋਗ, ਇਸਤਰੀਆਂ ਦਾ ਜਣਨ ਅੰਗ) ਦੀ ਇੱਛਾ ਰੱਖਦੀ ਹੈ। ਸ਼ਾਸਤਰਾਂ ਵਿੱਚ ਕੰਨਿਆਂ ਨਾਲ ਵਿਆਹ ਦੀ ਗੱਲ ਦਾ ਅਰਥ ਹੀ ਸਾਬਤ ਯੋਨੀ ਲੜਕੀ ਨਾਲ ਹੈ। ਯਾਨੀ ਵਿਆਹ ਦੇ ਲਈ ਕੁਆਰਪਣ ਇੱਕ ਜ਼ਰੂਰੀ ਪੈਮਾਨਾ ਮੰਨਿਆਂ ਗਿਆ ਹੈ।

ਸਾਡੇ ਇੱਥੇ ਸੈਂਕੜੇ ਲੜਕੀਆਂ ਦੇ ਖ਼ਤ ਅਤੇ ਫ਼ੋਨ ਆਉਂਦੇ ਹਨ ਜੋ ਪੁੱਛਦੀਆਂ ਕਿ ਜੇਕਰ ਉਨ੍ਹਾਂ ਦਾ ਵਿਆਹ ਤੋਂ ਪਹਿਲਾਂ ਯੌਨ ਸੰਬੰਧ ਬਣ ਗਿਆ ਤਾਂ ਪਤੀ ਨੂੰ ਪਤਾ ਤਾਂ ਨਹੀਂ ਚੱਲੇਗਾ? ਪਰ ਇੱਕ ਵੀ ਫ਼ੋਨ ਜਾਂ ਪੱਤਰ ਨੌਜਵਾਨ ਦਾ ਨਹੀਂ ਆਉਂਦਾ ਕਿ ਜੇਕਰ ਉਸ ਦਾ ਵਿਆਹ ਤੋਂ ਪਹਿਲਾਂ ਜਾਂ ਵਿਆਹ ਬਾਅਦ ਕਿਸੇ ਪਰਾਈ ਇਸਤਰੀ ਨਾਲ ਸੰਬੰਧ ਹੋਵੇ ਤਾਂ ਕੀ ਪਤਨੀ ਨੂੰ ਪਤਾ ਚੱਲ ਜਾਵੇਗਾ?

ਭਰੂਣ ਹੱਤਿਆ, ਅਣਖ ਖਾਤਰ ਕਤਲ, ਦਹੇਜ ਹੱਤਿਆ ਬਾਕਾਇਦਾਂ ਸ਼ਾਸਤਰ ਸੰਮਤ ਧਰਮਕਰਮ ਦੇ ਅਪਰਾਧ ਹਨ। 10 ਬੱਚੇ ਪੈਦਾ ਕਰਨ ਦਾ ਫ਼ਤਵਾ, ਬਹੁ ਵਿਆਹ, ਦੇਵਦਾਸੀਆਂ ਧਰਮ ਦੀਆਂ ਹੀ ਸੁਗਾਤਾਂ ਹਨ। ਬੱਚਿਆਂ ਨੂੰ ਪੈਦਾ ਹੋਣ ਤੋਂ ਰੋਕਣਾ ਤਾਂ ਰੱਬ ਦੇ ਹੁਕਮ ਨੂੰ ਨਾ ਮੰਨਣਾ ਕਰਾਰ ਦਿੱਤਾ ਗਿਆ ਹੈ।

ਸਰਕਾਰ ਦੇ ਇਸ ਫੈਸਲੇ ਤੋਂ ਸੰਸਾਰ ਵਿੱਚ ਭਾਰਤ ਦੀ ਹੋਰ ਬਦਨਾਮੀ ਹੋਈ ਹੈ। ਕੀ ਸਰਕਾਰ ਨੇ ਕਦੇ ਕਿਸੀ ਧਾਰਮਿਕ ਸਿੱਖਿਆ, ਧਾਰਮਿਕ ਲੀਡਰ ਦੇ ਬਿਆਨ ਉੱਤੇ ਪਾਬੰਦੀ ਲਗਾਉਣ ਦੀ ਕੋਸ਼ਿਸ਼ ਕੀਤੀ ਹੈ? ਹਰ ਧਰਮ ਸੰਮੇਲਨ ਵਿੱਚ ਸੈਂਕੜੇ ਪੁਰਾਣੇ ਘਟੀਆ ਖਿਆਲ ਅਤੇ ਸਮਾਜ ਨੂੰ ਵੰਡਣ ਵਾਲੀਆਂ ਗੱਲਾਂ ਕਹੀਆਂ ਜਾਂਦੀਆਂ ਹਨ। ਉਹਨਾਂ ਨਾਲ ਕੀ ਸਮਾਜ ਦਾ ਸਿਰ ਨੀਵਾਂ ਨਹੀਂ ਹੁੰਦਾ?

ਮੁਕੇਸ਼ ਸਿੰਘ ਅਤੇ ਉਸ ਦੇ ਵਕੀਲਾਂ ਦੇ ਬਿਆਨ ਸਥਾਈ ਸਚਾਈਆਂ ਹਨ। ਉਹ ਬੁਰੇ ਲੱਗੇ ਹਨ ਪਰ ਇੱਕ ਸੱਚ ਉਜਾਗਰ ਕਰਦੇ ਹਨ।

ਫਿਲਮ ਨਿਰਮਾਤਾ ਨੂੰ ਵਧਾਈ ਦੇਣੀ ਚਾਹੀਦੀ ਹੈ ਕਿ ਨਿਰਭਯਾ ਦੇ ਬਹਾਨੇ ਇਕ ਵਾਰ ਫੇਰ ਦੇਸ਼ ਦੀ ਸੋਚ ਨੂੰ ਹਿਲਾ ਦਿੱਤਾ ਹੈ। ਇਸ ਸਮੁੱਚੇ ਰੌਲੇ ਰੱਪੇ ਵਿੱਚ ਉਹ ਚਿਹਰੇ ਸਾਹਮਣੇ ਆ ਗਏ ਹਨ ਜੋ ਅੱਜ ਵੀ ਇਸਤਰੀ ਨੂੰ ਪੈਰਾਂ ਦੀ ਜੁੱਤੀ ਬਣਾਈ ਰੱਖਣ ਦੇ ਹਾਮੀ ਹਨ। ਇਹਨਾਂ ਵਿੱਚ ਸਰਕਾਰ ਸਭ ਤੋਂ ਅੱਗੇ ਖੜ੍ਹੀ ਦਿਖਾਈ ਦਿੱਤੀ ਹੈ। ਅਜਿਹੀਆਂ ਸਰਕਾਰਾਂ ਤੋਂ ਸੁਧਾਰ ਦੀ ਕੀ ਕੋਈ ਉਮੀਦ ਕੀਤੀ ਜਾ ਸਕਦੀ ਹੈ? ਜਦ ਤਕ ਅਸੀਂ ਸਮਾਜ ਦੀ ਇਸ ਭਿਆਨਕ ਸਚਾਈ ਨੂੰ ਪ੍ਰਵਾਨ ਕਰ ਕੇ ਉਸਨੂੰ ਬਦਲਣ ਦੇ ਲਈ ਸੰਘਰਸ਼ ਨਹੀਂ ਕਰਦੇ ਤਦ ਤੱਕ ਤਬਦੀਲੀ ਮੁਸ਼ਕਿਲ ਹੈ।

ਪ੍ਰਕਾਸ਼ਨ ਦੀ ਆਜ਼ਾਦੀ ਉੱਤੇ ਸੱਟ : ਸਮਾਜਿਕ, ਆਰਥਿਕ ਅਤੇ ਰਾਜਨੀਤਿਕ ਮੁੱਦਿਆਂ ਉੱਤੇ ਲੋਕਾਂ ਦੀ ਰਾਏ ਬਣਾਉਣ ਦੇ ਲਈ ਬੋਲਣ ਦੀ ਆਜ਼ਾਦੀ ਅਤੇ ਪ੍ਰਕਾਸ਼ਨ ਦੀ ਆਜ਼ਾਦੀ ਮਹੱਤਵਪੂਰਨ ਹੈ। ਧਾਰਾ 19 (1) ਦੇ ਤਹਿਤ ਪ੍ਰਕਾਸ਼ਨ ਦੀ ਆਜ਼ਾਦੀ ਵਿੱਚ ਕੋਈ ਵੀ ਨਾਗਰਿਕ ਕਿਸੇ ਵੀ ਭਾਸ਼ਾ ਦੇ ਦੁਆਰਾ, ਕਿਸੇ ਵੀ ਮੁੱਦੇ ਉੱਤੇ ਆਪਣੀ ਰਾਏ, ਵਿਚਾਰ ਦੇ ਸਕਦਾ ਹੈ। ਇਹਨਾਂ ਭਾਸ਼ਾਵਾਂ ਵਿੱਚ ਵਿਅਕਤੀਗਤ, ਲੇਖਣ, ਛਪਾਈ, ਚਿੱਤਰ, ਸਿਨੇਮਾ ਸ਼ਾਮਲ ਹੈ ਜਿਹਨਾਂ ਵਿੱਚ ਸੰਚਾਰ ਦੀ ਆਜ਼ਾਦੀ ਅਤੇ ਆਪਣੀ ਰਾਏ ਨੂੰ ਸਾਰਵਜਨਿਕ ਤੌਰ ਉੱਤੇ ਰੱਖਣ ਅਤੇ ਉਸਨੂੰ ਪ੍ਰਚਾਰਿਤ ਕਰਨ ਦੇ ਅਧਿਕਾਰ ਵੀ ਸ਼ਾਮਲ ਹਨ।

ਦਰਅਸਲ, ਪ੍ਰਕਾਸ਼ਨ ਦੀ ਆਜ਼ਾਦੀ ਸਰਕਾਰਾਂ ਨੇ ਧਰਮ ਦੇ ਠੇਕੇਦਾਰਾਂ ਨੂੰ ਦਿੱਤੀ ਹੋਈ ਹੈ, ਲੀਡਰਾਂ ਨੂੰ ਦਿੱਤੀ ਹੋਈ ਹੈ, ਜੋ ਰੋਜ਼ਾਨਾ ਇਸਤਰੀ ਦੇ ਬਾਰੇ ਵਿੱਚ ਕੁੱਝ ਵੀ ਬੋਲਦੇ ਰਹਿੰਦੇ ਹਨ। ਤਦ ਨੈਤਿਕਤਾ ਦੀ ਗੱਲ ਨਹੀਂ ਉੱਠਦੀ, ਉਨ੍ਹਾਂ ਦੇ ਖਿਲਾਫ਼ ਐਫ. ਆਈ. ਆਰ. ਦਰਜ ਨਹੀਂ ਹੁੰਦੀ। ਸੰਸਕ੍ਰਿਤੀ (ਸਭਿਆਚਾਰ) ਨੂੰ ਖ਼ਤਰਾ ਵੀ ਨਹੀਂ ਹੁੰਦਾ ਤਾਂ ਇਸ ਦਾ ਮਤਲਬ ਇਸਤਰੀ ਦੇ ਲਈ ਇਹੀ ਸੰਸਕ੍ਰਿਤੀ ਹੈ।

ਅਸਲ ਵਿੱਚ ਪ੍ਰਕਾਸ਼ਨ ਦੀ ਆਜ਼ਾਦੀ ਦਾ ਹਕੂਮਤ ਮਨਮਰਜ਼ੀ ਦੀ ਵਰਤੋਂ ਕਰਦੀ ਹੈ। ਜੋ ਉਸ ਦੇ ਅਨੁਕੂਲ ਨਾ ਹੋਵੇ, ਉਸਨੂੰ ਬੈਨ ਕਰ ਦਿਉ। ਸਰਕਾਰਾਂ ਲੋਕਾਂ ਦੇ ਸੁੱਖ, ਸਹੂਲਤਾਂ ਉੱਤੇ ਰੋਕ ਲਗਾਉਂਦੀਆਂ ਰਹੀਆਂ ਹਨ।

ਜਿਹੜੇ ਸਮਾਜ ਵਿੱਚ ਪ੍ਰਕਾਸ਼ਨ ਅਤੇ ਸੰਚਾਰ ਸਾਧਨਾਂ ਦੀ ਆਜ਼ਾਦੀ ਨਾ ਹੋਵੇ, ਉਹ ਤਾਨਾਸ਼ਾਹੀ ਸਮਾਜ ਹੁੰਦਾ ਹੈ। ਕਹਿਣ ਨੂੰ

ਸਾਡਾ ਸਭ ਤੋਂ ਵੱਡਾ ਲੋਕਤੰਤਰ ਹੈ ਪਰ ਸਾਡੇ ਇੱਥੇ ਸਰਕਾਰਾਂ ਦੇ ਫੈਸਲੇ ਮਨਮਰਜ਼ੀ ਦੇ ਹੁੰਦੇ ਹਨ। ਇਹ ਠੀਕ ਹੈ ਕਿ ਸੂਬੇ ਦੇ ਪਾਸ ਇਹ ਹੱਕ ਸੁਰੱਖਿਅਤ ਹੁੰਦਾ ਹੈ ਕਿ ਉਹ ਸੰਵਿਧਾਨ ਅਤੇ ਕਾਨੂੰਨ ਦੇ ਤਹਿਤ ਪ੍ਰਕਾਸ਼ਨ ਦੀ ਸੁਤੰਤਰਤਾ ਨੂੰ ਕਿਸ ਹੱਦ ਤੱਕ ਜਾ ਕੇ ਰੁਕਾਵਟ ਕਰਨ ਦਾ ਅਧਿਕਾਰ ਰੱਖਦਾ ਹੈ। ਕੁੱਝ ਵਿਸ਼ੇਸ਼ ਹਾਲਤਾਂ ਵਿੱਚ ਅੰਦਰੂਨੀ ਜਾਂ ਰਾਸ਼ਟਰੀ ਸੁਰੱਖਿਆ ਦੇ ਮੁੱਦਿਆਂ ਉੱਤੇ ਪ੍ਰਕਾਸ਼ਨ ਦੀ ਸੁਤੰਤਰਤਾ ਸੀਮਤ ਹੋ ਜਾਂਦੀ ਹੈ ਪਰੰਤੂ ਨਿਰਭਯਾ ਡਾਕੂਮੈਂਟਰੀ ਮਾਮਲੇ ਵਿੱਚ ਅਜਿਹੀ ਕਿਹੜੀ ਆਫਤ ਸੀ।

ਅੱਜ ਸਰਕਾਰ ਨੂੰ ਸ਼ਾਂਤੀ ਭੰਗ ਹੋਣ ਦੀ ਬੜੀ ਪਰਵਾਹ ਹੈ ਪਰ ਜਦ ਬਲਾਤਕਾਰ ਦੀ ਪੀੜਤਾ ਐਫ. ਆਈ. ਆਰ. ਦਰਜ ਕਰਾਉਣ ਥਾਣੇ ਵਿੱਚ ਜਾਂਦੀ ਹੈ ਤਾਂ ਉਸਨੂੰ ਭਜਾ ਦਿੱਤਾ ਜਾਂਦਾ ਹੈ। ਉਚ ਨੀਚ ਦਾ ਵਾਸਤਾ ਦਿੱਤਾ ਜਾਂਦਾ ਹੈ, ਕੇਸ ਵਾਪਸ ਲੈਣ ਦਾ ਦਬਾਅ ਬਣਾਇਆ ਜਾਂਦਾ ਹੈ। ਤਦ ਸਰਕਾਰ ਨੂੰ ਆਪਣਾ ਫਰਜ਼ ਯਾਦ ਨਹੀਂ ਆਉਂਦਾ, ਦੇਸ਼ ਦੀ ਇੱਜ਼ਤ ਯਾਦ ਨਹੀਂ ਆਉਂਦੀ ਹੈ।

ਇਸ ਫਿਲਮ ਉੱਤੇ ਰੋਕ ਨਾਲ ਦਿੱਲੀ ਦੇ ਮੱਥੇ ਉੱਤੇ ਲੱਗਿਆ (ਬਲਾਤਕਾਰੀ ਰਾਜਧਾਨੀ) ਦਾ ਕਲੰਕ ਨਹੀਂ ਖ਼ਤਮ ਹੋ ਜਾਵੇਗਾ। ਤਦ ਕਈ ਦੇਸ਼ਾਂ ਨੇ ਆਪਣੇ ਨਾਗਰਿਕਾਂ ਨੂੰ ਭਾਰਤ ਨਾ ਜਾਣ ਦੀ ਸਲਾਹ ਦਿੱਤੀ ਸੀ। ਹੁਣ ਵੀ ਭਾਰਤ ਦੀ ਸ਼ੋਭਾ ਜਾਂ ਚਮਕ ਨਕਾਰਾਤਮਕ ਬਣੀ ਹੋਈ ਹੈ।

ਹੁਣੇ ਕੁੱਝ ਸਮੇਂ ਪਹਿਲਾਂ ਇੱਕ ਮਾਨਵ ਅਧਿਕਾਰ ਸਮੂਹ (ਐਚ. ਆਰ. ਡਬਲਯੂ.) ਨੇ ਭਾਰਤ ਉੱਤੇ ਇਸਤਰੀਆਂ ਦੇ ਖਿਲਾਫ਼ ਯੌਨ ਹਿੰਸਾ ਦੇ ਮਾਮਲੇ ਘੱਟ ਕਰਨ ਵਿੱਚ ਨਾਕਾਮ ਰਹਿਣ ਅਤੇ ਪ੍ਰਕਾਸ਼ਨ ਦੀ ਸੁਤੰਤਰਤਾ ਨੂੰ ਬੈਨ ਕਰਨ ਦਾ ਦੋਸ਼ ਲਗਾਇਆ ਸੀ।

ਫਿਲਮ ਉੱਤੇ ਰੋਕ ਨਾਲ ਇਸ ਮੁੱਦੇ ਉੱਤੇ ਬਹਿਸ ਦੀ ਕੋਈ ਸੂਰਤ ਹੀ ਨਹੀਂ ਬਚੀ ਹੈ। ਸਭਿਆ ਸਮਾਜ ਵਿੱਚ ਬੋਲਣ, ਚੱਲਣ, ਪਹਿਨਣ, ਪੜ੍ਹਨ ਲਿਖਣ ਦੀ ਆਜ਼ਾਦੀ ਦਾ ਸਨਮਾਨ ਹੋਣਾ ਚਾਹੀਦਾ ਹੈ। ਭਾਰਤ ਦਾ ਸੰਵਿਧਾਨ ਇਕ ਧਰਮ ਨਿਰਪੇਖ, ਸਹਿਣਸ਼ੀਲ ਅਤੇ ਸਾਊ ਸਮਾਜ ਦੀ ਗਾਰੰਟੀ ਦੇਂਦਾ ਹੈ। ਸੰਵਿਧਾਨ ਵਿੱਚ ਪ੍ਰਕਾਸ਼ਨ ਦੀ ਸੁਤੰਤਰਤਾ ਦਾ ਸੱਭ ਤੋਂ ਮਹੱਤਵਪੂਰਨ ਹਿੱਸਾ ਮੰਨਿਆ ਗਿਆ ਹੈ। ਪ੍ਰਕਾਸ਼ਨ ਦੀ ਸੁਤੰਤਰਤਾ ਮਨੁੱਖ ਦਾ ਇੱਕ ਪੂਰੇ ਜਗਤ ਦਾ ਅਤੇ ਕੁਦਰਤੀ ਹੱਕ ਹੈ।

ਲੋਕਤੰਤਰ, ਸਹਿਣਸ਼ੀਲਤਾ ਵਿੱਚ ਵਿਸ਼ਵਾਸ ਰੱਖਣ ਵਾਲਿਆਂ ਦਾ ਕਹਿਣਾ ਹੈ ਕਿ ਕੋਈ ਵੀ ਰਾਜ ਅਤੇ ਧਰਮ, ਇਸ ਅਧਿਕਾਰ ਨੂੰ ਖੋਹ ਨਹੀਂ ਸਕਦਾ ਪਰੰਤੂ ਸਚਾਈ ਕੁੱਝ ਹੋਰ ਹੀ ਹੈ। ਉਹ ਸਭ ਤੋਂ ਵੱਡਾ ਲੋਕਤੰਤਰ ਭਾਵੇਂ ਭਾਰਤ ਹੋਵੇ ਜਾਂ ਸਭ ਤੋਂ ਪੁਰਾਣਾ ਲੋਕਤੰਤਰ ਅਮਰੀਕਾ, ਹਰ ਥਾਂ ਅਜਿਹੇ ਮੌਲਿਕ ਅਧਿਕਾਰ ਕੁਚਲੇ ਜਾਂਦੇ ਰਹੇ ਹਨ। ਇਸ ਦੀ ਜੜ੍ਹ ਵਿੱਚ ਧਰਮ ਅਤੇ ਧਰਮ ਦੀ ਰਾਜਨੀਤੀ ਦਾ ਲਾਲਚ ਕਿਸੇ ਤੋਂ ਛਿਪਿਆ ਨਹੀਂ ਹੈ।

**ਧੰਨਵਾਦ ਸਾਹਿਤ ਮੈਗਜ਼ੀਨ : 'ਸਰਿਤਾ' ਅਪਰੈਲ (ਪਹਿਲਾ) 2015**

## ਵਿਗਿਆਨਕ ਖ਼ਬਰਾਂ

### ਧੜਕਣ ਨਾਲ ਆਨ ਹੋਣਗੇ ਕੰਪਿਊਟਰ

ਪਾਸਵਰਡ ਅੱਜ ਦੀ ਜ਼ਿੰਦਗੀ ਦਾ ਜ਼ਰੂਰੀ ਹਿੱਸਾ ਹੈ। ਪਰ ਕਈ ਵਾਰ ਲੋਕ ਆਪਣਾ ਪਾਸਵਰਡ ਭੁੱਲ ਜਾਂਦੇ ਹਨ। ਫਿਰ ਉਨ੍ਹਾਂ ਨੂੰ ਆਪਣਾ ਪਾਸਵਰਡ ਯਾਦ ਕਰਨਾ ਮੁਸ਼ਕਿਲ ਹੋ ਜਾਂਦਾ ਹੈ। ਇਸ ਸਮੱਸਿਆ ਨੂੰ ਦੂਰ ਕਰਨ ਲਈ ਵਿਗਿਆਨੀਆਂ ਨੇ ਦਿਲ ਦੀ ਧੜਕਣ ਨੂੰ ਪਾਸਵਰਡ ਦੇ ਰੂਪ ਵਿੱਚ ਬਦਲਣ ਦੀ ਤਕਨੀਕ ਵਿੱਚ ਲੱਗੇ ਹੋਏ ਹਨ। ਚੀਨ ਦੇ ਵਿਗਿਆਨੀਆਂ ਵੱਲੋਂ ਇੱਕ ਅਜਿਹੀ ਤਕਨੀਕ ਤਿਆਰ ਕਰਨ ਵਿੱਚ ਲੱਗੇ ਹੋਏ ਹਨ ਜਿਸ ਵਿੱਚ ਦਿਲ ਦੀ ਧੜਕਣ ਦੀ ਮੱਦਦ ਨਾਲ ਇਲੈਕਟ੍ਰੋਨਿਕ ਉਪਕਰਣ ਨੂੰ ਚਲਾਇਆ ਜਾ ਸਕਦਾ ਹੈ। ਵਿਗਿਆਨੀਆਂ ਦਾ ਕਹਿਣਾ ਹੈ ਕਿ ਦੋ ਵਿਅਕਤੀਆਂ ਦੇ ਦਿਲ ਅਲੱਗ ਅਲੱਗ ਤਰੀਕੇ ਨਾਲ ਧੜਕਦੇ ਹਨ। ਇਸੇ ਕਰਕੇ ਹਰੇਕ ਆਦਮੀ ਦਾ ਇਲੈਕਟ੍ਰੋਕਾਰਡ੍ਰੀਓਗ੍ਰਾਮ (ਈ. ਸੀ. ਜੀ.) ਦਾ ਸੰਕੇਤ ਵੀ ਅਲੱਗ ਹੁੰਦਾ ਹੈ। ਅਸਲ ਵਿੱਚ ਦੋ ਵਿਅਕਤੀਆਂ ਦੇ ਇਲੈਕਟ੍ਰੋਕਾਰਡ੍ਰੀਓਗ੍ਰਾਮ (ਈ. ਸੀ. ਜੀ.) ਦੇ ਸੰਕੇਤ ਇੱਕੋ ਜਿਹੇ ਨਹੀਂ ਹੁੰਦੇ। ਇਸੇ ਵਿਸ਼ੇਸ਼ਤਾ ਨੂੰ ਹੀ ਇਸ ਤਕਨੀਕ ਵਿੱਚ ਵਰਤਿਆ ਜਾ ਰਿਹਾ ਹੈ। ਵਿਗਿਆਨੀਆਂ ਦਾ ਕਹਿਣਾ ਹੈ ਕਿ ਜਦੋਂ ਤੱਕ ਆਦਮੀ ਜਿਉਂਦਾ ਹੈ ਉਸ ਦੀ ਧੜਕਣ ਚੱਲਦੀ ਹੈ ਉਹ ਉਪਕਰਣ ਦੀ ਵਰਤੋਂ ਸੌਖੇ ਢੰਗ ਨਾਲ ਕਰ ਸਕਦਾ ਹੈ ਕਿਉਂਕਿ ਉਸਨੂੰ ਪਾਸਵਰਡ ਯਾਦ ਰੱਖਣ ਦੀ ਲੋੜ ਨਹੀਂ ਪੈਂਦੀ।

### ਜੀਨ ਵਿੱਚ ਹੀ ਛੁਪਿਆ ਹੈ ਸਫ਼ਲ ਵਿਆਹੁਤਾ ਜੀਵਨ ਦਾ ਰਾਜ

ਆਮ ਤੌਰ 'ਤੇ ਵਿਆਹ ਟੁੱਟਣ ਦੇ ਲਈ ਪੁਰਸ਼ਾਂ ਨੂੰ ਹੀ ਜ਼ਿੰਮੇਵਾਰ ਮੰਨਿਆ ਜਾਂਦਾ ਹੈ। ਪਰ ਇੱਕ ਖੋਜ ਦੇ ਸਬੂਤਾਂ ਨੂੰ ਮੰਨਦੇ ਹੋਏ ਸਫ਼ਲ ਵਿਆਹੁਤਾ ਜੀਵਨ ਦਾ ਰਾਜ਼ ਔਰਤਾਂ ਦੇ ਜੀਨਾਂ ਵਿੱਚ ਛੁਪਿਆ ਹੋ ਸਕਦਾ ਹੈ।

ਸਵੀਡਨ ਵਿੱਚ ਸਥਿਤ, ਕਾਰਨੋਲਿੰਸਕਾ ਇੰਸਟੀਚਿਊਟ ਦੇ ਖੋਜੀਆਂ ਨੇ ਪਹਿਲੀ ਵਾਰ ਇੱਕ ਅਜਿਹੇ ਜੀਨ ਦੀ ਪਹਿਚਾਣ ਕਰਨ ਦਾ ਦਾਅਵਾ ਕੀਤਾ ਹੈ ਤਲਾਕ ਦੇ ਲਈ ਜ਼ਿੰਮੇਵਾਰ ਹੁੰਦਾ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਇਹ ਜੀਨ ਦੱਸ ਸਕਦਾ ਹੈ ਕਿ ਵਿਆਹੁਤਾ ਜੀਵਨ ਸਥਿਰ ਹੋਵੇਗਾ ਜਾਂ ਮੁਸੀਬਤਾਂ ਭਰਿਆ ਹੋਵੇਗਾ। ਜੀਨ ਇਹ ਵੀ ਦੱਸ ਸਕਦਾ ਹੈ ਕਿ ਕੋਈ ਔਰਤ ਆਪਣੇ ਸਾਥੀ ਦੇ ਨਾਲ ਸੁਖੀ ਵਿਆਹੁਤਾ ਜੀਵਨ ਦੇ ਲਈ ਸੰਘਰਸ਼ ਕਰ ਸਕਦੀ ਹੈ ਜਾਂ ਨਹੀਂ। ਰਿਪੋਰਟ ਦੇ ਅਨੁਸਾਰ ਕਿਸੇ ਔਰਤ ਦੇ ਸਥਿਰ ਜੀਨ ਦੇ ਵਿੱਚ ਭਿੰਨਤਾ ਹੋਵੇ ਤਾਂ ਅਜਿਹੀ ਔਰਤ ਦੂਸਰੇ ਵਿਅਕਤੀ ਦੇ ਨਾਲ ਆਸਾਨੀ ਦੇ ਨਾਲ ਨਹੀਂ ਜੁੜ ਸਕਦੀ। ਅਗਰ ਅਜਿਹੀ ਔਰਤ ਵਿਆਹ ਕਰ ਵੀ ਲਵੇ ਤਾਂ ਉਸਦਾ ਵਿਆਹੁਤਾ ਜੀਵਨ ਸਥਿਰ ਹੋਣ ਦੀ ਸੰਭਾਵਨਾ 50% ਹੁੰਦੀ ਹੈ। ਪਰੀਖਣ ਦੇ ਅਨੁਸਾਰ ਅਜਿਹੇ ਜੀਨ ਵਾਲੀ ਔਰਤ ਦੇ ਪਤੀ ਦੇ ਨਾਖੁਸ਼ ਹੋਣ ਦੀ ਸੰਭਾਵਨਾ ਜ਼ਿਆਦਾ ਹੋ ਜਾਂਦੀ ਹੈ। ਖੋਜੀਆਂ ਦਾ ਕਹਿਣਾ ਹੈ ਕਿ ਅਜਿਹੇ ਜੀਨ ਔਰਤਾਂ ਵਿੱਚ ਆਕਸੀਟੋਸਿਨ ਹਾਰਮੋਨ ਦੇ ਬਣਨ ਦੀ ਪ੍ਰਕਿਰਿਆ ਨੂੰ ਵੀ ਪ੍ਰਭਾਵਿਤ ਕਰਦਾ ਹੈ।

### ਹਵਾ ਨਾਲ ਚੱਲਣ ਵਾਲਾ ਰੋਬੋਟ

ਅਮਰੀਕਾ ਦੀ ਹਾਰਵਰਡ ਯੂਨੀਵਰਸਿਟੀ ਦੇ ਵਿਗਿਆਨੀਆਂ ਨੇ ਇੱਕ ਅਜਿਹਾ ਰੋਬੋਟ ਬਣਾਇਆ ਹੈ ਜਿਹੜਾ ਛੋਟਾ ਵੱਡਾ ਹੋ ਸਕਦਾ ਹੈ, ਆਪਣੇ ਆਪ ਨੂੰ ਸੁੰਗੇੜ ਜਾਂ ਫੈਲਾ ਸਕਦਾ ਹੈ ਅਤੇ ਸਾਹਮਣੇ ਆਉਣ ਵਾਲੀਆਂ ਮੁਸੀਬਤਾਂ ਦੇ ਸਾਹਮਣੇ ਤੋਂ ਬਚ ਕੇ ਨਿਕਲਣ ਵਿੱਚ ਸਮਰੱਥ ਹੈ। ਇਸ ਰੋਬੋਟ ਦੀ ਖਾਸ ਗੱਲ ਇਹ ਹੈ ਕਿ ਇਸਨੂੰ ਕਿਸੇ ਵੀ ਥਾਂ ਉੱਤੇ ਆਸਾਨੀ ਨਾਲ ਲਿਜਾਇਆ ਜਾ ਸਕਦਾ ਹੈ। ਕਿਉਂਕਿ ਇਸ ਵਿੱਚ ਪਹੀਏ ਜਾਂ ਪੈਰ ਨਹੀਂ ਲੱਗੇ ਹੋਏ ਹਨ। ਵਿਗਿਆਨੀਆਂ ਨੇ ਇਸਦੀ ਡਿਜਾਈਨ ਆਕਟੋਪਸ ਅਤੇ ਸਟਾਰ ਫਿਸ਼ ਦੇ ਸਰੀਰ ਨੂੰ ਧਿਆਨ ਵਿੱਚ ਰੱਖ ਕੇ ਤਿਆਰ ਕੀਤਾ ਹੈ।

ਇਸ ਰੋਬੋਟ ਨੂੰ ਬਣਾਉਣ ਵਿੱਚ ਖਾਸ ਕਿਸਮ ਦੇ ਲਚਕੀਲੇ ਤੱਤ ਇਲਾਸਟੋਮਰ ਦਾ ਇਸਤੇਮਾਲ ਕੀਤਾ ਗਿਆ ਹੈ। ਅਤੇ ਇਹ ਹਵਾ ਦੇ ਇਸਤੇਮਾਲ ਵਿੱਚ ਚੱਲਦਾ ਹੈ। ਇਸ ਨੂੰ ਬਣਾਉਣ ਵਾਲੇ ਵਿਗਿਆਨੀਆਂ ਦਾ ਕਹਿਣਾ ਹੈ ਕਿ ਇਹ ਰੋਬੋਟ ਡਿੱਗਣ ਜਾਂ ਟਕਰਾਉਣ ਦੇ ਬਾਅਦ ਵੀ ਜ਼ਿਆਦਾ ਸੁਰੱਖਿਅਤ ਤਰੀਕੇ ਨਾਲ ਨਿਕਲ ਸਕਦਾ ਹੈ ਪ੍ਰੰਤੂ ਆਪਣੀ ਨਰਮ ਚਮੜੀ ਦੇ ਕਾਰਨ ਇਹ ਕੱਚ ਦੇ ਟੁਕੜਿਆਂ ਅਤੇ ਕੰਡਿਆਂ ਦੇ ਉੱਪਰ ਨਹੀਂ ਚੱਲ ਸਕਦਾ।

**– ਅਨੁਵਾਦਕ : ਕੁਲਦੀਪ ਸਿੰਘ ਕਰੀਗ**

# ਮੈਡੀਕਲ ਸਾਇੰਸਜ਼



**ਸੁਖਮੰਦਰ ਸਿੰਘ ਤੂਰ**

## ਤੇਜ਼ ਬੁੱਧੀਮਾਨ ਬਣਾਉਂਦਾ ਹੈ ਮਾਂ ਦਾ ਦੁੱਧ

ਜੋ ਮਾਵਾਂ ਸ਼ਿਕਾਇਤ ਕਰਦੀਆਂ ਹਨ ਕਿ ਡਾਕਟਰਾਂ ਅਤੇ ਸਮਾਜਿਕ ਦਬਾਓ ਦੇ ਕਾਰਨ ਉਨ੍ਹਾਂ ਨੂੰ ਆਪਣੇ ਬੱਚਿਆਂ ਨੂੰ ਮਜ਼ਬੂਰਨ ਸਤਨਪਾਨ ਕਰਵਾਉਣਾ ਪੈਂਦਾ ਹੈ, ਉਨ੍ਹਾਂ ਨੂੰ ਹੁਣ ਸਮਝ ਲੈਣਾ ਚਾਹੀਦਾ ਹੈ ਕਿ ਮਾਂ ਦਾ ਦੁੱਧ ਬੱਚੇ ਦੇ ਸਰੀਰਕ ਵਿਕਾਸ ਲਈ ਵੀ ਜ਼ਰੂਰੀ ਹੁੰਦਾ ਹੈ।

ਜੇਕਰ ਬੱਚਿਆਂ ਦੀ ਬੌਧਿਕ ਸਮਰੱਥਾ ਵਿਕਸਤ ਕਰਨੀ ਹੋਵੇ ਤਾਂ ਉਨ੍ਹਾਂ ਲਈ ਜਨਮ ਤੋਂ ਬਾਅਦ ਸ਼ੁਰੂ ਦੇ ਤਿੰਨ ਮਹੀਨੇ ਸਤਨਪਾਨ ਬਹੁਤ ਜ਼ਰੂਰੀ ਹੈ। ਬੱਚੇ ਦੀ ਬੁੱਧੀ ਕਿੰਨੀ ਤੇਜ਼ ਹੋਵੇਗੀ, ਇਸ ਦਾ ਸਿੱਧਾ ਸਬੰਧ ਇਸ ਨਾਲ ਹੈ ਕਿ ਉਸਨੇ ਕਿੰਨੇ ਸਮੇਂ ਲਈ ਮਾਂ ਦਾ ਦੁੱਧ ਪੀਤਾ ਹੈ। ਨਾਰਵੇ ਯੂਨੀਵਰਸਿਟੀ ਦੇ ਵਿਗਿਆਨੀਆਂ ਨੇ ਲੱਗਭਗ ਸਾਢੇ ਤਿੰਨ ਸੌ ਬੱਚਿਆਂ ’ਤੇ ਪਹਿਲੇ 13 ਮਹੀਨੇ ਦੀ ਉਮਰ ਵਿੱਚ ਅਧਿਐਨ ਤੋਂ ਬਾਅਦ ਪਤਾ ਲਗਾਇਆ ਕਿ ਉਹ ਬੱਚੇ ਵੱਡੇ ਹੋ ਕੇ ਜ਼ਿਆਦਾ ਤੇਜ਼ ਬੁੱਧੀ ਵਾਲੇ ਬਣਦੇ ਹਨ, ਜਿਨ੍ਹਾਂ ਨੂੰ ਉਨ੍ਹਾਂ ਦੀ ਮਾਂ ਨੇ ਤਿੰਨ ਤੋਂ ਛੇ ਮਹੀਨੇ ਦੁੱਧ ਪਿਲਾਇਆ ਹੈ।

ਇਨ੍ਹਾਂ ਬੱਚਿਆਂ ਵਿਚੋਂ ਦੋ ਤਿਹਾਈ ਅਜਿਹੇ ਸਨ, ਜਿਨ੍ਹਾਂ ਨੇ 6 ਮਹੀਨੇ ਜਾਂ ਇਸ ਤੋਂ ਜ਼ਿਆਦਾ ਸਤਨਪਾਨ ਕੀਤਾ ਸੀ ਅਤੇ 17 ਫੀਸਦੀ ਅਜਿਹੇ ਸਨ ਜਿਨ੍ਹਾਂ ਨੂੰ ਤਿੰਨ ਮਹੀਨੇ ਤੋਂ ਪਹਿਲਾਂ ਹੀ ਬੋਤਲ ਨਾਲ ਦੁੱਧ ਪਿਲਾਉਣਾ ਸ਼ੁਰੂ ਕਰ ਦਿੱਤਾ ਗਿਆ ਸੀ।

ਮਾਹਿਰਾਂ ਦਾ ਕਹਿਣਾ ਹੈ ਕਿ ਮਾਂ ਨੇ ਬੱਚੇ ਦੇ ਬੌਧਿਕ ਵਿਕਾਸ ਲਈ ਗਰਭ ਧਾਰਨ ਤੋਂ ਲੈ ਕੇ ਜਣੇਪੇ ਤੱਕ ਚਾਹੇ ਕਿੰਨੀ ਹੀ ਸਾਵਧਾਨੀ ਵਰਤੀ ਹੋਵੇ, ਪਰ ਹੁਣ ਉਹ ਚਾਹੇ ਅਣਚਾਹੇ ਬੱਚੇ ਨੂੰ ਸ਼ੁਰੂ ਦੇ ਤਿੰਨ ਮਹੀਨੇ ਦੁੱਧ ਨਹੀਂ ਪਿਲਾਉਂਦੀਆਂ, ਤਾਂ ਇਸ ਦਾ ਸਿੱਧਾ ਮਤਲਬ ਇਹ ਹੈ ਕਿ ਉਸ ਦੇ ਬੱਚੇ ਦੇ ਮਾਨਸਿਕ ਵਿਕਾਸ ਦੀ ਗਤੀ ਸਤਨਪਾਨ ਕਰਨ ਵਾਲੇ ਬੱਚੇ ਤੋਂ ਤੁਲਨਾਤਮਕ ਰੂਪ ਨਾਲ ਹੌਲੀ ਹੋਵੇਗੀ। ਵਿਕਾਸਸ਼ੀਲ ਦੇਸ਼ਾਂ ਵਿੱਚ ਬੱਚਿਆਂ ਨੂੰ ਸ਼ੁਰੂ ਦੇ ਤਿੰਨ ਤੋਂ ਪੰਜ ਮਹੀਨੇ ਸਤਨਪਾਨ ਕਰਵਾਉਣਾ ਬਹੁਤ ਜ਼ਰੂਰੀ ਹੈ, ਜਿੱਥੇ ਪਹਿਲਾਂ ਤੋਂ ਹੀ ਉਨ੍ਹਾਂ ਦੀ ਮੌਤ ਦਰ ਦੇ ਅੰਕੜੇ ਬਹੁਤ ਉੱਚੇ ਹਨ।

## ਸਾਧਾਰਨ ਖ਼ੂਨ ਦੇ ਦਬਾਅ ’ਚ ਵੀ ਵੱਧ ਖ਼ਤਰਨਾਕ ਹੈ : ਲੂਣ

ਅਸੀਂ ਆਮ ਤੌਰ ’ਤੇ ਆਪਣੀ ਖੁਰਾਕ ’ਚ ਲੂਣ ਦੀ ਮਾਤਰਾ ਨੂੰ ਲੈ ਕੇ ਉਦੋਂ ਸੁਚੇਤ ਹੁੰਦੇ ਹਾਂ, ਜਦੋਂ ਹਾਈ ਬਲੱਡ ਪ੍ਰੈਸ਼ਰ ਦੀ ਸ਼ਿਕਾਇਤ ਹੋਵੇ। ਸਿਹਤ ਵਿਗਿਆਨੀਆਂ ਦਾ ਕਹਿਣਾ ਹੈ ਕਿ ਇਹ ਸੋਚ ਪੂਰੀ ਤਰ੍ਹਾਂ ਗ਼ਲਤ ਹੈ। ਆਮ ਬਲੱਡ ਪ੍ਰੈਸ਼ਰ ਦੀ ਸਥਿਤੀ ਵਿਚ ਵੀ ਖਾਣੇ ’ਚ ਵਧੇਰੇ ਲੂਣ ਨੁਕਸਾਨ ਪਹੁੰਚਾ ਸਕਦਾ ਹੈ। ਇੱਕ ਤਾਜ਼ਾ ਖੋਜ ’ਚ ਇਹ ਗੱਲ ਸਾਹਮਣੇ ਆਈ ਹੈ। ਖੋਜ ਅਨੁਸਾਰ ਬਲੱਡ ਪ੍ਰੈਸ਼ਰ ’ਚ ਵਾਧਾ ਨਾ ਹੋਣ ’ਤੇ ਵੀ ਲੂਣ ਦੀ ਵਧੇਰੇ ਮਾਤਰਾ ਕੁਝ ਅੰਗਾਂ ਨੂੰ ਨੁਕਸਾਨ ਪਹੁੰਚਾ ਸਕਦੀ ਹੈ। ਯੂਨੀਵਰਸਿਟੀ ਆਫ਼ ਡੇਲਾਵੇਅਰ ਦੇ ਖੋਜਕਾਰਾਂ ਨੇ ਦੱਸਿਆ ਹੈ ਕਿ ਲੂਣ ਦੀ ਵਧੇਰੇ ਮਾਤਰਾ ਖ਼ੂਨ ਦੀਆਂ ਨਾੜੀਆਂ, ਦਿਲ, ਗੁਰਦਿਆਂ ਅਤੇ ਦਿਮਾਗ਼ ’ਤੇ ਬੁਰਾ ਅਸਰ ਪਾ ਸਕਦੀ ਹੈ। ਸਰੀਰ ’ਚ ਸੋਡੀਅਮ ਦੀ ਮਾਤਰਾ ਦੇ ਹਿਸਾਬ ਨਾਲ ਬਲੱਡ ਪ੍ਰੈਸ਼ਰ ਦੇ ਘਟਣ ਵਧਣ ਦੀ ਸਥਿਤੀ ਨੂੰ ‘ਸਾਲਟ ਸੈਂਸਟਿਵ ਬਲੱਡ ਪ੍ਰੈਸ਼ਰ ਕਹਿੰਦੇ ਹਨ। ਨਵੀਂ ਖੋਜ ਮੁਤਾਬਕ ਜਿਨ੍ਹਾਂ ਲੋਕਾਂ ਨੂੰ ‘ਸਾਲਟ ਸੈਂਸਟਿਵ ਬਲੱਡ ਪ੍ਰੈਸ਼ਰ’ ਦੀ ਸਮੱਸਿਆ ਨਹੀਂ ਹੁੰਦੀ, ਉਨ੍ਹਾਂ ਦੇ ਵੀ ਕੁੱਝ ਅੰਗਾਂ ’ਤੇ ਲੂਣ ਦੀ ਵਧੇਰੇ ਮਾਤਰਾ ਨਾਲ ਮਾੜਾ ਪ੍ਰਭਾਵ ਪੈਂਦਾ ਹੈ।

## ਅੰਤੜੀ ਰੋਗਾਂ ਦੀ ਵਜ੍ਹਾ ਵੀ ਹੋ ਸਕਦੇ ਹਨ : ਵਾਇਰਸ

ਸਿਹਤ ਨਾਲ ਜੁੜੇ ਵਿਗਿਆਨੀਆਂ ਦਾ ਕਹਿਣਾ ਹੈ ਕਿ ਅੰਤੜੀ ਰੋਗਾਂ ਲਈ ਮਨੁੱਖੀ ਸਰੀਰ ਅੰਦਰ ਪਏ ਜਾਣ ਵਾਲੇ ਵੱਖ-ਵੱਖ ਤਰ੍ਹਾਂ ਦੇ ਵਾਇਰਸ ਵੀ ਜ਼ਿੰਮੇਵਾਰ ਹੋ ਸਕਦੇ ਹਨ। ਵਾਸ਼ਿੰਗਟਨ ਯੂਨੀਵਰਸਿਟੀ ਸਕੂਲ ਆਫ਼ ਮੈਡੀਸਨ ਦੇ ਖੋਜੀਆਂ ਨੇ ਪਾਇਆ ਹੈ ਕਿ ਅੰਤੜੀ ਰੋਗ ਤੋਂ ਪੀੜਤ ਲੋਕਾਂ ਦੇ ਹਾਜ਼ਮੇ ਵਿੱਚ ਸਿਹਤਯਾਬ ਲੋਕਾਂ ਦੀ ਤੁਲਨਾ ਵਿੱਚ ਜ਼ਿਆਦਾ ਤਰ੍ਹਾਂ ਦੇ ਵਾਇਰਸ ਸਨ। ਵਿਗਿਆਨੀਆਂ ਨੇ ਹੁਣੇ ਜਿਹੇ ਮਨੁੱਖੀ ਸਰੀਰ ਦੇ ਅੰਦਰ ਬਾਹਰ ਪਾਏ ਜਾਣ ਵਾਲੇ ਬੈਕਟੀਰੀਆ ਤੇ ਉਨ੍ਹਾਂ ਦੇ ਜੀਨਜ਼ ਦੀਆਂ ਬਿਮਾਰੀਆਂ ਨੂੰ ਲੈ ਕੇ ਅਧਿਐਨ ਸ਼ੁਰੂ ਕਰ ਦਿੱਤੇ ਹਨ। ਮੁੱਢਲੇ ਅਧਿਐਨਾਂ ਵਿੱਚ ਇਸ ਗੱਲ ਦੀ ਸੰਭਾਵਨਾ ਦਿਸੀ ਹੈ ਕਿ ਮੋਟਾਪੇ, ਸ਼ੂਗਰ ਤੇ ਅੰਤੜੀ ਰੋਗਾਂ ਵਿੱਚ ਇਨ੍ਹਾਂ ਦੀ ਭੂਮਿਕਾ ਹੋ ਸਕਦੀ ਹੈ। ਪ੍ਰਮੁੱਖ ਖੋਜੀ ਡਾ. ਹਰਬਟ ਡਬਲਯੂ ਵਰਜਿਨ ਨੇ ਕਿਹਾ ਹੈ ਕਿ ਹਾਲੇ ਇਸ ਦਿਸ਼ਾ ਵਿਚ ਬਹੁਤ ਕੰਮ ਕੀਤਾ ਜਾਣਾ ਬਾਕੀ ਹੈ। ਸਾਨੂੰ ਇਹ ਜਾਣਨਾ ਪਵੇਗਾ ਕਿ ਇਹ ਵਾਇਰਸ ਅੰਤੜੀ ਤੇ ਅੰਤੜੀ ਨਾਲ ਜੁੜੇ ਬੈਕਟੀਰੀਆ ’ਤੇ ਕਿਸ ਤਰ੍ਹਾਂ ਅਸਰ ਕਰਦੇ ਹਨ। ਵਿਗਿਆਨੀ ਇਸ ਵਿਸ਼ੇ ’ਤੇ ਵੀ ਖੋਜ ਕਰ ਰਹੇ ਹਨ ਕਿ ਰੋਗ ਦਾ ਮੁਕੰਮਲ ਸਫ਼ਾਇਆ ਕਿਵੇਂ ਹੋਵੇ।

## ਖ਼ੂਨ ਦੀਆਂ ਨਾੜੀਆਂ ਨੂੰ ਸਖਤ ਹੋਣ ਤੋਂ ਰੋਕਦੀਆਂ ਹਨ : ਹਰੀਆਂ ਸਬਜ਼ੀਆਂ

**ਸਬਜ਼ੀਆਂ**– ਹਰੀਆਂ ਸਬਜ਼ੀਆਂ ਦਾ ਉਪਯੋਗ ਸਿਹਤ ਦੀ ਦ੍ਰਿਸ਼ਟੀ ਤੋਂ ਉੱਤਮ ਮੰਨਿਆ ਜਾਂਦਾ ਹੈ, ਕਿਉਂਕਿ ਇਨ੍ਹਾਂ ’ਚ ਇਸ ਤਰ੍ਹਾਂ ਦੇ ਤੱਤ ਮਿਲਦੇ ਹਨ, ਜੋ ਕਈ ਰੋਗਾਂ ਦੀਆਂ ਸੰਭਾਵਨਾਵਾਂ ਨੂੰ ਘੱਟ ਕਰਦੇ ਹਨ। ਹਾਲ ਹੀ ਵਿੱਚ ਬ੍ਰਿਟਿਸ਼ ਖੋਜੀਆਂ ਵੱਲੋਂ ਕੀਤੀ ਗਈ ਇੱਕ ਖੋਜ ਤੋਂ ਇਹ ਪਤਾ ਲੱਗਿਆ ਹੈ ਕਿ ਹਰੀਆਂ ਸਬਜ਼ੀਆਂ ਖ਼ੂਨ ਦੀਆਂ ਨਾੜੀਆਂ ਨੂੰ ਸਖ਼ਤ ਹੋਣ ਤੋਂ ਰੋਕਦੀਆਂ ਹਨ। ਇਨ੍ਹਾਂ ’ਚ ‘ਲਿਊਟਿਨ’ ਨਾਮਕ ਇੱਕ ਅਜਿਹਾ ਤੱਤ ਹੁੰਦਾ ਹੈ ਕਿ ਖ਼ੂਨ ਦੀਆਂ ਨਾੜੀਆਂ ਨੂੰ ਸਖ਼ਤ ਹੋਣ ਤੋਂ ਰੋਕਦਾ ਹੈ। ਮਾਹਿਰਾਂ ਨੇ ਆਪਣੀ ਖੋਜ ’ਚ ਵੱਖ-ਵੱਖ ਵਿਅਕਤੀਆਂ ਦੀਆਂ ਨਾੜੀਆਂ ਦੀ ਜਾਂਚ ਕੀਤੀ ਅਤੇ ਪਤਾ ਲੱਗਿਆ ਕਿ ਜਿਨ੍ਹਾਂ ਲੋਕਾਂ ’ਚ ਲਿਊਟਿਨ ਦੀ ਮਾਤਰਾ ਘੱਟ ਸੀ, ਉਨ੍ਹਾਂ ਦੀਆਂ ਨਾੜੀਆਂ ’ਚ ਸੁੰਗੜਨ ਦੀ ਸ਼ਕਤੀ ਜ਼ਿਆਦਾ ਦੇਖਣ ਨੂੰ ਮਿਲੀ। ਇਸ ਅਧਿਐਨ ਨਾਲ ਇਸ ਗੱਲ ’ਤੇ ਵੀ ਰੌਸ਼ਨੀ ਪਈ ਹੈ ਕਿ ਹਰੀਆਂ ਸਬਜ਼ੀਆਂ ਦਾ ਜ਼ਿਆਦਾ ਸੇਵਨ ਕਰਨ ਵਾਲੇ ਵਿਅਕਤੀਆਂ ਨੂੰ ਦਿਲ ਦੇ ਰੋਗ ਹੋਣ ਦੀ ਸੰਭਾਵਨਾ ਘੱਟ ਕਿਉਂ ਹੁੰਦੀ ਹੈ।

## ਛਾਤੀ ਕੈਂਸਰ ਦੀ ਸੰਭਾਵਨਾ ਨੂੰ ਘੱਟ ਕਰਦਾ ਹੈ : ਫਲੈਕਸ ਸੀਡ

**ਸੀਡ**– ਨਵੀਆਂ ਖੋਜਾਂ ਅਨੁਸਾਰ ‘ਫਲੈਕਸ ਸੀਡ’ ਛਾਤੀ ਕੈਂਸਰ ਦੀ ਸੰਭਾਵਨਾ ਨੂੰ ਘੱਟ ਕਰਦਾ ਹੈ। ਹਾਲ ਹੀ ਵਿੱਚ ਹੋਈ ਖੋਜ ’ਚ 16 ਔਰਤਾਂ ਨੂੰ ਦੋ ਮਹੀਨਿਆਂ ਤੱਕ ਹਰ ਰੋਜ਼ ਫਲੈਕਸ ਸੀਡ ਦੀ 10 ਗਰਾਮ ਮਾਤਰਾ ਸੇਵਨ ਕਰਨ ਲਈ ਦਿੱਤੀ ਗਈ ਅਤੇ ਪਤਾ ਲੱਗਾ ਕਿ ਉਨ੍ਹਾਂ ’ਚ ਛਾਤੀ ਦੇ ਕੈਂਸਰ ਦੀ ਸੰਭਾਵਨਾ ਕਾਫ਼ੀ ਘੱਟ ਹੋਈ। ਇਸ ਲਈ ਮਾਹਿਰਾਂ ਦਾ ਕਹਿਣਾ ਹੈ ਕਿ ਛਾਤੀ ਦੇ ਕੈਂਸਰ ਤੋਂ ਸੁਰੱਖਿਅਤ ਰਹਿਣ ਲਈ ਫਲੈਕਸ ਸੀਡ ਦਾ ਸੇਵਨ ਬਹੁਤ ਜ਼ਰੂਰੀ ਹੈ।

**...ਤੇ ਅੰਤ ਵਿੱਚ:** ਹੁਣ 3-ਡੀ ਪ੍ਰਿੰਟਿੰਗ ਦੀ ਵਰਤੋਂ ਨਾਲ ਸਾਹ ਨਾੜੀ ਦੀ ਮੁਰੰਮਤ ਜਾਂ ਇਸ ਨੂੰ ਬਦਲਣ ਲਈ ਕਾਰਟਲਿਜ ਦਾ ਵਿਕਾਸ ਕੀਤਾ ਗਿਆ ਹੈ। ਇਸ ਨੂੰ ਫੇਨਸਟੇਨ ਇੰਸਟੀਚਿਊਟ ਫ਼ਾਰ ਮੈਡੀਕਲ ਰੀਸਰਚ ਦੇ ਖੋਜੀਆਂ ਨੇ ਤਿਆਰ ਕੀਤਾ ਹੈ। ਸਾਹ ਨਲੀ ਕਾਰਟਲਿਜ ਦੇ ਛੱਲੇ ਨਾਲ ਬਣਿਆ ਇੱਕ ਵੱਡਾ ਝਿਲੀਦਾਰ ਟਿਊਬ ਹੁੰਦਾ ਹੈ ਜੋ ਫੇਫੜਿਆਂ ਤੱਕ ਹਵਾ ਨੂੰ ਪਹੁੰਚਾਉਂਦਾ ਹੈ। ਮੈਡੀਕਲ ਖੋਜ ਦੇ ਲਿਹਾਜ ਨਾਲ ਅਜਿਹਾ ਪਹਿਲੀ ਵਾਰ ਹੋਇਆ ਹੈ ਕਿ ਜਦੋਂ ਸਾਹ ਨਾੜੀ ਦਾ ਇੱਕ ਹਿੱਸਾ ਬਣਾਉਣ ਲਈ ਜੀਵਿਤ ਕੋਸ਼ਿਕਾਵਾਂ ਨਾਲ ਮਕਰਬੋਟ ਰੇਪਲਿਕਟਰ 2 ਐਕਸ 3-ਡੀ ਪ੍ਰਿੰਟਰ ਦਾ ਉਪਯੋਗ ਕੀਤਾ ਗਿਆ ਹੈ। ਸਾਹ ਨਾਲੀ ਨੂੰ ਟਿਊਮਰ ਦਿਲ ਦਾ ਦੌਰਾ ਤੇ ਹੋਰਨਾ ਕਾਰਨਾਂ ਨਾਲ ਨੁਕਸਾਨ ਪੁੱਜ ਸਕਦਾ ਹੈ। ਮੇਕਰਬੋਟ ਦੇ ਸੀਈਓ ਡਾ. ਜੋਨੀ ਲਾਇਟੋਨ ਨੇ ਦੱਸਿਆ ਹੈ ਕਿ ਪ੍ਰਿੰਟਰ ਨਾਲ ਸਾਹ ਨਾਲੀ ਦੇ ਦੋ ਇੰਚ ਲੰਮੇ ਕਿੱਸੇ ਨੂੰ ਪ੍ਰਿੰਟ ਕਰਨ ’ਚ ਦੋ ਘੰਟੇ ਤੋਂ ਵੀ ਘੱਟ ਸਮਾਂ ਲੱਗਦਾ ਹੈ। ਫੇਨਸਟੇਨ ਇੰਸਟੀਚਿਊਟ ਨਿਊਯਾਰਕ ’ਚ ਇਸ ਖੋਜ ਨੂੰ ਮੁਕੰਮਲ ਕੀਤਾ ਜਾ ਰਿਹਾ ਹੈ।

ਕਹਾਣੀ

# ਜੇ ਤੂੰ ਮੇਰੀ ਤੋਰ ਵੇਖਣੀ

ਭਲਾ ਸੋਚੋ! ਜਦੋਂ ਕੋਈ ਬੱਚਾ ਪਹਿਲਾਂ ਕਦਮ ਧਰਤੀ ਉਪਰ ਰੱਖਦਾ ਹੈ ਤਾਂ ਇਹ ਰੋਚਕ ਕਹਾਣੀ ਅੰਦਰ ਉਤਸੁਕਤਾ, ਮਮਤਾ, ਤੋਤਲਾ ਹਾਸਾ, ਸਗਲਿਆਂ ਦੀ ਛਣਕਾਰ ਦੇ ਸੰਗੀਤ ਨਾਲ ਜਦੋਂ ਮਾਂ ਦੀ ਲਾਡਾਂ ਨਾਲ ਕੀਤੀ ਤਰੋਤਾਜ਼ਾ ਲੋਰੀ ਦੀ ਸੋਜ਼ ਪੈਦਾ ਹੁੰਦੀ ਹੈ ਤਾਂ ਇਸ ਸਿਰਜੇ ਮਾਹੌਲ ਨੂੰ ਕੀ ਨਾਮ ਦੇਈਏ। ਕੀ ਇਹਨਾਂ ਕਹਾਣੀ ਦੀ ਸਰੇਸ਼ਟਤਾ ਦਾ ਨਾਮ ਇੱਕ ਸ਼ਬਦ ਅੰਦਰ ਉਲੀਕਿਆਂ ਜਾ ਸਕਦਾ ਹੈ। ਮੇਰੇ ਖਿਆਲ ਵਿੱਚ ਨਹੀਂ। ਇਹ ਕਹਾਣੀ ਤਾਂ ਅਪਰ-ਅਪਾਰ ਤੋਂ ਵੀ ਕਿਤੇ ਉਪਰ ਵਾਲੀ ਅਵਸਥਾ ਹੋ ਨਿਬੜਦੀ ਹੈ। ਜਿਸ ਵਿਚੋਂ ਮਮਤਾ ਦੀ ਅਥਾਹ ਖੁਸ਼ੀ, ਤੋਤਲੇ ਬੁਲਾਂ ਦਾ ਹਾਸਾ ਅਤੇ ਬਚਪਨ ਵਿੱਚ ਉਤਸ਼ੁਕਤਾ ਪੈਦਾ ਹੁੰਦੀ ਹੈ। ਇਹ ਪਲ ਮਹਾਨ ਹੁੰਦੇ ਹਨ। ਗੀਤਾਂ ਦੇ ਪ੍ਰੇਰਨਾ ਸਰੋਤ। ਪਹਿਲਾਂ ਬੱਚਾ ਮਾਂ ਦੀ ਗੋਦ ਵਿੱਚ ਅਮੀਰਾਂ ਦੇ ਪੰਘੂੜੇ ਅਤੇ ਗਰੀਬਾਂ ਦੇ ਅਲ੍ਹਾਣੇ ਮੰਜਿਆਂ ਉਪਰ ਗਿੱਲੇ ਜਾਂ ਸਿੱਲ੍ਹੇ ਪੋਤੜਿਆਂ ਵਿੱਚ ਲਿਪਟੇ ਪਏ ਹੁੰਦੇ ਹਨ। ਫਿਰ ਬੱਚਾ ਹੌਲ਼ੀ-ਹੌਲ਼ੀ 6-7ਵੇਂ ਮਹੀਨੇ ਬੈਠਣ ਸਿਖਦਾ ਹੈ, ਆਮ ਤੌਰ ਤੇ 7-8 ਮਹੀਨੇ ਰੁੜਨ ਲੱਗ ਜਾਂਦਾ ਹੈ ਤੇ ਕਈ ਬੱਚੇ ਦਸਵੇਂ ਮਹੀਨੇ ਤੁਰਕੇ ਪਹਿਲਾ ਕਦਮ ਧਰਤੀ ਉਪਰ ਰੱਖਦੇ ਹਨ। ਮਾਂ ਪਹਿਲਾਂ ਬੱਚੇ ਨੂੰ ਰੁੜਨ ਸਿਖਾਉਣ ਵੇਲੇ ਕੁਝ ਦੂਰੀ ਉਤੇ ਬੈਠੇ ਆ ਜਾ........ ਆ.... ਜਾ ਕਰਦੇ ਆਵਾਜ਼ਾਂ ਮਾਰਦੀ ਹੈ ਤੇ ਬੱਚਾ ਮਮਤਾ ਵੱਲ ਹਸਰਤ ਭਰੀਆਂ ਨਜ਼ਰਾਂ ਨਾਲ ਤਕਦਾ ਹੈ ਤੇ ਗੋਡਨੀਏ ਹੋ ਕੇ ਰੁੜਦਾ ਹੈ ਪਰ ਕਈ ਢਿੱਡ ਪਰਨੇ ਹੋ ਕੇ ਧਰਤੀ ਨੂੰ ਮਿਣਦੇ ਹਨ। ਕਈ ਰੁੜਦੇ ਹੀ ਨਹੀਂ ਜਦੋਂ ਬੈਠਣ ਤੋਂ ਪਿਛੋਂ ਸਿੱਧੇ ਹੀ ਖੜ੍ਹੇ ਹੋ ਜਾਂਦੇ ਹਨ ਤੇ ਮਾਂ ਜਿਥੇ ਉਸਨੂੰ ਮਾਤ-ਭਾਸ਼ਾ ਦੇ ਪਿਆਰ ਭਰੇ, ਮੋਹ ਮਮਤਾ ਵਾਲੇ ਸ਼ਬਦਾਂ ਨਾਲ ਸੰਬੋਧਨ ਹੁੰਦੀ ਹੈ ਉਥੇ ਉਹ ਪਹਿਲੀ ਪੁਲਾਂਘ ਧਰਤੀ ਉੱਪਰ ਰੱਖਣ ਲਈ ਪ੍ਰੇਰਨਾ-ਸਰੋਤ ਵੀ ਬਣਦੀ ਹੈ। ਇਹ ਸਾਰਾ ਕੁੱਝ ਤੁਹਾਡੇ ਯੁੱਗ ਅੰਦਰ ਬੀਤਦਾ ਹੈ। ਦੱਸਣ ਲਈ ਧੰਨਵਾਦ ਪਰ ਮਿੱਤਰੋ! ਮੇਰੀ ਪਹਿਲੀ ਪੁਲਾਂਘ ਨੂੰ ਜੇ ਮਿਣਿਆ ਜਾਏ ਤਾਂ ਉਹ ਮਹੀਨਿਆਂ ਜਾਂ ਸਾਲਾਂ ਵਿੱਚ ਨਹੀਂ ਆਉਂਦੀ ਇਹ ਤਾਂ ਲੱਖਾਂ ਹਜ਼ਾਰਾਂ ਸਾਲਾਂ ਜਿੱਡੀ ਪੁਲਾਂਘ ਹੈ। ਸੈਕੜੇ ਪੀੜੀਆਂ ਜਿੱਡੀ ਪੁਲਾਂਘ। ਤੁਸੀਂ ਹੈਰਾਨ ਹੋਵੋਗੇ ਹੈ ਐਡੀ ਵੱਡੀ ਪਹਿਲੀ ਪੁਲਾਂਘ? ਪਰ ਹੈ ਇਹ ਸੱਚ ਭਲਾ ਕਿਉਂ? ਯਾਰ ਮੈਂ ਪਹਿਲਾਂ ਚੌਪਾਇਆ ਸੀ ਭਾਵ ਚਾਰੇ ਪੈਰਾਂ ਉਪਰ ਤੁਰਦਾ ਸਾਂ। ਹੁਣ ਤੁਸੀਂ ਕਹੋਗੇ ਫੇਰ ਇਹ ਪਹਿਲੀ ਪੁਲਾਂਘ ਕਿਵੇਂ ਹੋਈ ਤੂੰ ਤਾਂ ਪਹਿਲਾਂ ਹੀ ਤੁਰਦਾ ਸੀ। ਉਜਾੜੇ ਵੇਲੇ ਖੁਰਾਕੀ ਭਾਲ ਵਿੱਚ



ਸੈਕੜੇ ਮੀਲਾਂ, ਕੋਹਾਂ ਬੇਸਤਰਾਂ ਦਾ ਸ਼ਫਰ ਕੀਤਾ ਸੀ। ਜਾਂ ਫਿਰ ਆਪਣੇ ਗਣ ਜਾਂ ਗਿਰੋਹ ਲਈ ਖੁਰਾਕ ਇਕੱਠੀ ਕਰਨ ਸਮੇਂ ਤੁਰਦਾ, ਭੱਜਦਾ, ਟੱਪਦਾ ਸੀ ਫੇਰ ਪਹਿਲੀ ਪੁਲਾਂਘ ਕਿਵੇਂ ਹੋਈ। ਭਾਈ ਸਾਹਿਬ ਗੱਲ ਸਮਝਣ ਦੀ ਹੈ। ਇਹ ਮੈਂ ਉਸ ਸਮੇਂ ਦੀ ਗੱਲ ਕਰ ਰਿਹਾ ਹਾਂ ਜਦੋਂ ਮੈਂ ਚੋਪਾਏ ਤੋਂ ਦੋਪਾਇਆ ਬਣਿਆ ਸੀ। ਦੋਪਾਇਆ ਬਣਕੇ ਜਦੋਂ ਮੈਂ ਪਹਿਲੀ ਪੁਲਾਂਘ ਭਰੀ ਸੀ ਉਹ ਪੁਲਾਂਘ ਸੀ ਮੇਰੀ ਹਜ਼ਾਰਾਂ ਸਾਲਾਂ ਦੀ, ਸੈਕੜੇ ਪੀੜ੍ਹੀਆਂ ਜਿੱਡੀ ਮਹਾਨ ਪੁਲਾਂਘ ਜਿਸਨੇ ਮੈਨੂੰ ਇਸ ਧਰਤੀ ਦਾ ਮਹਾਂ ਬਲੀ ਬਣਾ ਦਿੱਤਾ। ਜਿਸਤੋਂ ਸ਼ੇਰ ਵੀ ਕੰਨ ਭੰਨਣ ਲੱਗ ਪਿਆ।

**ਜਗਰਾਜ ਧੌਲਾ**

ਮਹਾਂ-ਦੰਤ (ਹਾਥੀ) ਵੇਖਕੇ ਮੂਤਣ ਲੱਗ ਜਾਂਦਾ ਸੀ। ਮਹਾਂ-ਬਲੀ ਮਾਨਵ। ਮਹਾਂ-ਬਲੀ ਮਾਨਵ ਦੀ ਹੀ ਪਹਿਲੀ ਪੁਲਾਂਘ ਦੀ ਆਪਾਂ ਕਹਾਣੀ ਪਾਉਣੀ ਹੈ।

ਦਰਖ਼ਤ ਉਪਰ ਬੈਠਕੇ ਖੁਰਾਕ ਪੂਰਤੀ ਨਹੀਂ ਸੀ ਹੋ ਸਕਦੀ। ਖੁਰਾਕ ਤਾਂ ਧਰਤੀ ਦੇ ਸੀਨੇ ਉਪਰ ਵਧੇਰੀ ਖਿਲਰੀ ਪਈ ਸੀ ਪਰ ਉਸਨੂੰ ਪਾਉਣ ਲਈ ਤਰੱਦਦ ਤਾਂ ਕਰਨਾ ਹੀ ਪੈਣਾ ਸੀ। ਸਾਨੂੰ ਮਨ੍ਹੇ ਦਰਖ਼ਤਾਂ ਤੋਂ ਨੀਚੇ ਉਤਰਨਾ ਹੀ ਪੈਣਾ ਸੀ। ਅਸੀਂ ਦਰਖ਼ਤਾਂ ਤੋਂ ਨੀਚੇ ਉਤਰ ਪੈਂਦੇ। ਚਾਰਾਂ ਪੈਰਾਂ ਨਾਲ ਏਧਰ - ਉਧਰ ਤੁਰਕੇ ਭੱਜਕੇ ਖੁਰਾਕ ਲੱਭਦੇ ਸਾਂ। ਇਕੋ ਹੀ ਕੰਮ ਸੀ ਖੁਰਾਕ ਦੀ ਭਾਲ, ਪੇਟ ਪੂਰਾ ਕਰਨਾ ਭੁੱਖ ਮਿਟਾਉਣਾ। ਸ਼ਿਕਾਰ ਲਈ ਤਰੱਦਦ ਕਰਨੇ ਸਮੇਂ ਕਈ ਵਾਰੀ ਸਾਡੇ ਪੁਰਖੇ ਆਪ ਵੀ ਸ਼ਿਕਾਰ ਬਣ ਜਾਂਦੇ ਸਨ। ਸ਼ਿਕਾਰ ਤਾਂ ਅਸੀਂ ਭੱਜਕੇ ਕਰਦੇ ਸਾਂ ਪਰ ਕਈ ਵਾਰੀ ਨੀਵੇਂ ਦਰਖ਼ਤਾਂ ਤੋਂ ਫਲ ਤੋੜਨ ਲਈ ਸਾਨੂੰ ਪਿਛਲੀਆਂ ਲੱਤਾਂ ਉਤੇ ਖੜ੍ਹਕੇ ਫਲ ਤੋੜਨਾ ਪੈਂਦਾ ਸੀ। ਬਹੁਤ ਔਖ ਹੁੰਦੀ ਸੀ ਪਰ ਹੌਲ਼ੀ ਹੌਲ਼ੀ ਸਾਨੂੰ ਇਹ ਸਹਿਜ ਲੱਗਣ ਲੱਗ ਪਿਆ। ਇਹ ਤਰੱਦਦ ਕਈ ਪੀੜ੍ਹੀਆਂ ਹੁੰਦਾ ਰਿਹਾ ਸਾਇਦ ਸੈਂਕੜੇ ਹਜ਼ਾਰਾਂ ਪੀੜ੍ਹੀਆਂ ਪਿਛਲੀਆਂ ਲੱਤਾਂ ਉਪਰ ਖੜ੍ਹਨਾ ਹਰ ਪੀੜ੍ਹੀ ਲਈ ਸਹਿਜ ਹੁੰਦਾ ਗਿਆ। ਹੁਣ ਕਈ ਵਾਰੀ ਮਾਦਾਵਾਂ ਕਈ ਨਰਾਂ ਅੰਦਰ ਲੜਾਈ ਵੀ ਸ਼ੁਰੂ ਹੋਣ ਵੇਲੇ ਸਾਡੇ ਪੁਰਖੇ ਪਿਛਲੀਆਂ ਲੱਤਾਂ ਉਪਰ ਖੜਕੇ ਲੜਾਈ ਅਗਲੇ ਪੰਜਿਆ ਨਾਲ ਕਰਨ ਲੱਗ ਪਏ। ਇਸ ਸਮੇਂ ਕੁੱਤੇ ਵਾਗੂੰ ਉਹ ਚਿਤੜਾਂ ਭਾਰ ਵੀ ਬੈਠਨ ਲਗ ਪਏ। ਇਸ ਨਾਲ ਉਸਦੇ ਸਰੀਰ ਦਾ ਭਾਰ ਉਹਨਾਂ ਦੇ ਚਿੱਤੜ ਝੱਲਣ ਪਏ। ਹਜ਼ਾਰਾਂ ਸਾਲਾਂ ਵਿੱਚ ਉਹ ਸੈਂਕੜੇ ਹਜ਼ਾਰਾਂ ਪੀੜ੍ਹੀਆਂ ਵਿੱਚ ਅਖੀਰ ਆਪਣੇ ਪਿਛਲੇ ਪੈਰਾਂ ਉਪਰ ਖੜ੍ਹੇ ਹੋਣ ਲੱਗ ਪਏ। ਉਹ ਕਾਫ਼ੀ ਦੇਰ ਤੱਕ ਖੜ੍ਹੇ ਰਹਿੰਦੇ। ਬੱਕਰੀ ਵਾਗੂੰ ਪੌਢੇ ਲਾ ਕੇ ਫਲ ਤੋੜਨਾ ਵੀ ਉਹਨਾਂ ਸਿਖ ਲਿਆ। ਹੁਣ ਉਹ ਆਪਣੀਆਂ ਮਾਦਾਵਾਂ ਪੁਤਰਾਂ ਧੀਆਂ ਨਾਲ ਵੀ ਇੱਕ-ਦੂਜੇ ਨੂੰ ਪੋਢੇ ਲਾ ਕੇ ਲਾਡ-ਮਲ੍ਹਾਰ ਵੀ ਕਰਨ ਲੱਗ ਪਏ। ਇਸ ਤਰ੍ਹਾਂ ਉਹ ਪਿਆਰ ਵੀ ਕਰਦੇ ਅਤੇ ਖੜਨ ਲਈ ਇੱਕ ਦੂਜੇ ਦਾ ਸਹਾਰਾ ਵੀ ਬਣੇ ਰਹਿੰਦੇ। ਇਹ ਪੋਢੇ, ਲਾਡ-ਮਲ੍ਹਾਰ ਹਜ਼ਾਰਾਂ ਸਾਲਾਂ ਅਤੇ ਹਜ਼ਾਰਾਂ ਪੀੜ੍ਹੀਆਂ ਜਿੰਨੀ ਹੋ ਕੇ ਉਹਨਾਂ ਦੇ ਪਹਿਲੇ ਕਦਮ ਭਰਨ ਲਈ ਸਹਾਈ ਹੋਈ ਹੈ। ਸਾਡੇ ਪੁਰਖੇ ਹੋਮੋ-ਹੈਬਿਲਿਸ਼ ਆਪਣੀਆਂ ਮਾਦਾਵਾਂ ਨੂੰ ਇਸ ਤਰ੍ਹਾਂ ਕਰਨ ਨਾਲ ਰਿਝਾਉਂਦੇ ਵੀ ਤੇ ਚੋਣ ਵੇਲੇ ਲੜਦੇ ਵੀ ਪਿਛਲੇ ਪੰਜਿਆ ਉਤੇ ਖੜਕੇ। ਜਿਸ ਨਾਲ ਉਹਨਾਂ ਦਾ ਲੱਕ ਸਿੱਧਾ ਹੋਣ ਲੱਗ ਪਿਆ। ਕਈਆਂ ਪੀੜ੍ਹੀਆਂ ਇਸ ਤਰ੍ਹਾਂ ਕਰਕੇ ਲੱਕ ਸਿੱਧਾ ਕਰਨ ਦੀ ਪ੍ਰਕ੍ਰਿਆ ਨੂੰ ਦੁਹਰਾਉਂਦੀਆਂ ਰਹੀਆਂ। ਹਰ ਪੀੜ੍ਹੀ ਪਹਿਲੀ ਪੀੜ੍ਹੀ ਦੇ ਤਜ਼ਰਬਿਆਂ ਨੂੰ ਵਿਰਾਸ਼ਤ ਬਣਾਕੇ ਵਿਕਾਸ ਕਰਦੀ ਗਈ। ਇਸੇ ਅਮਲ ਨਾਲ ਉਹਨਾਂ ਦਾ ਲੱਕ ਸਿੱਧਾ ਹੋਣ ਲੱਗ ਪਿਆ। ਹਰ ਪਹਿਲੀ ਪੀੜ੍ਹੀ ਨਾਲੋਂ ਦੂਜੀ ਪੀੜ੍ਹੀ ਦਾ ਲੱਕ ਵਧੇਰੇ ਸਿੱਧਾ ਹੋਣ ਲੱਗ ਪਿਆ। ਇਸ ਅਮਲ ਨੂੰ ਹਜ਼ਾਰਾਂ ਸਾਲ ਲੱਗੇ। ਜਦੋਂ ਲੱਕ ਸਿੱਧਾ ਹੋਇਆ ਤਾਂ ਪੁਰਖਿਆਂ ਨੇ ਪਹਿਲਾਂ ਕਦਮ ਪੁਟਣਾ ਸ਼ੁਰੂ ਕਰ ਦਿੱਤਾ। ਇਸੇ ਪਹਿਲੇ ਕਦਮ ਨੇ ਉਸਨੂੰ ਮਹਾਂਬਲੀ ਬਨਣ ਦੀ ਪ੍ਰਕ੍ਰਿਆ ਦਾ ਮੁੱਢ ਬੰਨ੍ਹ ਦਿੱਤਾ। ਇਸ ਸਮੇਂ ਸਾਡਾ ਹੋਮੋ-ਹੈਬੀਲਿਸ਼ ਇਸ ਤਰ੍ਹਾਂ ਤੁਰਦਾ ਸੀ ਜਿਵੇਂ ਉਸਦੀਆਂ ਲੱਤਾਂ ਵਿੰਗੀਆਂ ਹੋਣ ਤੇ ਪੈਰ ਟੇਢੇ ਜਾਂ ਚੱਪਟੇ। ਉਸਦਾ ਪੈਰ ਪੂਰੀ ਤਰ੍ਹਾਂ ਧਰਤੀ ਉਪਰ ਨਹੀਂ ਸੀ ਲੱਗਦਾ। ਉਸਦਾ ਪੱਬ ਧਰਤੀ ਦੀ ਗਰੂਤਾ ਖਿਚ ਨੂੰ ਪੂਰੀ ਤਰ੍ਹਾਂ ਪਿਛੇ ਵੱਲ ਨਹੀਂ ਸੀ ਧਕਦਾ। ਨਾਂ ਹੀ ਪੁਲਾਘ ਭਰੀ ਜਾਂਦੀ ਸੀ। ਉਹ ਪੂਰੀ ਤਰ੍ਹਾਂ ਲੜਖੜਾਕੇ ਤੁਰਦਾ ਸੀ। ਬੇਢੱਬਾ ਅਤੇ ਬੇ-ਢੰਗਾਂ ਪਰ ਹਜ਼ਾਰਾਂ ਸਾਲਾਂ ਤੋਂ ਪਿਛੋਂ ਇਕ ਦਿਨ ਉਹ ਸਮਾਂ ਵੀ ਆ ਗਿਆ ਕਿ ਉਸ ਦਾ ਲੱਕ ਪੂਰਨ ਸਿੱਧਾ ਹੋ ਗਿਆ ਪਰ ਤੋਰ ਅਜੇ ਵੀ ਲੜਖੜਾਵੀਂ ਸੀ।

ਇਕ ਹੋਰ ਪ੍ਰਕ੍ਰਿਆ ਨੇ ਵੀ ਤੋਰ

ਅੰਦਰ ਤੁਰਨ ਦੀ ਮਦਦ ਕੀਤੀ। ਉਹ ਸੀ ਸਾਡੀ ਦਰਖ਼ਤ ਉਪਰ ਮਨ੍ਹੇ ਜਾਂ ਰਿਹਾਇਸ਼। ਦਰਖ਼ਤ ਉਪਰ ਚੜ੍ਹਨ ਲਈ ਉਹਨਾਂ ਨੂੰ ਖਿਚ ਅਤੇ ਧੱਕੇ ਨਿਯਮ ਵਰਤਣੇ ਪੈਂਦੇ ਸਨ। ਚੜ੍ਹਾਈ ਵੇਲੇ ਉਹ ਮੂਹਰਲੇ ਪੰਜਿਆਂ ਨਾਲ ਸਰੀਰ ਨੂੰ ਉਪਰ ਵੱਲ ਖਿੱਚਦੇ ਸਨ ਤੇ ਮਗਰਲੇ ਪੰਜ਼ਿਆਂ ਨਾਲ ਧਕਦੇ ਸਨ। ਇਹੀ ਨਿਯਮ ਉਸਨੂੰ ਤੋਰ ਅੰਦਰ ਵੀ ਵਰਤਨੇ ਪਏ। ਹੁਣ ਵੀ ਅਸੀਂ ਤੁਸੀਂ ਪੱਬ ਨਾਲ ਧਰਤੀ ਨੂੰ ਪਿਛਾਂਹ ਧੱਕਕੇ ਅਗਲਾ ਕਦਮ ਵਧਾਉਂਦੇ ਹਾਂ। ਜਦੋਂ ਹੋਮੋ-ਹੈਬੀਲਿਸ਼ ਤੁਰਨਾ ਸਿਖਦਾ ਸੀ ਤਾਂ ਉਸਨੇ ਪੋਢੇ ਲਾ ਕੇ ਫਲ ਤੋੜਨੇ ਸ਼ੁਰੂ ਕਰ ਲਏ। ਇਹ ਉਹ ਆਪਣੇ ਪਹਿਲਾਂ ਮੂੰਹ ਨਾਲ ਫ਼ਿਰ ਮੂਹਰਲੇ ਪੰਜ਼ਿਆਂ ਨਾਲ ਕਰਦਾ ਸੀ। ਹੌਲੀ-ਹੌਲੀ ਉਸਨੇ ਦਰਖ਼ਤ ਨਾਲੋਂ ਟਾਹਣੀ ਤੋੜ ਕੇ ਸੋਟੀ ਬਣਾ ਲਈ ਤੇ ਉਹ ਕਰੜੇ ਛਿਲ ਵਾਲੇ ਫਲਾਂ ਨੂੰ ਪੱਥਰ ਮਾਰਕੇ ਤੋੜਨ ਵੀ ਸਿਖ ਗਿਆ। ਕਰੋੜਾਂ ਵਰਸਾਂ ਵਿੱਚ ਉਸਦਾ ਲੱਕ ਸਿੱਧਾ ਹੋ ਗਿਆ ਅਤੇ ਇਸਦੇ ਨਾਲ ਨਾਲ ਉਸਦਾ ਦਿਮਾਗ ਵੀ ਵਧਣ ਲੱਗ ਪਿਆ। ਲੱਕ ਸਿੱਧਾ ਹੋਣ ਨਾਲ ਉਸਦੇ ਮੂਹਰਲੇ ਪੰਜੇ ਵਿਹਲੇ ਹੋ ਗਏ ਜਾਂ ਭੂ-ਮੰਡਲ ਵਿਗਿਆਨੀਆਂ ਦੇ ਕਹਿਣ ਅਨੁਸਾਰ ਉਸਦੇ ਪੈਰਾਂ ਨੇ ਤੁਰਨ ਦਾ ਕੰਮ ਆਪਣੇ ਜਿੰਮੇ ਲੈ ਕੇ ਉਸ ਦੇ ਮੂਹਰਲੇ ਪੰਜਿਆ ਨੂੰ ਵਿਹਲੇ ਕਰ ਦਿੱਤਾ। ਜਿਸ ਕਾਰਨ ਉਹ ਇਹਨਾਂ ਤੋਂ ਵੱਧ ਤੋਂ ਵੱਧ ਕੰਮ ਲੈਣ ਲੱਗੇ। ਜਿਨ੍ਹਾਂ ਨੂੰ ਹੱਥ ਕਿਹਾ ਗਿਆ। ਤੁਰਨ ਲਈ ਪੈਰਾਂ ਨੂੰ ਮਜ਼ਬੂਰ ਹੋਣਾ ਪਿਆ। ਮਜ਼ਬੂਰੀ ਬਸ ਪੈਰਾਂ ਨੂੰ ਵਧ ਤੁਰਨਾ ਪੈਂਦਾ ਸੀ। ਜਿਵੇਂ ਜਿਵੇਂ ਹੱਥਾਂ ਅਤੇ ਪੈਰਾਂ ਦੇ ਕੰਮ ਵੱਖ ਹੋ ਗਏ, ਦੋਵੇਂ ਮਜ਼ਬੂਰੀ ਕਾਰਨ ਆਪਣੇ ਆਪਣੇ ਕੰਮ ਵਿੱਚ ਮਜਬੂਤ ਹੋ ਗਏ। ਕਾਰਨ ਪਰੀਵਰਤਨ ਜਿਸ ਅਨੁਸਾਰ ਉਹ ਦੋਵੇਂ ਢਲਦੇ ਗਏ ਹਰ ਪੀੜ੍ਹੀ ਦੀ ਅਗਲੀ ਪੀੜ੍ਹੀ ਵਧ ਢਲਾਉ ਹੁੰਦੀ ਸੀ। ਇਸਦਾ ਸਿੱਧਾ ਭਾਵ ਹੈ ਕਿ ਹੱਥਾਂ ਦੇ ਕੰਮ ਨੇ ਪੈਰਾਂ ਨੂੰ ਤੁਰਨਾ ਸਿਖਾਇਆ ਅਤੇ ਪੈਰਾਂ ਨੇ ਹੱਥਾਂ ਨੂੰ ਕੰਮ ਲਈ ਵਿਹਲੇ ਕਰ ਦਿੱਤਾ। ਹੱਥ ਪੈਰ ਇਕ-ਦੂਜੇ ਦੇ ਪੂਰਕ ਬਣੇ। ਇਸੇ ਤੁਰਨ ਵਾਸਤੇ ਚੌਪਾਏ ਤੋਂ ਦੋਪਾਏ ਹੋਣ ਦੀ ਤਬਦੀਲੀ ਨੇ ਮਨੁੱਖ ਅਤੇ ਬਾਂਦਰ ਵਿੱਚ ਨਿਖੇੜਾ ਪੈਦਾ ਕਰ ਦਿੱਤਾ ਅਜਿਹੇ ਦੋਪਾਏ ਬਾਂਦਰ ਹੀ ਹੋਮੋ-ਹੈਬੀਲਿਸ਼ ਅਖਵਾਉਂਦੇ ਹਨ। ਇਹੋ ਹੋਮੋ-ਹੈਬੀਲਿਸ਼ ਦੀ ਨਸਲ ਹੀ ਅੱਜ ਦਾ ਆਧੁਨਿਕ ਮਨੁੱਖ ਹੈ।

ਇਹ ਧਰਤੀ ਦਾ ਪਹਿਲਾਂ ਜੀਵ ਸੀ ਜੋ ਚੌਪਾਏ ਤੋਂ ਦੋਪਾਇਆ ਬਣਿਆ। ਜੋ ਪੈਰਾਂ ਉਪਰ ਚਲਦਾ ਸੀ ਤੇ ਹੱਥਾਂ ਨਾਲ ਕਿਰਤ ਕਰਦਾ ਸੀ। ਜਾਂ ਫਿਰ ਇਉਂ ਆਖ ਲਈਏ, “ਕੁਦਰਤ ਵਲੋਂ ਪੈਦਾ ਕੀਤੀ ਚੀਜ ਨੂੰ ਜੋ ਦੌਲਤ ਵਿੱਚ ਬਦਲਣ ਦੇ ਸਮਰੱਥ ਬਣਿਆਂ।”

“ਫੇਰ ਕਿਰਤ ਦੀ ਕਹਾਣੀ ਕਿਵੇਂ ਸ਼ੁਰੂ ਹੋਈ?”

ਇਹ ਤਾਂ ਹੁਣ ਪਰਤੱਖ ਨੂੰ ਪਰਮਾਣ ਵਾਲੀ ਗੱਲ ਹੋਈ। ਕਿਰਤ ਸ਼ੁਰੂ ਤਾਂ ਉਸ ਦਿਨ ਤੋਂ ਹੋਈ ਹੀ ਸਮਝੋ ਜਦੋਂ ਮਨੁੱਖ ਪੁਰਖਿਆਂ ਨੇ ਮਾਸਾਹਾਰੀ ਜੀਵਾਂ ਤੋਂ ਬਚਣ ਲਈ ਆਪਣੇ ਅਗਲੇ ਪੰਜਿਆ ਦੇ ਜੋਰ ਨਾਲ ਦਰਖਤਾਂ ਉਪਰ ਮਜ਼ਬੂਰੀ ਬਸ ਚੜ੍ਹਨਾ ਸ਼ੁਰੂ ਕਰ ਦਿੱਤਾ। ਖ਼ੁਰਾਕ ਦੀ ਭਾਲ ਕਰਨਾ ਸ਼ਿਕਾਰ ਕਰਨਾ, ਕੰਦ-ਮੂਲ ਭਾਲ ਕੇ ਸਾਂਭਣੇ ਕਿਰਤ ਦਾ ਮੁੱਢਲਾ ਸਰੂਪ ਹੀ ਹੈ। ਪਰ ਅਜੇ ਵੀ ਤੁਰਨ ਸਮੇਂ ਆਪਣੇ ਚਾਰੇ ਪੰਜਿਆਂ ਨੂੰ ਵਰਤਦਾ ਸੀ। ਜਦੋਂ ਪੂਰਨ ਰੂਪ ਵਿੱਚ ਮਜ਼ਬੂਰੀ ਬਣ ਦੋਪਾਇਆ ਹੋ ਕੇ ਮਗਰਲੇ ਪੰਜਿਆ ਉਪਰ ਤੁਰਨ ਦਾ ਜੋਖ਼ਮ ਉਠਾ ਲਿਆ ਅਤੇ ਮੂਹਰਲੇ ਪੰਜੇ ਆਜ਼ਾਦ ਹੋ ਕੇ ਹੱਥ ਬਣ ਗਏ। ਹੱਥਾਂ ਨੇ ਕੁਦਰਤੀ ਦਾਤਾਂ ਨੂੰ ਜਦੋਂ ਹੱਥ ਨਾਲ ਖੁਰਾਕ ਵਿੱਚ ਬਦਲਣਾ ਸ਼ੁਰੂ ਕਰ ਦਿੱਤਾ ਉਹ ਹੀ ‘ਪਹਿਲੀ ਕਿਰਤ’ ਹੈ। ਉਸਦੀਆਂ ਨਹੁੰਦਰਾਂ ਉਂਗਲਾਂ ਦੇ ਰੂਪ ਵਿੱਚ ਵਟ ਗਈਆਂ ਅਤੇ ਹੱਥਾਂ ਅਤੇ ਉਂਗਲਾਂ ਦੀਆਂ ਹਰਕਤਾਂ ਨੂੰ ਕੰਮ ਦਾ ਨਾਮ ਦਿੱਤਾ। ਇਹ ਕ੍ਰਿਆਵਾਂ ਧਰਤੀ ਉੱਪਰ ਵਾਪਰੀਆਂ ਪਹਿਲੀਆਂ-ਕਿਰਤਾਂ ਹਨ। ਇਹਨਾਂ ਹੀ ਕ੍ਰਿਆਵਾਂ ਨੇ ਮਨੁੱਖ ਨੂੰ ਮਹਾਂ-ਬਲੀ ਬਨਣ ਦਾ ਸੰਕੇਤ ਪ੍ਰਦਾਨ ਕਰ ਦਿੱਤਾ ਸੀ।

ਗਣਾਂ ਵਿੱਚ ਰਹਿਣ ਵੇਲੇ ਸਾਡੇ ਪੂਰਵਜ਼ਾਂ ਗਿਰੋਹਾਂ ਵਿੱਚ ਰਹਿਣ ਦੀ ਆਦਤ (ਮਜ਼ਬੂਰੀ ਬਚਾ) ਬਣ ਗਈ ਸੀ। ਹੁਣ ਇਹ ਮਜ਼ਬੂਰੀ ਨੇ ਇਸ ਆਦਤ ਨੂੰ ਹੋਰ ਲੰਮੇਰੀ ਕਰ ਦਿੱਤਾ ਤੇ ਪਕੇਰੀ ਵੀ ਕਰ ਦਿੱਤਾ। ਉਹ ਹੱਥ ਵਿੱਚ ਸੋਟੀ ਫੜਨ ਲੱਗ ਪਏ, ਪੱਥਰ ਚੁੱਕਣ ਲੱਗ ਪਏ, ਸੋਟੀ ਨੂੰ ਧਲੀਰ ਕੇ ਮਾਰਨਾ ਵੀ ਉਨ੍ਹਾਂ ਨੂੰ ਆ ਗਿਆ ਸੀ, ਪੱਥਰ ਮਾਰਨਾ ਵੀ (ਨਿਸ਼ਾਨਾ ਲਾਉਣਾ) ਆ ਗਿਆ ਸੀ। ਪਰ ਕੋਈ ਜੰਗਲੀ ਜੀਵਾਂ ਤੋਂ ਅਜੇ ਕੱਲਾ ਕੱਲਾ ਕਮਜ਼ੋਰ ਸੀ ਜੋ ਸ਼ਿਕਾਰ ਬਣ ਸਕਦਾ ਸੀ। ਇਸੇ ਉਸਦੀ ਮਜ਼ਬੂਰੀ ਵਿਚੋਂ ਝੁੰਡਾਂ ਵਿੱਚ ਰਹਿਣਾ ਸਿੱਖਿਆ। ਜਦੋਂ ਕੋਈ ਜੰਗਲੀ ਖ਼ੂੰਖਾਰ ਕਿਸੇ ਇਕ ਉਪਰ ਹਮਲਾ ਕਰਦਾ ਸੀ ਤਾਂ ਸਾਰਾ ਗਿਰੋਹ ਜਾਂ ਗਣ ਰਲ ਕੇ ਸੁਰੱਖਿਆ ਕਰਦਾ ਤੇ ਰਲਕੇ ਹਮਲਾ ਕਰਕੇ ਖ਼ੂੰਖਾਰ ਤੋਂ ਖ਼ੂੰਖਾਰ ਜੀਵ ਦਾ ਸ਼ਿਕਾਰ ਕਰ ਲੈਂਦਾ ਸੀ। ਇਥੇ ਇਹ ਭਾਵਨਾਂ ਪਿਛੋਂ ਬਣਦੀ ਹੈ ਮਜ਼ਬੂਰੀ ਪਹਿਲਾਂ। ਇਹਨਾਂ ਗਿਰੋਹਾਂ ਨੂੰ ਤੁਹਾਡੇ ਵਿਗਿਆਨੀਆਂ ਨੂੰ ਝੁੰਡ ਦਾ ਨਾਮ ਦਿੱਤਾ ਹੈ। ਜਿਥੋ ਕਬੀਲਿਆਂ ਦਾ ਮੁੱਢ ਬੱਝਦਾ ਹੈ।

ਇਸ ਤਰ੍ਹਾਂ ਹੁਣ ਉਹ ਜੰਗਲੀ ਕਾਨੂੰਨ ਜੋ ਕੁਦਰਤੀ ਹੁੰਦਾ ਹੈ ਤੁਹਾਡੇ ਵਿਗਿਆਨੀ ਐਮ. ਇਲੀਨ ਅਤੇ ਵਾਈ ਸੇਗਾਲ ਆਪਣੀ ਪੁਸਤਕ ਮਨੁੱਖ ਮਹਾਂ ਬਲੀ ਕਿਵੇਂ ਬਣਿਆ ਵਿੱਚ ਇਕ “ਅਦਿੱਖ ਪਿੰਜਰਾ” ਆਖਦੇ ਹਨ ਨੂੰ ਇਸ ਸਮੇਂ ਮਨੁੱਖ ਨੇ ਟੋਟੇ-ਟੋਟੇ ਕਰਕੇ ਪੂਰਨ ਆਜ਼ਾਦੀ ਪਰਾਪਤ ਕਰ ਲਈ। ਹੁਣ ਉਹ ਖੁਰਾਕ ਲਈ ਕੁਦਰਤ ਤੇ ਨਿਰਭਰ ਨਾ ਹੋ ਕੇ ਆਪ ਸ਼ਿਕਾਰੀ ਬਣ ਗਿਆ। ਉਸਨੇ ਵਾਤਾਵਰਨ ਵਿੱਚ ਢਲਣਾ ਸਿੱਖ ਲਿਆ। ਹੁਣ ਉਹ ਹਰ ਤਰ੍ਹਾਂ ਦੇ ਵਾਤਾਵਰਨ ਵਿੱਚ ਰਹਿਣਾ ਸਿੱਖ ਗਿਆ। ਉਹ ਸਮੁੰਦਰਾਂ, ਦਰਿਆਵਾਂ, ਪਹਾੜਾਂ, ਮੈਦਾਨਾਂ, ਰੇਤੀਲੇ ਟਿਬਿਆਂ ਏਥੇ ਤੱਕ ਦਲਦਲਾਂ ਦੇ ਕਿਨਾਰਿਆਂ ਭਾਵ ਧਰਤੀ ਦੇ ਹਰ ਜ਼ਰੇ-ਜ਼ਰੇ ਉਤੇ ਫੈਲ ਗਿਆ। ਟੋਲਿਆਂ ਦੀ ਸ਼ਕਲ ਅੰਦਰ ਆਜ਼ਾਦੀ ਮਾਣਦਾ ਮਹਾਂ-ਬਲੀ ਬਨਣ ਲਈ ਤਾਂਘ ਪਾਲ ਰਿਹਾ ਸੀ।

ਇਸੇ ਲੱਖਾਂ ਕਰੋੜਾਂ ਸਾਲਾਂ ਅਤੇ ਲੱਖਾਂ ਪੀੜ੍ਹੀਆਂ ਦੇ ਮਹਾਨ ਪਹਿਲੇ ਕਦਮ ਨੇ ਉਸਨੂੰ ਧਰਤੀ ਉਪਰ ਮਹਾਂ ਬਲੀ ਬਣਾ ਦਿੱਤਾ। ਅੱਛਾ ਮਿਤਰੋ! ਤੁਸੀਂ ਮੇਰੀ ਤੋਰ ਦੀ ਕਹਾਣੀ ਸੁਣ ਲਈ ਹੈ ਦਿਲਚਸਪ ਹੈ ਨਾਂ? ਧੰਨਵਾਦ!

## ਹੱਕ

ਅੱਜ ਮੇਰੀ ਰੂਹ
ਚੀਖ ਕੇ
ਆਪਣਾ ਹੱਕ ਮੰਗਦੀ ਹੈ।

ਮੇਰੀ ਰੂਹ
ਕਦੇ ਧਰਮ ਦੇ ਨਾ ਤੇ
ਸੂਲੀ ਚਾੜ੍ਹੀ ਗਈ
ਕਦੇ ਵਿਕਾਸ ਕਦੇ ਫਰਜ ਦੇ ਨਾ ਤੇ
ਕੁਚਲੀ ਗਈ ਲਤਾੜੀ ਗਈ।

ਮੇਰੀ ਸੋਚ ਨੂੰ
ਕਦੇ ਬਾਗੀ ਕਹਿ ਕੇ
ਕਦੇ ਸਮਾਜ ਲਈ ਖਤਰਾ ਕਹਿ ਕੇ
ਸੰਗਲ ਪਾਏ ਗਏ
ਕੈਦ ਕੀਤਾ ਗਿਆ।

ਅੱਜ ਮੇਰੀ ਆਤਮਾ
ਲਹੂ ਲੁਹਾਨ ਹੈ
ਉਹ ਆਪਣਾ ਅਕਸ ਪਛਾਨਣਾ ਲੋਚਦੀ ਹੈ।

ਅੱਜ ਮੇਰੀ ਰੂਹ ਮੁੜ ਆਜਾਦ ਹੈ
ਉਹ ਤਿਆਰ ਹੈ
ਆਪਣੇ ਹੱਕਾਂ ਵਾਸਤੇ ਲੜਨ ਲਈ ਮਰਨ ਲਈ
ਉਹ ਤਿਆਰ ਹੈ
ਸੰਘਰਸ਼ ਕਰਨ ਲਈ
ਆਪਣਾ ਗੁਆਚਾ ਅਕਸ ਮੁੜ ਹਾਸਲ ਕਰਨ ਲਈ।

ਮੈਨੂੰ ਸੁੰਹ ਹੈ
ਉਨ੍ਹਾਂ ਹੱਕਾਂ ਕਦਰਾਂ ਕੀਮਤਾਂ ਦੀ
ਉਨ੍ਹਾਂ ਪਵਿੱਤਰ ਸਿਧਾਤਾਂ ਦੀ
ਆਜ਼ਾਦੀ ਦੇ ਮਾਣੇ ਉਨ੍ਹਾਂ ਪਲਾਂ ਦੀ
ਮੈ ਅੱਜ ਇਸ ਪਲ ਤੋ ਆਜ਼ਾਦ ਹਾਂ
ਆਪਣੇ ਹੱਕਾਂ ਲਈ ਆਪਣੀ ਆਜਾਦੀ ਲਈ
ਜੀਣ ਲਈ ਮਰਨ ਲਈ
ਜਿੰਦਗੀ ਵਿੱਚ ਹਰ ਪਲ ਅਗਾਂਹ ਵਧਣ ਲਈ।

ਸ਼ਿਵ ਮੋਹਨ, ਪਟਿਆਲਾ

### ਮੋਦੀ ਸਰਕਾਰ ਦੀ ਨਵੀਂ ਖੋਜ:

# ਰੂੜੀਵਾਦੀ ਕਲਪਨਾ ਦੀ ਸੜ੍ਹਾਂਦ ਮਾਰਦੀ ਸਿਆਹੀ ਨਾਲ ਇਤਿਹਾਸ ਤੇ ਭਵਿੱਖ ਲਿਖਣ ਦੀ ਕੋਸ਼ਿਸ਼

ਪਿਛਲੇ ਦਿਨੀਂ ਭਾਰਤੀ ਵਿਗਿਆਨ ਕਾਂਗਰਸ ਹੋਈ, ਜਿਹੜੀ ਇਤਿਹਾਸਕ ਹੋ ਨਿੱਬੜੀ। ਇਤਿਹਾਸਕ ਇਸ ਕਰਕੇ ਨਹੀਂ ਕਿ ਇਸ ਕਾਂਗਰਸ ਵਿੱਚ ਵਿਗਿਆਨੀਆਂ ਨੇ ਕੋਈ ਖੋਜ ਦੇ ਖੇਤਰ ਵਿੱਚ ਨਵੀਆਂ ਪੁਲਾਂਘਾਂ ਪੁੱਟੀਆਂ। ਬਲਕਿ ਇਸ ਕਰਕੇ ਕਿ ਰੂੜੀਵਾਦੀ ਕਲਪਨਾ ਦੀ ਸੜਾਂਦ ਮਾਰਦੀ ਸਿਆਹੀ ਨਾਲ ਭਵਿੱਖ ਲਿਖਣ ਦੀ ਕੋਸ਼ਿਸ਼ ਕੀਤੀ ਗਈ। ਇਸ ਕਾਂਗਰਸ ਵਿੱਚ ਕੈਪਟਨ ਆਨੰਦ ਬੋਦਾਸ ਨੇ ਪਰਚਾ ਪੇਸ਼ ਕੀਤਾ ਤੇ ਕਿਹਾ ਕਿ ਉਸ ਕੋਲ ਸਬੂਤ ਹਨ ਕਿ ਜਿਹੜੇ ਜਹਾਜਾਂ ਦੀ ਖੋਜ ਅੱਜ ਤੋਂ 102 ਸਾਲ ਪਹਿਲਾਂ ਰਾਇਟਰ ਬ੍ਰਦਰਜ਼ ਨੇ ਕੀਤੀ, ਉਹ ਭਾਰਤ ਵਿੱਚ 7000 ਸਾਲ ਪਹਿਲਾਂ ਮੌਜੂਦ ਸੀ। ਇਹ ਜਹਾਜਾਂ ਦਾ ਜ਼ਿਕਰ ਰਿਗਵੇਦ ਵਿੱਚ ਦਰਜ ਹੈ। ਇਹ ਜਹਾਜ ਐਨੇ ਵਿਕਸਿਤ ਸਨ ਕਿ ਇੱਕ ਦੇਸ਼ ਤੋਂ ਦੂਸਰੇ ਦੇਸ਼ ਵਿੱਚ ਚਲੇ ਜਾਂਦੇ ਸਨ। ਇੱਕ ਗ੍ਰਹਿ ਤੋਂ ਦੂਸਰੇ ਗ੍ਰਹਿ ’ਤੇ ਚਲੇ ਜਾਂਦੇ ਸਨ। ਇਹਨਾਂ ਦਾ ਘੇਰਾ 6060 ਫੁੱਟ ਸੀ। ਪਰ ਕਈ ਵਾਰੀ ਵੱਡੇ ਜਹਾਜ ਦਾ ਵੇਰਵਾ ਦੇਖਣ ਨੂੰ ਮਿਲਦਾ ਹੈ ਜਿਸਦਾ ਘੇਰਾ 200200 ਫੁੱਟ ਤੱਕ ਚਲਾ ਜਾਂਦਾ ਸੀ। ਇਹਨਾਂ ਜਹਾਜਾਂ ਵਿੱਚ ਐਨੀ ਡੂੰਘੀ ਮੈਕਰੋ ਤਕਨੀਕ ਸੀ ਕਿ ਇੱਕ ਜਹਾਜ ਵਿੱਚ 40 ਛੋਟੇ ਇੰਜਨ ਸਨ। ਇਸ ਵਿੱਚ ਗਊ ਮੂਤਰ ਦੀ ਵਰਤੋਂ ਹੁੰਦੀ ਸੀ। ਪਾਇਲਟਾਂ ਦੇ ਕੱਪੜੇ ਪਾਣੀ ਦੇ ਹੇਠਲੇ ਪੌਦਿਆਂ ਤੋਂ ਬਣਦੇ ਸਨ। ਇਸੇ ਕਾਂਗਰਸ ਵਿੱਚ ਮੌਜੂਦ ਡਾ. ਹਰੀਸ਼ ਵਰਧਨ (ਸਾਇੰਸ ਤੇ ਟੈਕਨਾਲੋਜੀ ਦੇ ਜੱਥੇਬੰਦਕ ਮੰਤਰੀ) ਨੇ ਕਿਹਾ ਕਿ ਪਾਇਥਾਗੋਰਸ ਥਿਊਰਮ ਖੋਜ ਸਾਡੀ ਹੈ। ਅਸੀਂ ਗਰੀਕ ਨੂੰ ਇਹ ਉਧਾਰੀ ਦਿੱਤੀ। ਬੀਜ ਗਣਿਤ ਤੇ ਅਲਜਬਰਾ ਅਸੀਂ ਪਹਿਲਾਂ ਜਾਣਦੇ ਸੀ। ਇੱਕ ਹੋਰ ਮੰਤਰੀ ਪ੍ਰਕਾਸ਼ ਜਾਵੇਦਕਰ ਨੇ ਕਿਹਾ ਕਿ ਸਾਡੇ ਵਿਗਿਆਨੀਆਂ ਨੂੰ ਸੰਸਕ੍ਰਿਤ ਰਾਹੀਂ ਵੇਦਾਂ ਤੋਂ ਸੇਧ ਲੈਣੀ ਚਾਹੀਦੀ ਹੈ। ਆਨੰਦ ਬੋਦਾਸ ਨੇ ਇਸ ਕਾਂਗਰਸ ਵਿੱਚ ਅੱਗੇ ਕਿਹਾ ਕਿ ਭਾਰਤ ਵਿੱਚ ਵੇਦ ਕਾਲ ਸਮੇਂ 20 ਤਰ੍ਹਾਂ ਦੇ ਸੰਦ ਵਿਕਸਤ ਹੋ ਚੁੱਕੇ ਸਨ ਅਤੇ 101 ਤਰ੍ਹਾਂ ਦੀਆਂ ਸਰਜਰੀਆਂ ਹੁੰਦੀਆਂ ਸਨ। ਮੋਦੀ ਨੇ ਤਾਂ ਗੱਲ ਸਿਰੇ ਹੀ ਲਾ ਦਿੱਤੀ, ਉਹ ਭਾਰਤ ਦੇ ਪ੍ਰਸਿੱਧ ਹਸਪਤਾਲ ਏਮਜ ਦੀ ਕਾਨਫਰੰਸ ਵਿੱਚ ਬੋਲਦਾ ਹੋਇਆ ਕਹਿੰਦਾ ਹੈ ਕਿ ਭਾਰਤ ਕੋਲ ਸਭ ਤੋਂ ਪਹਿਲਾਂ ਪਲਾਸਟਿਕ ਸਰਜਰੀ ਮੌਜੂਦ ਸੀ। ਗਣੇਸ਼ ਇਸੇ ਪਲਾਸਟਿਕ ਸਰਜਰੀ ਦੀ ਉਪਜ ਹੈ। ਗੱਲ ਇੱਥੋਂ ਤੱਕ ਚਲੀ ਗਈ ਕਿ ਗੀਤਾ ਨੂੰ ਨੈਸ਼ਨਲ ਕਿਤਾਬ ਐਲਾਨਣ ਦੀ ਚਰਚਾ ਚੱਲ ਰਹੀ ਹੈ ਤੇ ਹਰਿਆਣਾ ’ਚ ਸਿਲੇਬਸ ਵਿੱਚ ਤਾਂ ਲਗਾ ਵੀ ਦਿੱਤੀ ਹੈ। ਸੰਸਕ੍ਰਿਤ ਨੂੰ ਲਾਜ਼ਮੀ ਭਾਸ਼ਾ ਬਣਾਉਣ ਦੀਆਂ ਕੋਸ਼ਿਸ਼ਾਂ ਚੱਲ ਰਹੀਆਂ ਹਨ।

ਭਾਰਤੀ ਵਿਗਿਆਨ ਕਾਂਗਰਸ ਵਿੱਚ ਤੇ ਬਾਹਰ ਜੋ ਚਰਚਾ ਚੱਲ ਰਹੀ ਹੈ, ਸਾਡਾ ਉਸ ਚਰਚਾ ਵਿੱਚ ਸ਼ਾਮਿਲ ਹੋਣਾ ਬਹੁਤ ਜਰੂਰੀ ਹੈ। ਕਿਉਂਕਿ ਇਹ ਸਵਾਲ ਇਕੱਲਾ ਵਿਗਿਆਨਕ ਕਾਂਗਰਸ ਤੱਕ ਸੀਮਿਤ ਨਹੀਂ ਹੈ, ਇਹ ਮਸਲਾ ਗੰਭੀਰ ਹੈ। ਇਹ ਭਾਰਤੀ ਲੋਕਾਂ ਦੇ ਦੇਸ਼ ਦੇ ਭਵਿੱਖ ਨਾਲ ਜੁੜਿਆ ਮਸਲਾ ਹੈ। ਅਸੀਂ ਪਹਿਲਾਂ ਉਹਨਾਂ ਵੱਲੋਂ ਦਿੱਤੇ ਤਰਕਾਂ ’ਤੇ ਇੱਕ-ਇੱਕ ਕਰਕੇ ਚਰਚਾ ਕਰਦੇ ਹਾਂ।

ਸਭ ਤੋਂ ਪਹਿਲਾਂ ਇਹ ਕਿ ਜਿਨ੍ਹਾਂ ਗ੍ਰੰਥਾਂ ਦੇ ਸਿਰ ’ਤੇ ਇਹ ਇਤਿਹਾਸਕ ਪ੍ਰਮਾਣ ਦੀ ਗੱਲ ਕਰਦੇ ਹਨ, ਉਹ ਇਤਿਹਾਸ ਹੈ ਹੀ ਨਹੀਂ। ਉਸ ਮਿਥਿਹਾਸ ’ਤੇ ਇਹ ਦਾਅਵੇ ਕਰਦੇ ਹਨ ਕਿਉਂਕਿ ਵੇਦਾਂ ਦੀ ਰਚਨਾ 1500 ਤੋਂ 1000 ਬੀ.ਸੀ. ਦਰਮਿਆਨ ਮੰਨੀ ਜਾਂਦੀ ਹੈ ਕਿਉਂਕਿ ਸੰਸਕ੍ਰਿਤ ਪਹਿਲਾਂ ਬੋਲੀ ਸੀ, ਲਿੱਪੀ ਦੇ ਰੂਪ ਵਿੱਚ ਨਹੀਂ ਆਈ ਸੀ। ਇਸਤੋਂ ਪਹਿਲਾਂ ਵੇਦਾਂ ਨੂੰ ਮੂੰਹ ਜਬਾਨੀ ਯਾਦ ਕਰਕੇ ਇੱਕ ਪੀੜ੍ਹੀ ਤੋਂ ਦੂਸਰੀ ਪੀੜ੍ਹੀ ਤੱਕ ਲਿਜਾਇਆ ਜਾਂਦਾ ਸੀ। ਇਸ ਕਰਕੇ ਇਸ ਵਿੱਚ ਤਬਦੀਲੀ ਦੀ ਗੁੰਜਾਇਸ਼ ਬਹੁਤ ਵੱਧ ਪਈ ਹੈ ਕਿਉਂਕਿ ਹਜ਼ਾਰਾਂ ਸਾਲਾਂ ਤੱਕ ਕੋਈ ਮੂੰਹ ਜਬਾਨੀ ਗੱਲ ਉਵੇਂ ਹੀ ਤੁਰੀ ਆਵੇ, ਇਹ ਹੋ ਹੀ ਨਹੀਂ ਸਕਦਾ। ਨਾਲੇ ਕੋਈ ਵੀ ਕਾਵਿਕ ਰਚਨਾ ਵਿੱਚ ਕਲਪਨਾ ਨਾ ਹੋਵੇ, ਇਹ ਹੋ ਹੀ ਨਹੀਂ ਸਕਦਾ। ਸਿਰਫ ਤੱਥਾਂ ’ਤੇ ਅਧਾਰਿਤ ਕਾਵਿਕ ਰਚਨਾ ਰਚੀ ਹੀ ਨਹੀਂ ਜਾਂਦੀ। ਇਸ ਕਰਕੇ ਕਲਪਨਾ ਨੂੰ ਪੂਰਨ ਮੰਨਿਆ ਨਹੀਂ ਜਾ ਸਕਦਾ। ਮੰਨ ਲਓ ਇੱਕ ਕਵੀ ਆਪਣੀ ਰਚਨਾ ਵਿੱਚ ਮਸ਼ੂਕ ਨੂੰ ਕਹਿੰਦਾ ਹੈ ਕਿ ਮੈਂ ਤਾਰੇ ਤੋੜ ਕੇ ਤੇਰੇ ਕਦਮਾਂ ਵਿੱਚ ਰੱਖ ਦਿਆਂਗਾ ਤਾਂ ਕੀ ਇਹ ਮੰਨਣਾ ਵਾਜਿਬ ਹੋਵੇਗਾ ਕਿ ਕੋਈ ਆਸ਼ਿਕ ਆਪਣੀ ਪ੍ਰੇਮਿਕਾ ਦੇ ਕਦਮਾਂ ਵਿੱਚ 7000 ਸਾਲ ਪਹਿਲਾਂ ਜਾਂ ਅੱਜ ਤਾਰੇ ਤੋੜ ਕੇ ਲਿਆਉਂਦਾ ਹੋਵੇਗਾ। ਇਹ ਮੋਦੀ ਤਾਂ ਮੰਨ ਸਕਦਾ ਹੈ ਜਾਂ ਫਿਰ ਸੰਘ ਤਾਂ ਮੰਨ ਸਕਦਾ ਹੈ ਪ੍ਰੰਤੂ ਅੱਜ ਦੇ ਸੂਝਵਾਨ ਵਿਅਕਤੀ ਦੇ ਗਲੇ ਵਿੱਚ ਤਾਂ ਗੱਲ ਨਹੀਂ ਉੱਤਰਦੀ। ਜਿਸ 7000 ਸਾਲ ਪਹਿਲਾਂ ਜੋ ਬੋਦਾਸ ਜੀ ਜਹਾਜ ਉਡਾਉਂਦੇ ਹਨ ਤੇ ਜਿਸ ਵਿਚ ਸੰਘ ਤੇ ਮੋਦੀ ਦੇ ਸੁਪਨੇ ਬੈਠੇ ਹਨ, ਉਹਨਾਂ ਨੂੰ ਪੁੱਛਣ ਵਾਲਾ ਹੋਵੇ ਕਿ ਉਸ ਵੇਲੇ ਉਹ ਲੋਹਾ ਕਿੱਥੋਂ ਲੈ ਕੇ ਆਏ ? ਕਿਉਂਕਿ ਭਾਰਤ ਅੰਦਰ 7000 ਸਾਲ ਪਹਿਲਾਂ ਪੱਥਰ ਯੁੱਗ ਸੀ। 5000 ਸਾਲ ਦੇ ਸ਼ੁਰੂਆਤੀ ਦੌਰ ਜਾਂ ਥੋੜਾ ਪਹਿਲਾਂ (ਮਤਲਬ ਛੇਕੜਲੀ ਚੌਥੀ ਦਹਿ ਸ਼ਤਾਬਦੀ ਜਾਂ ਸ਼ੁਰੂਆਤੀ ਤੀਸਰੀ ਦਹਿ ਸ਼ਤਾਬਦੀ) ਕਾਂਸੀ ਤੇ ਤਾਂਬੇ ਦੇ ਦੌਰ ਦੀ ਸ਼ੁਰੂਆਤ ਹੁੰਦੀ ਹੈ। 200200 ਫੁੱਟ ਦਾ ਜਹਾਜ ਉਦੋਂ ਪੱਥਰ ਦਾ ਤਾਂ ਬਣ ਸਕਦਾ ਸੀ ਤੇ ਉਸਦੇ ਵਿੱਚ ਤੇਲ ਕਿੱਥੋ ਪੈਂਦਾ ਸੀ ਤੇ ਮੋਦੀ ਦੇ ਪੂਰਵਜ ਉਸਨੂੰ ਚਲਾਉਂਦੇ ਕਿਵੇਂ ਸਨ, ਇਹ ਬੋਦਾਸ ਹੀ ਦੱਸ ਸਕਦੈ ? ਨਾਲੇ ਜਦੋਂ ਕਾਂਸੀ ਤੇ ਤਾਂਬੇ ਦੀ ਵਰਤੋਂ ਹੋਣੀ ਸ਼ੁਰੂ ਹੋਈ ਤਾਂ ਉਹ ਸਭ ਤੋਂ ਪਹਿਲਾਂ ਇੱਥੇ ਹੜੱਪਾ ਸੱਭਿਅਤਾ ਨੇ ਵਰਤੋਂ ਕੀਤੀ, ਨਾ ਕਿ ਆਰੀਅਨਾਂ ਨੇ। ਇਹ ਉਦੋਂ ਚਰਵਾਹੇ ਸਨ ਤੇ ਗਊਆਂ ਚਾਰ ਕੇ ਆਪਣਾ ਜੀਵਨ ਬਤੀਤ ਕਰਦੇ ਸਨ। ਹੜੱਪਾ ਸੱਭਿਅਤਾ ਦੇ ਵਿਕਾਸ ਦਾ ਆਰੀਅਨਾਂ ਨਾਲੋਂ ਕਈ ਗੁਣਾ ਫ਼ਰਕ ਸੀ। ਜੇਕਰ ਬੋਦਾਸ ਜਾਂ



ਸੰਘੀ ਜਾਂ ਹੋਰ ਭਗਤਾਂ ਮੁਤਾਬਿਕ ਵੇਦਾਂ 'ਤੇ ਵੀ ਨਜ਼ਰ ਮਾਰਦੇ ਹਾਂ ਤਾਂ ਵੇਦਾਂ ਵਿੱਚ ਸ਼ਹਿਰਾਂ ਦਾ ਖਾਸ ਕਰ ਕਿਲ੍ਹਾਬੰਦ ਸ਼ਹਿਰਾਂ ਦਾ ਜ਼ਿਕਰ ਤੱਕ ਨਹੀਂ ਆਉਂਦਾ। ਪਕਾਈ ਮਿੱਟੀ ਦਾ ਕੋਈ ਜਿਕਰ ਨਹੀਂ, ਵੇਦਾਂ ਵਿੱਚ ਮੋਹਰਾਂ ਤੇ ਲਿੱਪੀ ਬਾਰੇ ਕੋਈ ਜਿਕਰ ਨਹੀਂ, ਜੱਥੇਬੰਦਕ ਕਿਰਤ ਦਾ ਕੋਈ ਹਵਾਲਾ ਨਹੀਂ, ਦਸਤਕਾਰੀ ਉਤਪਾਦਨ ਦੇ ਕੇਂਦਰ, ਵੱਟੇ, ਨਾਪ, ਪੈਕ ਕਰਨ ਦਾ ਕੋਈ ਜਿਕਰ ਨਹੀਂ। ਵਟਾਂਦਰਾ ਪ੍ਰਣਾਲੀ ਦਾ ਹਵਾਲਾ ਨਹੀਂ। (ਹਵਾਲਾ, ਪ੍ਰਾਚੀਨ ਭਾਰਤ, ਰੋਮਿਲਾ ਥਾਪਰ)। ਜੇਕਰ ਕਿਸੇ ਦੌਰ ਅੰਦਰ ਅਜੇ ਮਿੱਟੀ ਤੱਕ ਪੱਕਣ ਨਹੀਂ ਲੱਗੀ ਤਾਂ ਉਹ ਲੋਹਾ ਕਿਵੇਂ ਢਾਲਦੇ ਹੋਣਗੇ? ਜੇਕਰ ਉਹਨਾਂ ਨੂੰ ਮਾਪ-ਤੋਲ ਦਾ ਗਿਆਨ ਨਹੀਂ ਸੀ ਤਾਂ ਉਹ ਜਹਾਜ਼ ਲਈ ਅਪਣਾਈ ਜਾਣ ਵਾਲੀ ਤਕਨੀਕ ਦੀ ਕਿਵੇਂ ਸਮਝ ਰੱਖਦੇ ਹੋਣਗੇ। ਉਹ ਕਿਹੋ-ਜਿਹੇ ਇੰਜਨੀਅਰ ਹੋਣਗੇ ਕਿ ਨਾਪ-ਤੋਲ ਦਾ ਪਤਾ ਨਹੀਂ ਤੇ ਜਹਾਜ ਅਸਮਾਨੀ ਚੜ੍ਹਾ ਦਿੱਤੇ। ਜਦੋਂ ਅਜੇ ਕੋਈ ਸੱਭਿਅਤਾ ਐਨੇ ਨੀਵੇਂ ਦਰਜੇ 'ਤੇ ਹੈ ਤਾਂ ਜਹਾਜ ਦੀ ਕਲਪਨਾ ਕਰਨਾ ਬੇਵਕੂਫੀ ਹੈ। ਜਹਾਜ਼ ਤਾਂ ਅਸਮਾਨੇ ਨਹੀਂ ਚੜ੍ਹ ਸਕਦਾ ਪਰ ਰੂੜੀਵਾਦੀ ਸੋਚ ਦੀ ਬਦਬੂ ਜ਼ਰੂਰ ਅਸਮਾਨੇ ਚੜ੍ਹ ਸਕਦੀ ਹੈ।

ਦੂਸਰੀ ਗੱਲ, 7000 ਸਾਲ ਪਹਿਲਾਂ ਸਰਜਰੀ ਦੀ ਜਾਂ ਫਿਰ ਮੋਦੀ ਮੁਤਾਬਿਕ ਗਣੇਸ਼ ਦੇ ਸਮੇਂ ਸਰਜਰੀ ਦੀ। ਅਸੀਂ ਛੋਟੇ ਹੁੰਦੇ ਕਈ ਵਾਰੀ ਮਿੱਤਰਾਂ-ਦੋਸਤਾਂ ਨਾਲ ਗੱਲਾਂ ਕਰਦੇ ਸੀ ਤਾਂ ਉਸ ਸਮੇਂ ਜੇਕਰ ਕੋਈ ਆਮ ਝੂਠ ਬੋਲਦਾ ਹੁੰਦਾ ਤਾਂ ਉਸਨੂੰ ਝੂਠਾ ਕਹਿੰਦੇ ਸੀ, ਜੇਕਰ ਕੋਈ ਵੱਡਾ ਝੂਠ ਬੋਲਦਾ ਤਾਂ ਉਸਨੂੰ ਝੂਠੇ ਦਾ ਪਿਓ ਕਹਿੰਦੇ ਪਰ ਮੋਦੀ ਤਾਂ ਝੂਠੇ ਦੇ ਦਾਦਿਆਂ-ਪੜਦਾਦਿਆਂ ਤੋਂ ਵੀ ਅੱਗੇ ਨਿਕਲ ਗਏ। ਇਹਨਾਂ ਨੂੰ ਸਿਰਫ ਹਿੰਦੂਆਂ ਨੂੰ ਸਰਵੋਤਮ ਸਾਬਿਤ ਕਰਨ ਦਾ ਭੂਤ ਸਵਾਰ ਹੈ। ਇਹਨਾਂ ਨੇ ਸ਼ਾਇਦ ਹਿੰਦੂ ਗ੍ਰੰਥ ਵੀ ਨਾ ਪੜ੍ਹੇ ਹੋਣ। ਹਿੰਦੂ ਮਿਥਿਹਾਸ ਵਿੱਚ ਵੀ ਜੇਕਰ ਸਰਜਰੀ ਬਾਰੇ ਕੋਈ ਗੱਲ ਦਰਜ ਹੈ ਤਾਂ ਇਹ ਗ੍ਰੰਥ ਵੀ 1200-600 ਬੀ.ਸੀ. ਦਰਮਿਆਨ ਇਸਦੀ ਖੋਜ ਦੀ ਗੱਲ ਕਰਦੇ ਹਨ। ਗ੍ਰੰਥਾਂ ਵਿੱਚ ਇਸਨੂੰ 'ਸੁਛਰਤਾ' ਕਿਹਾ ਗਿਆ ਹੈ। ਕੋਈ ਛੋਟੀ-ਮੋਟੀ ਸਰਜਰੀ ਚਲੋ ਮੰਨੀ ਜਾ ਸਕਦੀ ਹੈ ਪਰ 20 ਸੰਦ ਤੇ 101 ਤਰਾਂ ਦੀ ਸਰਜਰੀ ਦੀ ਉਦਾਹਰਣ ਤਾਂ ਬਿਲਕੁਲ ਫਾਲਤੂ ਹੈ। ਕਿਉਂਕਿ ਸਰਜਰੀ ਦੇ ਸੰਦਾਂ ਲਈ ਵਿਕਸਤ ਤਕਨੀਕ ਦੀ ਜ਼ਰੂਰਤ ਹੈ, ਜਿਹੜੀ ਉਸ ਸਮੇਂ ਵਿਕਸਤ ਨਹੀਂ ਹੋਈ ਸੀ। ਅਸਲ ਵਿੱਚ ਦੁਨੀਆਂ ਵਿੱਚ ਸਰਜਰੀ ਸਹੀ ਤਰਾਂ ਵਿਕਸਤ ਉਦੋਂ ਹੋਣੀ ਸ਼ੁਰੂ ਹੋਈ ਜਦੋਂ ਜਮਹੂਰੀ ਇਨਕਲਾਬ ਦਾ ਦੌਰ ਸ਼ੁਰੂ ਹੋਇਆ ਮਤਲਬ ਉਦਯੋਗਿਕ ਇਨਕਲਾਬ ਹੋਏ। ਉਦਯੋਗਿਕ ਇਨਕਲਾਬ ਨਾਲ ਤਕਨੀਕ ਵਿਕਸਤ ਹੋਈ ਤੇ ਤਕਨੀਕ ਨੇ ਸਰਜਰੀ ਦੇ ਸੰਦ ਵਿਕਸਤ ਕੀਤੇ। ਉਦਯੋਗਿਕ ਇਨਕਲਾਬ ਨਾਲ ਹੀ ਸਰਜਰੀ ਦੇ ਖੇਤਰ ਵਿੱਚ ਇਨਕਲਾਬ ਹੋਇਆ। ਮੋਦੀ ਨੂੰ ਪੁੱਛਣ ਵਾਲਾ ਹੋਵੇ ਕਿ ਪੱਥਰ ਯੁੱਗ ਵਿੱਚ ਭਾਈ ਉਹ ਕਿਸ ਸੰਦ ਨਾਲ ਸਰਜਰੀ ਕਰਦੇ ਸੀ। ਸਰਜਰੀ ਦੇ ਖੇਤਰ ਵਿੱਚ ਤਾਂ ਅੱਜ ਵੀ ਆਯੁਰਵੇਦ ਦਾ ਬੁਰਾ ਹਾਲ ਹੈ, ਫਿਰ ਸ਼ਿਵਜੀ ਸਮੇਂ ਕਿਵੇਂ ਵਿਕਸਤ ਹੋ ਗਈ? ਕੀ ਮੋਦੀ ਜਾਂ ਸੰਘ ਦੀ ਸਮਝ ਵਿੱਚ ਸਮਾਂ ਪੁੱਠਾ ਗਿੜਦਾ ਹੈ? ਇਸਦਾ ਜਵਾਬ ਮੋਦੀ ਤੇ ਸੰਘ ਤੋਂ ਜ਼ਰੂਰ ਲੈਣਾ ਬਣਦਾ ਹੈ।

ਡਾ. ਹਰੀਸ਼ ਵਰਧਨ ਦਾ ਦਾਅਵਾ ਹੈ ਕਿ ਪਾਇਥਾਗੋਰਸ ਥਿਊਰਮ ਸਾਡੀ ਖੋਜ ਸੀ। ਅਲਜਬਰਾ ਤੇ ਬੀਜ ਗਣਿਤ ਅਸੀਂ ਵਿਕਸਤ ਕੀਤੇ। ਦੁਨੀਆਂ ਨੇ ਸਾਡੇ ਤੋਂ ਨਕਲ ਮਾਰੀ ਹੈ। ਸਭ ਤੋਂ ਪਹਿਲਾਂ ਤਾਂ ਇਹਨਾਂ ਨੂੰ ਸ਼ਰਮ ਆਉਣੀ ਚਾਹੀਦੀ ਹੈ ਕਿ ਜੋ ਚੰਗਾ ਉਹ ਸਾਡਾ, ਜੋ ਗਲਤ ਹੈ ਉਹ ਦੂਸਰੇ ਦਾ। ਭਾਰਤ ਅੰਦਰ ਹੋਈਆਂ ਖੋਜਾਂ ਜਿਵੇਂ ਸਿਫ਼ਰ ਦੀ ਰਚਨਾ, ਅਲਜਬਰੇ ਦੀ ਰਚਨਾ, ਪਾਈ ਦੀ ਰਚਨਾ, ਸੂਰਜ ਤੇ ਧਰਤੀ ਵਿਚਲੀ ਦੂਰੀ ਨੂੰ ਮਾਪਣ ਦੀ ਖੋਜ ਕੋਈ ਹਿੰਦੂ ਰਾਜੇ ਅਧੀਨ ਨਹੀਂ ਹੋਈਆਂ। ਇਹ ਸਾਰੀਆਂ ਗੁਪਤ ਕਾਲ ਦੀਆਂ ਖੋਜਾਂ ਹਨ। ਹਿੰਦੂ ਗ੍ਰੰਥਾਂ ਵਿੱਚ ਤਾਂ ਗੁਪਤਾਂ ਨੂੰ ਸ਼ੂਦਰ ਤੇ ਦੁਸ਼ਟ ਦੱਸਿਆ ਗਿਆ ਹੈ। ਫਿਰ ਜੇਕਰ ਸ਼ੂਦਰਾਂ ਜਾਂ ਦੁਸ਼ਟਾਂ ਨੇ ਖੋਜਾਂ ਵਿਕਸਤ ਕੀਤੀਆਂ ਤਾਂ ਇਹਨਾਂ ਨੂੰ ਆਪਣੀਆਂ ਲੱਗਣ ਲੱਗ ਪਈਆਂ। ਗੁਪਤ ਰਾਜੇ ਹਿੰਦੂ ਨਹੀਂ ਸਨ, ਉਹ ਤਾਂ ਆਪਣੇ ਅਖੀਰਲੇ ਦੌਰ ਵਿੱਚ ਪੱਕੇ ਜੈਨੀ ਬਣੇ। ਪਹਿਲੇ ਗੁਪਤ ਰਾਜੇ ਨੇ ਆਪਣਾ ਰਾਜ ਛੱਡ ਕੇ ਜੈਨ ਧਰਮ ਅਪਣਾ ਲਿਆ ਤੇ ਉਹ ਜੰਗਲਾਂ ਵਿੱਚ ਚਲਿਆ ਗਿਆ। ਬੁੱਧ ਧਰਮ, ਜੈਨ ਧਰਮ ਸਿੱਖ ਧਰਮ ਦੀ ਰਚਨਾ ਇਸੇ ਕਰਕੇ ਹੋਈ ਕਿ ਹਿੰਦੂ ਧਰਮ ਵਿਕਸਤ ਸਮਾਜ ਵਿੱਚ ਬਹੁਤ ਪਛੜ ਗਿਆ ਸੀ। ਇਹ ਆਪਣੇ ਦੇਸ਼ ਦੇ ਵਿਕਸਤ ਧਰਮ ਹਨ। ਆਰੀਆ ਭੱਟ ਪਾਟਲੀਪੁੱਤਰ ਵਿੱਚ ਜਨਮੇ ਸਨ, ਜਿਹਨਾਂ ਸਿਰ ਜਿਆਦਾ ਖੋਜਾਂ ਦਾ ਸਿਹਰਾ ਆਉਂਦਾ ਹੈ। ਜਿਸ ਪਾਇਥਾਗੋਰਸ ਥਿਊਰਮ ਦਾ ਇਹ ਦਾਅਵਾ ਕਰਦੇ ਹਨ ਕਿ ਇਹ ਵਿਦੇਸ਼ੀਆਂ ਨੇ ਸਾਡੇ ਤੋਂ ਉਧਾਰੀ ਲਈ ਹੈ, ਇਹ ਵੀ ਬਿਲਕੁਲ ਝੂਠ ਹੈ ਕਿਉਂਕਿ ਯੂਨਾਨ ਤੇ ਚੀਨ ਵਿੱਚ ਉਸੇ ਹੀ ਸਮੇਂ ਲਗਭਗ ਪਾਇਥਾਗੋਰਸ ਥਿਊਰਮ ਦੀ ਖੋਜ ਹੋਈ ਜਿਸ ਵੇਲੇ ਭਾਰਤ ਅੰਦਰ ਇਸਦੀ ਖੋਜ ਹੋਈ। ਪਾਠਕਾਂ ਲਈ ਅਸੀਂ ਦੱਸ ਦੇਈਏ ਕਿ ਇਸ ਥਿਊਰਮ ਦਾ ਮਤਲਬ ਹੈ ਕਿ 90 ਡਿਗਰੀ ਦੇ ਬਣੇ ਕੋਣ ਦੇ ਸਿਰਿਆਂ ਵਿਚਲੀ ਦੂਰੀ ਮਾਪਣੀ ਹੋਵੇ ਤਾਂ ਇਸ ਥਿਊਰਮ ਦੀ ਵਰਤੋਂ ਹੁੰਦੀ ਹੈ। ਮਤਲਬ ਇੱਕ ਸਿਰੇ ਦੀ ਲੰਬਾਈ ਤੇ ਦੂਸਰੇ ਦੀ ਤੇ ਤੀਸਰੀ ਮਾਪਣ ਵਾਲੀ ਲੰਬਾਈ ਤਾਂ ਫਾਰਮੂਲਾ ਬਣਦਾ ਹੈ 2+2=2 ਮਤਲਬ ਪਹਿਲੇ ਨੂੰ ਦੁੱਗਣਾ ਕਰੋ ਤੇ ਦੂਸਰੇ ਨੂੰ ਦੁੱਗਣਾ ਕਰੇ ਤੇ ਇਹਨਾਂ ਨੂੰ ਜੋੜੋ ਤੇ ਤੀਸਰੇ ਦੇ ਦੁੱਗਣੇ ਦੇ ਬਰਾਬਰ ਹੋ ਜਾਵੇਗਾ। ਇਹ ਕਦੇ ਨਹੀਂ ਸੀ ਕਿ ਭਾਰਤ ਵਿਕਸਤ ਸੀ ਤੇ ਦੁਨੀਆਂ ਅਵਿਕਸਤ ਸੀ। ਗੁਪਤ ਕਾਲ ਸਮੇਂ ਸਿਕੰਦਰ ਨੇ ਭਾਰਤ 'ਤੇ ਹਮਲਾ ਕੀਤਾ ਸੀ। ਉਹ ਹਮਲਾ ਇਸੇ ਕਰਕੇ ਹੋਇਆ ਕਿਉਂਕਿ ਉਸਤੋਂ ਪਹਿਲਾਂ ਯੂਨਾਨੀ ਭਾਰਤ ਵਿੱਚ ਆਪਣਾ ਸਮਾਨ ਵੇਚਣ ਆਉਂਦੇ ਸਨ, ਉਹ ਸਮਾਨ ਤਦ ਹੀ ਵੇਚਣ ਆਉਂਦੇ ਸਨ, ਜੇਕਰ ਉਹਨਾਂ ਕੋਲ ਮਾਲ ਵਾਧੂ ਸੀ। ਮਾਲ ਤਾਂ ਵਾਧੂ ਸੀ, ਜੇਕਰ ਉਹਨਾਂ ਕੋਲ ਸੰਦ ਵਿਕਸਤ ਹੋ ਚੁੱਕੇ ਸਨ ਤੇ ਉਹ ਸੱਭਿਅਤਾ ਤੇਜੀ ਨਾਲ ਵਿਕਾਸ ਕਰ ਰਹੀ ਸੀ। ਉਹਨਾਂ ਦੇ ਵਪਾਰੀਆਂ ਨੇ ਹੀ ਇੱਥੋਂ ਦੇ ਮੰਦਰਾਂ ਤੇ ਰਾਜਿਆਂ ਦੇ ਕਿਲ੍ਹਿਆਂ ਵਿੱਚ ਪਏ ਧਨ ਬਾਰੇ ਜਾਣਕਾਰੀ ਦਿੱਤੀ। ਦੁਨੀਆਂ ਦੇ ਹੋਰ ਦੇਸ਼ਾਂ ਦੀ ਖੋਜ ਯੂਰਪੀਨਾਂ ਨੇ ਕੀਤੀ। ਅਮਰੀਕਾ ਤੇ ਭਾਰਤ ਦੀ ਖੋਜ ਦਾ ਸਿਹਰਾ ਉਹਨਾਂ ਸਿਰ ਹੀ ਆਉਂਦਾ ਹੈ ਨਾ ਕਿ ਕਿਸੇ ਭਾਰਤੀ ਦੇ ਸਿਰ। ਹੋਰ ਖੇਤਰ ਖੋਜਣ ਦਾ ਮਤਲਬ ਆਪਣੇ ਮਾਲ ਦੀ ਖਪਤ ਲਈ ਨਵੇਂ ਖੇਤਰ ਲੱਭਣਾ ਸੀ। ਨਾ ਕਿ ਉਹਨਾਂ ਨੂੰ ਕੋਈ ਝੱਲ ਉੱਠਿਆ ਹੋਇਆ ਸੀ। ਉੱਥੇ ਪੈਦਾਵਾਰੀ ਰਿਸ਼ਤੇ ਬਦਲ ਗਏ ਸਨ, ਇਸੇ ਕਰਕੇ ਉੱਥੇ ਪੈਦਾਵਾਰੀ ਸਾਧਨ ਵਿਕਸਤ ਹੋ ਰਹੇ ਸਨ। ਭਾਰਤੀ ਸੱਤਾ ਤੇ ਬੈਠੇ ਮਹਾਂਗੱਪੀਆਂ ਨੂੰ ਪੁੱਛੇ ਕਿ ਜਦ ਭਾਰਤ ਅਜੇ ਵੀ ਅਰਧ-ਜਗੀਰੂ ਮੁਲਕ ਹੈ, ਦੁਨੀਆਂ ਵਿੱਚ ਪੂੰਜੀਵਾਦੀ ਤੋਂ ਅੱਗੇ ਸਮਾਜਵਾਦੀ ਤਜਰਬੇ ਹੋ ਰਹੇ ਹਨ ਤਾਂ ਤੁਹਾਡੇ ਵਿਕਾਸ ਦੀ ਰਫਤਾਰ ਕਿੰਨੀ ਕੁ ਸੀ ਤੇ ਹੈ, ਉਸਤੋਂ ਅੰਦਾਜਾ ਲਾਇਆ ਜਾ ਸਕਦਾ ਹੈ। ਭਾਰਤ ਪੈਦਾਵਾਰੀ ਰਿਸ਼ਤੇ ਉਦੋਂ ਐਨੇ ਪਛੜੇ ਹੋਏ ਸਨ ਜਾਂ ਕੁਝ ਤਾਂ ਅਜੇ ਵੀ ਮੁਢਲੇ ਸਮਾਜਵਾਦੀ ਦੌਰ ਵਿੱਚ ਹੀ ਹਨ। ਫਿਰ ਉਸ ਸਮੇਂ ਤਕਨੀਕ ਦੁਨੀਆਂ ਤੋਂ ਪਹਿਲਾਂ ਕਿਵੇਂ ਵਿਕਸਤ ਹੋ ਗਈ। ਇਹ ਕਿਸੇ ਦੇਵਤੇ ਦੀ ਕਰਤੂਤ ਤਾਂ ਹੋ ਸਕਦੀ ਹੈ ਪਰ ਯਥਾਰਥ ਤੋਂ ਕੋਹਾਂ ਦੂਰ ਹੈ।

ਇਸੇ ਵਿਗਿਆਨ ਕਾਂਗਰਸ ਵਿੱਚ ਯੂ.ਐੱਸ. ਤੋਂ ਆਏ ਵਿਗਿਆਨੀ ਨੇ ਕਿਹਾ ਕਿ ਜਾਣਕਾਰੀ ਦਾ ਵਿਸਥਾਰ ਰੋਕਿਆ ਨਹੀਂ ਜਾ ਸਕਦਾ। ਜਾਣਕਾਰੀ ਅਜਿਹੀ ਚੀਜ਼ ਹੈ ਜੋ ਫੈਲਦੀ ਜਾਂਦੀ ਹੈ। ਜੇਕਰ ਭਾਰਤੀਆਂ ਕੋਲ ਪੁਰਾਣੇ ਸਮੇਂ ਐਨੀ ਵਿਕਸਤ ਤਕਨੀਕ ਸੀ ਤਾਂ ਉਹ ਫੈਲੀ ਕਿਉਂ ਨਾ? ਵਿਦੇਸ਼ਾਂ ਤੋਂ ਆਏ ਵਿਗਿਆਨੀਆਂ ਦੀਆਂ ਟਿੱਪਣੀਆਂ ਵਿੱਚ ਇੱਕ ਵਿਗਿਆਨਕ ਨੇ ਟਿੱਪਣੀ ਕਰਦੇ ਹੋਏ ਕਿਹਾ ਕਿ ਜੇਕਰ ਭਾਰਤ

ਕੋਲ ਤਕਨੀਕ ਐਨੀ ਵਿਕਸਤ ਸੀ ਤਾਂ ਜਿਹੜੇ ਬਾਹਰੀ ਹਮਲੇ ਭਾਰਤ ’ਤੇ ਹੁੰਦੇ ਸੀ ਤਾਂ ਉਦੋਂ ਤੁਹਾਡੀ ਤਕਨੀਕ ਘਾਹ ਚਰਨ ਗਈ ਸੀ ਤਾਂ ਉਹਨਾਂ ਹਮਲਿਆਂ ਨੂੰ ਤੁਸੀਂ ਕਿਉਂ ਨਹੀਂ ਰੋਕ ਪਾਏ। ਤੁਹਾਡੇ ਜਹਾਜ ਕਿੱਥੇ ਸਨ? ਹੁਣ ਅੱਜ ਫਿਰ ਭਾਗਵਤ ਬਿਆਨ ਦੇ ਰਿਹਾ ਹੈ ਕਿ 7 ਸਦੀਆਂ ਬਾਅਦ ਫਿਰ ਹਿੰਦੂਆਂ ਦਾ ਰਾਜ ਭਾਰਤ ’ਤੇ ਹੋਇਆ। ਸਵਾਲ ਇਹ ਕਰਨਾ ਬਣਦਾ ਹੈ ਕਿ ਫਿਰ 700 ਸਾਲ ਭਾਗਵਤ ਦੇ ਨਵੀਆਂ ਤਕਨੀਕਾਂ ਦੇ ਹਥਿਆਰ ਕਿੱਥੇ ਗਏ ਸਨ? ਸ਼ਾਇਦ ਭਾਗਵਤ ਨੇ ਬਾਬਰੀ ਮਸਜਿਦ ਥੱਲੇ ਛੁਪਾਏ ਸਨ ਤੇ ਬਾਅਦ ਵਿੱਚ ਮੁਸਲਮਾਨਾਂ ਨੇ ਉੱਥੇ ਮਸੀਤ ਬਣਾ ਲਈ ਤੇ ਹੁਣ ਫਿਰ ਇਹ ਉਹ ਹਥਿਆਰ ਤੇ ਤਕਨੀਕ ਕੱਢਣ ਦੀ ਕੋਸ਼ਿਸ਼ ਕਰ ਰਹੇ ਹਨ।

ਹੁਣ ਸਵਾਲ ਇਹ ਬਣਦਾ ਹੈ ਕਿ ਸੱਚ ਕੀ ਹੈ? ਕੀ ਸੱਚ ਸਾਪੇਖ ਹੈ ਜਾਂ ਨਿਰਪੇਖ। ਜੇਕਰ ਸੰਘ ਜਾਂ ਮੋਦੀ ਜਾਂ ਬੋਦਾਸ ਮੁਤਾਬਕ ਦੇਖੀਏ ਤਾਂ ਸੱਚ ਨਿਰਪੇਖ ਹੈ ਤੇ ਜੋ ਵੇਦਾਂ, ਪੁਰਾਣਾਂ, ਗੀਤਾ, ਰਮਾਇਣ ਆਦਿ ਵਿੱਚ ਰਚਨਾ ਹੋਈ, ਉਹ ਅੰਤਿਮ ਹੈ। ਇਸਤੋਂ ਬਿਨਾਂ ਨਾ ਕੁੱਝ ਐਧਰ ਹੈ ਤੇ ਨਾ ਉਧਰ ਹੈ। ਪਰ ਇੱਕ ਪੁਰਾਣੀ ਕਹਾਵਤ ਹੈ ਕਿ ਸੱਚ ਸਿਰ ਚੜ੍ਹ ਬੋਲਦਾ ਹੈ। ਸੱਚ ਨੂੰ ਸਾਪੇਖਤਾ ਕਿਹਾ ਜਾਂਦਾ ਹੈ। ਜਿਹੜੀ ਚੀਜ ਅੱਜ ਸੱਚ ਹੈ, ਉਹ ਅੱਜ ਦੀ ਤਕਨੀਕ ਮੁਤਾਬਿਕ ਸੱਚ ਹੈ। ਅੱਜ ਦੇ ਵਿਕਾਸ ਮੁਤਾਬਿਕ ਸੱਚ ਹੈ, ਅੱਜ ਦੇ ਹਾਲਾਤਾਂ ਮੁਤਾਬਿਕ ਸੱਚ ਹੈ। ਜਦੋਂ ਵਿਕਾਸ ਹੁੰਦਾ ਹੈ ਤਾਂ ਨਿਖੇਧ ਦਾ ਨਿਖੇਧ ਆਉਂਦਾ ਹੈ। ਇਹ ਕੁਦਰਤੀ ਨਿਯਮ ਹੈ। ਕੁਦਰਤ ’ਤੇ ਵਿਸ਼ਵਾਸ਼ ਰੱਖਣ ਵਾਲੇ ਕੁਦਰਤ ਦੇ ਵਿਕਾਸ ਦਾ ਵਿਰੋਧ ਕਰਦੇ ਹਨ। ਨਵੀਂ ਚੀਜ਼ ਪੁਰਾਣੀ ਦੀ ਥਾਂ ਲੈਂਦੀ ਹੈ ਤੇ ਉਹ ਸੱਚ ਹੋ ਜਾਂਦੀ ਹੈ। ਸੱਚ ਆਪਣੇ ਆਲੇ-ਦੁਆਲੇ ਨਾਲ ਜੁੜਿਆ ਹੋਇਆ ਹੈ ਤੇ ਉਸਦੇ ਅਧਾਰ ’ਤੇ ਸੱਚ ਹੈ। ਅੱਗੇ ਜਾ ਕੇ ਉਹ ਝੂਠ ਵੀ ਬਣ ਸਕਦਾ ਹੈ। ਬੁੱਧ ਤੇ ਸਿੱਖ ਧਰਮ ਹਿੰਦੂ ਧਰਮ ਦਾ ਨਿਖੇਧ ਹਨ। ਪਰ ਪੁਰਾਣੀ ਹੋਈ ਖੋਜ ਨੂੰ ਰੱਦ ਕਰਨਾ ਵੀ ਮੂਰਖਤਾ ਹੋਵੇਗੀ ਪਰ ਉਹ ਅੰਤਰਮੁਖੀ ਨਾ ਹੋਵੇ। ਪੁਰਾਣੀ ਚੀਜ਼ ਜਾਂ ਖੋਜ ਆਪਣੇ ਵੇਲੇ ਸੱਚ ਸੀ। ਡਾਰਵਿਨ ਦੀ ਵਿਕਾਸਵਾਦੀ ਥਿਊਰੀ ਆਈ ਤਾਂ ਬਹੁਤ ਸਾਰੇ ਲੋਕਾਂ ਦੇ ਮੱਥੇ ’ਤੇ ਤਿਉੜੀਆਂ ਸਨ, ਖਾਸ ਕਰ ਰੂੜੀਵਾਦੀ ਲੋਕਾਂ ਦੇ। ਉਹਨਾਂ ਨੂੰ ਇਹ ਮੰਨਣ ਵਿੱਚ ਦਿੱਕਤ ਹੋਈ ਕਿ ਸਾਡੇ ਪੂਰਵਜ ਬਾਂਦਰ ਸਨ। ਉਹਨਾਂ ਨੂੰ ਇਹ ਵੀ ਦੁੱਖ ਸੀ ਕਿ ਇਸ ਮੁਤਾਬਕ ਅੱਜ ਵਾਲੇ ਸਮੇਂ ਵਿੱਚ ਸਾਡੇ ਪੁਰਾਣੇ ਗ੍ਰੰਥ ਨਕਾਰਾ ਹਨ।

ਇੱਕ ਹੋਰ ਵਰਤਾਰਾ ਹੈ। ਸਾਇੰਸ ਦੇ ਵਿਕਸਤ ਹੋਣ ਨਾਲ ਰੂੜੀਵਾਦੀਆਂ ਨੂੰ ਆਪਣੇ ਧਰਮ ਦੇ ਅੰਤਮ ਸੱਚ ਵਿੱਚੋਂ ਆਉਂਦੀ ਬਦਬੋ ਦਾ ਡਰ ਸਤਾਉਂਦਾ ਹੈ ਤੇ ਉਹ ਦਾਅਵਾ ਕਰਦੇ ਹਨ ਕਿ ਸਾਇੰਸ ਤਰੱਕੀ ਤਾਂ ਕਰ ਗਈ ਅਸੀਂ ਮੰਨਦੇ ਹਾਂ ਪਰ ਵਿਗਿਆਨੀ ਸਾਡੇ ਗ੍ਰੰਥਾਂ ਵਿੱਚੋਂ ਸੇਧ ਲੈ ਰਹੇ ਹਨ। ਇਸ ਵਿੱਚ ਹਿੰਦੂ, ਬੋਧੀ, ਜੈਨੀ, ਸਿੱਖ ਆਦਿ ਸਾਰੇ ਆਉਂਦੇ ਹਨ। ਸਾਇੰਸ ਕਾਂਗਰਸ ਵਿੱਚ ਵੀ ਇਹ ਨਸੀਹਤ ਵਿਗਿਆਨੀਆਂ ਨੂੰ ਦਿੱਤੀ ਗਈ ਕਿ ਵੇਦਾਂ ਤੋਂ ਸੇਧ ਲਵੋ। ਸਿੱਖ ਵੀ ਦਾਅਵਾ ਕਰਦੇ ਹਨ ਕਿ ਗ੍ਰੰਥ ਸਾਹਿਬ ਸਾਇੰਸ ਨਾਲ ਭਰਿਆ ਪਿਆ ਹੈ ਤੇ ਨਾਸਾ ਵਿੱਚ ਗ੍ਰੰਥ ਸਾਹਿਬ ਪ੍ਰਕਾਸ਼ ਹੈ। ਜਿਹੜਾ ਨਿਰਾ ਗਪੌੜ ਸੰਖ ਹੈ। ਸਪੋਕਸਮੈਨ ਅਖ਼ਬਾਰ ਦੇ ਲੇਖ ਲਗਭਗ ਇਸੇ ਕਿਸਮ ਦੇ ਹੁੰਦੇ ਹਨ।

ਅਸਲ ਮਸਲਾ ਖੋਜ ਦਾ ਨਹੀਂ, ਇਹ ਤਾਂ ਉਸੇ ਕਾਂਗਰਸ ਵਿੱਚ ਕੁਝ ਵਿਗਿਆਨੀਆਂ ਨੇ ਸਮਝ ਲਿਆ ਸੀ। ਨਾਸਾ ਨਾਲ ਸਬੰਧਿਤ ਵਿਗਿਆਨੀ ਡਾ. ਰਾਮ ਪ੍ਰਸਾਦ ਗਾਂਧੀਰਮਨ ਨੇ ਅਦਾਲਤ ਵਿੱਚ ਇੱਕ ਅਪੀਲ ਦਾਖਲ ਕੀਤੀ ਕਿ ਇਸ ਸੈਸ਼ਨ ਨੂੰ ਰੱਦ ਕੀਤਾ ਜਾਵੇ ਕਿਉਂਕਿ ਮੋਥੋਲਜੀ ਨਾਲ ਸਾਇੰਸ ਨੂੰ ਨਿੰਦਿਆ ਜਾ ਰਿਹਾ ਹੈ। ਇਹ ਸਾਰਾ ਕੁਝ ਤਰਤੀਬਵਾਰ ਇੱਕ ਰਾਜਨੀਤਕ ਪਾਰਟੀ ਦੀ ਪੁਸ਼ਤਪਨਾਹੀ ਹੇਠ ਹੋ ਰਿਹਾ ਹੈ ਤੇ ਅਸੀਂ ਚੁੱਪ ਰਹੇ ਤਾਂ ਸਾਡੇ ਬੱਚਿਆਂ ਨੂੰ ਭੁਗਤਣੀਆਂ ਪੈਣਗੀਆਂ।

ਉਸਨੇ ਸਹੀ ਨੁਕਤਾ ਫੜਿਆ ਹੈ। ਇਹ ਸਵਾਲ ਇਕੱਲਾ ਵਿਗਿਆਨ ਕਾਂਗਰਸ ਤੱਕ ਸੀਮਤ ਨਹੀਂ ਹੈ। ਇਹ ਮਸਲਾ ਵੱਡਾ ਹੈ। ਇੱਕ ਫਿਰਕੂ ਧਰੁਵੀਕਰਨ ਦਾ ਹੈ। ਮਸਲਾ ਭਾਰਤ ਨੂੰ ਹਿੰਦੂ ਰਾਜ ਬਣਾਉਣ ਤੋਂ ਵੀ ਅੱਗੇ ਦਾ ਹੈ। ਇਤਿਹਾਸ ਨੂੰ ਮੁੜ ਹਿੰਦੂ ਨਜ਼ਰੀਏ ਤੋਂ ਲਿਖਣਾ ਚਾਹੁੰਦੇ ਹਨ। ਇਸੇ ਕਰਕੇ ਉਹਨਾਂ ਨੇ ਸੁਦਰਸ਼ਨ ਰਾਓ ਨੂੰ ਹਿਸਟਰੀ ਰੀਟਰੀਟ ਕਰਨ ਲਈ ਚੇਅਰਪਰਸਨ ਵਜੋਂ ਥਾਪਿਆ ਹੈ। ਦੀਨਾ ਨਾਥ ਬਤਰਾ ਨੂੰ ਭਾਰਤੀ ਸਿੱਖਿਆ ਨੀਤੀ ਆਯੋਗ ਦਾ ਮੁਖੀ ਥਾਪਿਆ ਹੈ। ਉਹ ਪੁਰਾਣੀਆਂ ਖੋਜਾਂ ਨੂੰ ਹਿੰਦੂ ਧਰਮ ਦੇ ਨਾਮ ਕਰਵਾਉਣਾ ਚਾਹੁੰਦੇ ਹਨ ਅਤੇ ਉਹ ਇਹ ਵੀ ਨਹੀਂ ਚਾਹੁੰਦੇ ਕਿ ਨਵੀਂ ਖੋਜ ਹਿੰਦੂ ਧਰਮ ਤੋਂ ਵੱਖਰੇ ਵਿਅਕਤੀ ਦੇ ਨਾਮ ਦਰਜ ਹੋਵੇ। ਇਸੇ ਕਰਕੇ ਉਹਨਾਂ ਨੇ ਚਾਰਵਾਕ ਦੇ ਮੱਤ ਨੂੰ ਖਤਮ ਕਰਨ ਦਾ ਯਤਨ ਕੀਤਾ। ਇਸੇ ਕਰਕੇ ਉਹਨਾਂ ਨੇ ਚਾਰ ਵਰਨਾਂ ਦੀ ਰਚਨਾ ਕੀਤੀ। ਜੇਕਰ ਕੋਈ ਬ੍ਰਾਹਮਣਾਂ ਤੋਂ ਬਿਨਾਂ ਸਿੱਖਿਆ ਪ੍ਰਾਪਤ ਕਰੇ, ਕੋਈ ਖੋਜ ਕਰੇ ਤਾਂ ਉਸਦੇ ਕੰਨਾਂ ਵਿੱਚ ਸਿੱਕਾ ਢਾਲ ਕੇ ਪਾ ਦੇਵੋ। ਉਹ ਦੇਸ਼ ਨੂੰ 7000 ਸਾਲ ਪੁਰਾਣੇ ਜ਼ਮਾਨੇ ਵਿੱਚ ਲਿਜਾਉਣ ਲਈ ਫਿਰ ਸੱਤਾ ਵਿੱਚ ਆਏ ਹਨ। ਉਹ ਫਿਰ ਵਰਣ ਵਿਵਸਥਾ ਲਾਗੂ ਕਰਨਾ ਚਾਹੁੰਦੇ ਹਨ। ਉਹ ਨਹੀਂ ਚਾਹੁੰਦੇ ਕਿ ਹੋਰ ਧਰਮ ਇੱਥੇ ਅੱਖ ਵਿੱਚ ਪਾਇਆ ਵੀ ਰੜਕੇ। ਇਸੇ ਕਰਕੇ ਉਹ ਕਦੇ ਧਰਮ ਪਰੀਵਰਤਨ ਦਾ ਮੁੱਦਾ ਉਠਾਉਂਦੇ ਹਨ, ਕਦੇ ਲਵ ਜਿਹਾਦ ਦਾ ਰੌਲਾ ਪਾਉਂਦੇ ਹਨ। ਦਾਅ ਭਰੇ ਤਾਂ ਹਿੰਦੂ ਵਿਰੋਧੀਆਂ ਦਾ ਕਤਲ ਵੀ ਕਰਦੇ ਹਨ। ਗੁਜਰਾਤ ਵਿੱਚ 2000 ਮੁਸਲਮਾਨਾਂ ਨੂੰ ਮਾਰ ਕੇ ਉਹਨਾਂ ਇਹ ਕੰਮ ਕੀਤਾ। ਉਹਨਾਂ ਨੇ ਉੜੀਸਾ ਵਿੱਚ ਚਰਚ ਸਾੜੇ, ਬਾਬਰੀ ਮਸਜਿਦ ਢਾਹੀ। ਉਹ ਕਹਿੰਦੇ ਹਨ ਕਿ ਹਿੰਦੂ, ਹਿੰਦੀ, ਹਿੰਦੋਸਤਾਨ। ਉਹ ਦਲਿਤਾਂ ਨੂੰ ਫਿਰ ਗੁਲਾਮ ਬਣਾਉਣਾ ਲੋਚਦੇ ਹਨ। ਸ਼ੂਦਰਾਂ ਨੂੰ ਉਹਨਾਂ ਦੀ ਔਕਾਤ ਦਿਖਾਉਣਾ ਚਾਹੁੰਦੇ ਹਨ। ਔਰਤ ਨੂੰ ਜੁੱਤੀ ਦੇ ਬਰਾਬਰ ਦਾ ਦਰਜਾ ਦੇਣਾ ਚਾਹੁੰਦੇ ਹਨ। ਇਸੇ ਕਰਕੇ ਉਹਨਾਂ ਦੇ ਪਹਿਰਾਵੇ ’ਤੇ ਪਾਬੰਦੀਆਂ ਲੱਗੀਆਂ ਹਨ। ਉਹਨਾਂ ਨੂੰ ਅੱਜ ਫਿਰ ਮਨੂੰ ਦੇ ਹੱਥ ਤਲਵਾਰ ਫੜਾਈ ਹੈ। ਮਨੂੰ ਜਾਤਾਂ ਦੀਆਂ ਲਕੀਰਾਂ ਲਈ ਤਿਆਰ ਬੈਠਾ ਹੈ। ਉਹਨਾਂ ਨੂੰ ਅੱਜ ਦੀ ਵਿਕਸਤ ਤਕਨੀਕ ਵੱਲੋਂ ਖੋਜੀ ਮਹਿੰਜੋਦੜੋ ਤੇ ਹੜੱਪਾ ਦੀ ਸੱਭਿਅਤਾ ਰੜਕਦੀ ਹੈ। ਜਿਹੜੇ ਉਹਨਾਂ ਦੇ ਪੂਰਵਜਾਂ ਨੂੰ ਪਿਛੜੇ ਹੋਣ ਦੇ ਦਾਅਵੇ ਨਾਲ ਦੰਦ ਚਿੜਾਉਂਦੀ ਹੈ। ਉਹਨਾਂ ਦੇ ਕਲੇਜੇ ਗੋਲਾ ਬਣਦਾ ਹੈ ਜਦੋਂ ਉਹਨਾਂ ਦੇ ਦਿਮਾਗ ਵਿੱਚ ਆਉਂਦਾ ਹੈ ਕਿ ਭਾਰਤ ਅੰਦਰ ਹੀ ਸੰਸਕ੍ਰਿਤ ਲਾਗੂ ਨਹੀਂ ਬਾਹਰ ਤਾਂ ਇਸਨੇ ਕੀ ਵਿਕਸਤ ਹੋਣਾ ਸੀ। ਉਹ ਆਪਣਾ ਹਿੰਦੂ ਏਜੰਡਾ ਲਾਗੂ ਕਰ ਰਹੇ ਹਨ। ਉਹਨਾਂ ਨੂੰ ਲੱਗਦਾ ਹੈ ਕਿ ਅੱਜ ਮੌਕਾ ਹੈ, ਉਹ ਕੁਝ ਕਰ ਸਕਦੇ ਹਨ। ਇਸੇ ਕਰਕੇ ਸੰਘ ਦੀਆਂ ਸਾਰੀਆਂ ਸ਼ਾਖਾਵਾਂ ਪੂਰੇ ਜ਼ੋਰਾਂ-ਸ਼ੋਰਾਂ ਨਾਲ ਲੱਗੀਆਂ ਹੋਈਆਂ ਹਨ। ਉਹਨਾਂ ਲਈ ਤਾਂ ਟਿੱਬੇ ਮਸਾਂ ਪਾਣੀ ਚੜ੍ਹਿਆ। ਅੱਜ ਭਾਰਤ ਅੰਦਰ ਫਾਸ਼ੀਵਾਦ ਦਾ ਡਰ ਫਿਰ ਮੰਡਰਾ ਰਿਹਾ ਹੈ। ਸਥਿਤੀ ਗੰਭੀਰ ਬਣੀ ਹੋਈ ਹੈ। ਅੱਜ ਲੋਕਾਂ ਸਾਹਮਣੇ ਸਵਾਲ ਹੈ ਕਿ ਉਹ ਭਾਰਤ ਨੂੰ ਫਾਸ਼ੀਵਾਦ ਤੋਂ ਬਚਾਉਂਦੇ ਹਨ ਜਾਂ ਫਿਰ ਇਸਦੇ ਹਵਾਲੇ ਕਰਦੇ ਹਨ। ਲੋਕ ਭਾਰਤ ਨੂੰ ਮੰਗਲ ਗ੍ਰਹਿ ਤੋਂ ਲਾਹ ਕੇ ਕੀ ਫਿਰ ਸਪੇਰਿਆਂ ਦਾ ਦੇਸ਼ ਬਣਾਉਣਾ ਚਾਹੁੰਦੇ ਹਨ। ਬੱਸ ਸਵਾਲ ਇਕੱਠੇ ਹੋ ਕੇ ਲੜਨ ਦਾ ਹੈ। ਜੇਕਰ ਲੋਕ ਲੜਦੇ ਹਨ ਤਾਂ ਉਹ ਇੱਕ ਗੱਲ ਯਾਦ ਰੱਖਣ ਕੇ ਰੱਬ ਦਾ ਭੇਜਿਆ ਦੇਵਤਾ ਕਹਾਉਣ ਵਾਲਾ ਮੋਦੀ ਕੁਦਰਤ ਦੇ ਨਿਯਮਾਂ ਤੋਂ ਕੋਹਾਂ ਦੂਰ ਹੈ। ਉਹ ਭੁੱਲ ਗਿਆ ਹੈ ਕਿ ਸਮਾਂ ਹਮੇਸ਼ਾ ਅੱਗੇ ਨੂੰ ਜਾਂਦਾ ਹੈ, ਪਿੱਛੇ ਨਹੀਂ। ਉਹ ਸਮੇਂ ਨੂੰ ਪੁੱਠਾ ਗੇੜਨ ਦੀ ਕੋਸ਼ਿਸ਼ ਕਰ ਰਿਹਾ ਹੈ ਪਰ ਲੋਕ ਤੇ ਵਿਕਸਤ ਹੋ ਰਹੀ ਤਕਨੀਕ ਉਸਦੇ ਸਿਰ ਚੜ੍ਹ ਬੋਲੇਗੀ ਤੇ ਲੋਕ ਜਿੱਤਣਗੇ।

(‘ਇਨਕਲਾਬੀ ਸਾਡਾ ਰਾਹ’ ਵਿੱਚੋਂ ਧੰਨਵਾਦ ਸਹਿਤ)

# ਮਨੁੱਖ ਅਤੇ ਮੰਤਵ

ਅਸਾਡੀ ਇਸ ਧਰਤੀ ਉਤਲੀ ਜ਼ਿੰਦਗੀ ਵਿੱਚੋਂ ਜਿਉਂ-ਜਿਉਂ ਸੁਭਾਵਿਕਤਾ ਸਮਾਪਤ ਹੁੰਦੀ ਰਹਿੰਦੀ ਹੈ ਤਿਉਂ-ਤਿਉਂ ਦਰਜਨਾਂ ਕਿਸਮਾਂ ਦੇ ਦੁਖਾਂਤ ਪੈਦਾ ਹੋਣ ਲੱਗ ਪੈਂਦੇ ਹਨ। ਸੁਭਾਵਿਕਤਾ ਨੂੰ ਸੁਆਰਥੀ ਵਿਵਹਾਰ ਖ਼ਤਮ ਕਰਦਾ ਰਹਿੰਦਾ ਹੈ। ਸਾਮੰਤਵਾਦ ਸੁਆਰਥੀ ਹੁੰਦਾ ਹੈ। ਸਾਮੰਤਵਾਦ ਸੱਤਾਵਾਦੀ ਹੁੰਦਾ ਹੈ। ਸੱਤਾ ਪ੍ਰਾਪਤੀ ਦੇ ਪਰਪੰਚ-ਸਮੁੱਚੀ ਜੀਵਨ-ਧਾਰਾ ਨੂੰ ਅਸੁਭਾਵਿਕਤਾ ਵੱਲ ਧਕੇਲਦੇ ਰਹਿੰਦੇ ਹਨ। ਇੰਝ ਇਸ ਖ਼ਤਰਨਾਕ ਵਿਵਹਾਰ ਨੇ ਵਿਅਕਤੀ ਦੇ ਚਿੰਤਨ ਦੀ ਸੁਤੰਤਰਤਾ ਨੂੰ ਸੁਤੰਤਰ ਨਹੀਂ ਰਹਿਣ ਦਿੱਤਾ।

ਵੇਖਿਆ ਜਾ ਰਿਹਾ ਹੈ ਕਿ ਅੱਜ ਕੱਲ ਸੈਂਕੜੇ ਕਿਸਮ ਦੀਆਂ ਪ੍ਰਚਾਰ-ਵਿਧੀਆਂ ਨੇ ਜ਼ਿੰਦਗੀ ਦੇ ਯਥਾਰਥ ਨੂੰ ਅਣਡਿੱਠ ਕੀਤਾ ਹੋਇਆ ਹੈ। ਬਹੁਤ ਸਾਰੇ ਸਮਾਜਿਕ-ਸੰਦਰਭ ਆਪਣੀਆਂ ਗ਼ਲਤੀਆਂ ਦੇ ਮੂਲ ਤੱਕ ਪੁੱਜਣ ਤੋਂ ਪਹਿਲਾਂ ਹੀ ਕਲੇਸ਼ ਬਣ ਬੈਠਦੇ ਹਨ।

ਸੁਭਾਵਿਕਤਾ ਕੀ ਹੁੰਦੀ ਹੈ?

- ਸੁਭਾਵਿਕਤਾ ਸਹਿਜ ਹੁੰਦੀ ਹੈ।
- ਸੁਭਾਵਿਕਤਾ ਕੁਦਰਤੀ ਹੁੰਦੀ ਹੈ।
- ਸੁਭਾਵਿਕਤਾ ਸੌਖੀ ਹੁੰਦੀ ਹੈ।
- ਸੁਭਾਵਿਕਤਾ ਵਿਗਿਆਨਿਕ ਹੁੰਦੀ ਹੈ।
- ਸੁਭਾਵਿਕਤਾ ਸਰਲ ਹੁੰਦੀ ਹੈ।
- ਸੁਭਾਵਿਕਤਾ ਨੂੰ ਕਲਾ ਕਿਹਾ ਜਾ ਸਕਦਾ ਹੈ।

ਇੰਝ ਸੁਭਾਵਿਕ ਜੀਵਨ-ਧਾਰਾ ਨੂੰ ਜਦੋਂ ਕੋਈ ਲਾਲਚੀ ਧੜਾ ਅਸੁਭਾਵਿਕ ਬਣਾਉਣ ਲੱਗ ਪੈਂਦਾ ਹੈ ਤੱਦ ਆਦਮੀ ਦੇ ਖਿਆਲ ਤਰਕਸ਼ੀਲ-ਤਮੰਨਾ ਨੂੰ ਤਿਲਾਂਜਲੀ ਦੇਣ ਲੱਗ ਪੈਂਦੇ ਹਨ।

- ਤਰਕ ਆਦਮੀ ਨੂੰ ਤੰਦਰੁਸਤੀ ਬਖਸ਼ਦਾ ਹੈ।
- ਤਰਕ ਆਦਮੀ ਨੂੰ ਧੋਖਾ ਧੜੀ ਤੋਂ ਬਚਾਉਂਦਾ ਹੈ।
- ਤਰਕ ਆਦਮੀ ਨੂੰ ਸੰਤੁਸ਼ਟਤਾ ਪ੍ਰਦਾਨ ਕਰਦਾ ਰਹਿੰਦਾ ਹੈ।
- ਤਰਕ ਆਦਮੀ ਨੂੰ ਉਖੜਣ ਤੋਂ ਅਤੇ ਤਿਲਕਣ ਤੋਂ ਬਚਾਉਂਦਾ ਰਹਿੰਦਾ ਹੈ।
- ਤਰਕ ਮਨੱਖ ਨੂੰ ਰਚਨਾਤਮਿਕ ਬਣਾਈ ਰੱਖਦਾ ਹੈ।
- ਤਰਕ ਮੌਲਿਕਤਾ ਨੂੰ ਸਥਾਪਿਤ ਕਰਦਾ ਰਹਿੰਦਾ ਹੈ।
- ਤਰਕ ਕਾਰਨ ਮਾਨਸਿਕ ਜਿਲ੍ਹਣ ਪੈਦਾ ਨਹੀਂ ਹੁੰਦੀ।
- ਤਰਕ ਸੁਭਾਵਿਕਤਾ ਦੀ ਪੈਰਵੀ ਕਰਦਾ ਰਹਿੰਦਾ ਹੈ।

ਇੱਥੇ ਆਕੇ ਮਹਿਸੂਸ ਹੋ ਜਾਣਾ ਚਾਹੀਦਾ ਹੈ ਕਿ ਗ਼ੈਰ-ਕੁਦਰਤੀ ਕਿਸਮਾਂ ਵਾਲੀ ਸਮਾਜਿਕ ਤਾਸੀਰ ਮਨੁੱਖੀ-ਮਨ ਵਿੱਚੋਂ ਮੰਤਵ ਨੂੰ ਮਨਫ਼ੀ ਕਰਦੀ ਰਹਿੰਦੀ ਹੈ।

- ਮੰਤਵ ਨੂੰ ਸਾਰਥਿਕ ਪ੍ਰਯੋਜਨ ਕਿਹਾ ਜਾ ਸਕਦਾ ਹੈ।
- ਮੰਤਵ ਨੂੰ ਸਫ਼ਲਤਾ ਦਾ ਮੂਲ ਕਿਹਾ ਜਾ ਸਕਦਾ ਹੈ।
- ਮੰਤਵ ਨੂੰ ਭਾਵਨਾ ਦੀ ਸ਼ੁੱਧਤਾ ਦਾ ਸੰਕਲਪ ਕਿਹਾ ਜਾ ਸਕਦਾ ਹੈ।
- ਮੰਤਵ ਨੂੰ ਮਹਾਨਤਾ ਕਿਹਾ ਜਾ ਸਕਦਾ ਹੈ।
- ਮੰਤਵ ਨੂੰ ਜ਼ਿੰਦਗੀ ਦੀ ਯਾਤਰਾ ਕਿਹਾ ਜਾ ਸਕਦਾ ਹੈ।

ਆਦਮੀ ਨੂੰ ਆਪਣੇ ਮੰਤਵ ਦੀ ਪਹਿਚਾਣ ਕਰਦੇ ਰਹਿਣਾ ਚਾਹੀਦਾ ਹੈ। ਬੇਸੂਦ-ਮੰਤਵ ਲਈ ਆਪਣੀ ਉਮਰ ਨੂੰ ਅਜਾਂਈ ਗੁਆ ਦੇਣਾ ਬੇਲੋੜਾ ਹੁੰਦਾ ਹੈ। ਮੰਤਵ ਤਾਂ ਉਹ ਹੀ ਮਹਾਨ ਹੁੰਦਾ ਹੈ ਜਿਸਨੂੰ ਇਤਿਹਾਸਕ-ਪ੍ਰਕਰਣ ਵੱਜੋਂ ਸਵੀਕਾਰ ਕੀਤਾ ਜਾ ਸਕੇ। ਮਾਨਵਵਾਦੀ-ਸ਼ਹਿਦ ਮਹਾਨ-ਮੰਤਵ ਵਜੋਂ ਅਮਰ ਬਣੇ ਰਹਿੰਦੇ ਹਨ।

ਅਸੀਮ ਕਿਸਮ ਦੇ ਮਾਨਵਵਾਦੀ-ਮੰਤਵ ਲੋਕਾਈ ਲਈ ਸੁਖਦਾਇਕ ਬਣੇ ਰਹਿੰਦੇ ਹਨ। ਨਿਜਵਾਦ ਲਈ ਕੀਤੇ ਜਿਉਣ ਉਪਰਾਲੇ ਭਲੇ ਹੁੰਦੇ ਹਨ ਪਰ ਉਹ ਨਿਜਵਾਦੀ ਸਹੂਲਤਾਂ ਤੱਕ ਹੀ ਸੀਮਤ ਹੋ ਬੈਠਦੇ ਹਨ। ਇੰਝ ਮਨੁੱਖੀ-ਭਾਈਚਾਰੇ ਵਾਲੀ ਸਦਭਾਵਨਾ ਸਿਮਟਨ ਲੱਗ ਪੈਂਦੀ ਹੈ। ਸੋ ਬੜੇ ਸਪੱਸ਼ਟ ਸ਼ਬਦਾਂ ਵਿੱਚ ਕਿਹਾ ਜਾ ਸਕਦਾ ਹੈ ਕਿ ਨਿਜਵਾਦ ਦੇ ਜੰਜਾਲ ਨੂੰ ਤਿਆਗ ਕੇ ਸਮੂਹਵਾਦੀ-ਸਮੱਸਿਆਵਾਂ ਵੱਲ ਵੀ ਅਸਾਡਾ ਧਿਆਨ ਜਾਣਾ ਚਾਹੀਦਾ ਹੈ।

- ਨਿਜਵਾਦ-ਖੜੋਤ ਪੈਦਾ ਕਰਦਾ ਹੈ।
- ਨਿਜਵਾਦ-ਇਨਕਲਾਬੀ-ਵਿਚਾਰਧਾਰਾ ਲਈ ਘਾਤਕ ਬਣਿਆ ਰਹਿੰਦਾ ਹੈ।
- ਨਿਜਵਾਦ 'ਚੋਂ ਸ਼ਖਸ਼ੀ ਪੂਜਾ ਪੈਦਾ ਹੁੰਦੀ ਹੈ।
- ਨਿਜਵਾਦ ਲੋਕ-ਲਹਿਰਾਂ ਦਾ ਵਿਰੋਧ ਕਰਦਾ ਰਹਿੰਦਾ ਹੈ।
- ਨਿਜਵਾਦ ਸਾਮੰਤਵਾਦੀ ਹੁੰਦਾ ਹੈ।
- ਨਿਜਵਾਦ ਵਰਗ-ਚੇਤਨਾ ਤੋਂ ਬੇ-ਮੁਖ ਬਣਿਆ ਰਹਿੰਦਾ ਹੈ।
- ਨਿਜਵਾਦ ਆਰਥਿਕ-ਅਤਿਆਚਾਰ ਅਤੇ ਆਰਥਿਕ-ਅਰਾਜਕਤਾ ਨੂੰ ਅਣਡਿੱਠ ਕਰਦਾ ਰਹਿੰਦਾ ਹੈ।
- ਨਿਜਵਾਦ ਅਸੁਭਾਵਿਕ ਹੁੰਦਾ ਹੈ।

ਅਪਣੇ ਲਈ ਤਾਂ ਹਰ ਕੋਈ ਹੀ ਜਿਉਂਦਾ ਰਹਿੰਦਾ ਹੈ ਪਰ ਜਨਤਾ ਲਈ ਜਿਉਣ ਵਾਲੇ ਸ਼ਾਹੀਦ ਭਗਤ ਸਿੰਘ ਜੀ ਵਰਗੀ ਚੇਤਨਾ ਤਾਂ ਕਦੇ-ਕਦੇ ਹੀ ਉਤਪੰਨ ਹੁੰਦੀ ਹੈ। ਇਸ ਪ੍ਰਕਾਰ ਦੀ ਚੇਤਨਾ ਨੂੰ ਮੰਤਵ ਆਖਿਆ ਜਾ ਸਕਦਾ ਹੈ।

**- ਓਮ ਪ੍ਰਕਾਸ਼ ਗਾਸੋ**, ਮੋਬਾ: 94635-61123

## ਸਮਕਾਲੀ ਰਾਜਨੀਤਕ ਅਤੇ ਸਮਾਜਿਕ ਸੰਵਾਦ ਦੀ ਸ਼ਾਇਰੀ: ਸੂਰਜ ਦਾ ਹਲਫ਼ੀਆ ਬਿਆਨ



'ਧੁੱਪ ਦੀ ਤਲਾਸ਼' ਤੋਂ ਬਾਅਦ ਨਵਤੇਜ ਗੜ੍ਹਦੀਵਾਲਾ ਦਾ ਦੂਜਾ ਕਾਵਿ-ਸੰਗ੍ਰਹਿ 'ਸੂਰਜ ਦਾ ਹਲਫੀਆ ਬਿਆਨ' (ਤਰਕ ਭਾਰਤੀ ਪ੍ਰਕਾਸ਼ਨ ਬਰਨਾਲਾ, ਪੰਨੇ 96, ਮੁੱਲ 100 ਰੁੱਪਿਆ) 2014 ਵਿੱਚ ਛਪਿਆ ਹੈ। ਇਨ੍ਹਾਂ ਦੋਨਾਂ ਪੁਸਤਕਾਂ ਵਿੱਚ ਨਵਤੇਜ ਗੜ੍ਹਦੀਵਾਲਾ ਸਮਕਾਲੀ ਰਾਜਨੀਤਕ ਅਤੇ ਸਮਾਜਿਕ ਸੰਵਾਦ ਦੀ ਸ਼ਾਇਰੀ ਲੈ ਕੇ ਹਾਜ਼ਰ ਹੋਇਆ ਹੈ। ਪਿਛਲੇ ਡੇਢ ਦਹਾਕੇ ਤੋਂ ਅਜਿਹੇ ਸ਼ਾਇਰੀ ਨੂੰ ਇਗਨੋਰ ਕੀਤਾ ਜਾ ਰਿਹਾ ਸੀ। 1990 ਤੋਂ ਰਾਜਨੀਤਕ ਸਰੋਕਾਰਾਂ ਵਾਲੀ ਸ਼ਾਇਰੀ ਪਿੱਛੇ ਚਲੇ ਗਈ ਸੀ। ਲੋਕਾਂ ਨੂੰ ਇੱਕ ਸੁਪਨਾ ਦਿਖਾਇਆ ਗਿਆ ਸੀ ਕਿ ਪੂੰਜੀਵਾਦ ਸਭ ਅਲਾਮਤਾਂ ਦਾ ਹੱਲ ਹੈ। ਦੁੱਖ, ਦਰਦ, ਪੀੜਾਂ, ਸੰਘਰਸ਼, ਕ੍ਰਾਂਤੀ... ਇਹ ਸਭ ਬੀਤੇ ਦੀਆਂ ਗੱਲਾਂ ਹਨ। ਪੂੰਜੀ ਵਾਦੀ ਸਿਸਟਮ ਮਨੁੱਖ ਲਈ ਬਹੁਤ ਸਾਰੀਆਂ ਆਸ਼ਾਵਾਂ ਲੈ ਕੇ ਆਇਆ। ਉਨ੍ਹਾਂ ਲਈ ਵੱਡੇ-ਵੱਡੇ ਰੁਜ਼ਗਾਰ ਦੇ ਪੈਕਜ ਦਿਖਾਏ ਗਏ। ਵਿਅਕਤੀਗਤ ਆਜ਼ਾਦੀ ਅਤੇ ਖੁਸ਼ਹਾਲੀ ਦੀਆਂ ਲਹਿਰਾਂ ਬਹਿਰਾਂ ਹੋਣ ਲੱਗੀਆਂ ਪਰ ਇਹ ਸਿਰਫ ਗੱਲਾਂ ਜਾਂ ਮੀਡੀਏ ਦੇ ਪ੍ਰਚਾਰ ਤੱਕ ਹੀ ਸੀਮਤ ਰਹਿ ਗਈਆਂ। ਡੇਢ ਦਹਾਕੇ ਵਿੱਚ ਇਹ ਅਮਲ ਵਿੱਚ ਨਾ ਵਾਪਰਿਆ ਸਗੋਂ ਆਜ਼ਾਦੀ, ਖੁਸ਼ਹਾਲੀ ਅਤੇ ਸਾਮਰਾਜ ਦੀਆਂ ਬਰਕਤਾਂ ਨੂੰ ਬੂਰ ਨਾ ਪਿਆ। ਇਸ ਨਾਲ ਸੁਪਨਾ ਚਕਨਾਚੂਰ ਹੋ ਗਿਆ। ਪਿਛਲੇ ਕੁਝ ਸਾਲਾਂ ਤੋਂ ਸੁਪਨੇ ਦੇ ਤਿੜਕਣ ਦੀ ਗਾਥਾ ਵਾਲਾ ਸਾਹਿਤ ਪੰਜਾਬੀ ਵਿੱਚ ਆਉਣ ਲੱਗਾ। ਇਸੇ ਲੜੀ ਵਿੱਚ ਨਵਤੇਜ ਗੜ੍ਹਦੀਵਾਲਾ ਦੀ ਸ਼ਾਇਰੀ ਜਨਮ ਲੈਂਦੀ ਹੈ।

ਨਵਤੇਜ ਗੜ੍ਹਦੀਵਾਲਾ ਰਾਜਨੀਤੀਕ ਸਰੋਕਾਰਾਂ ਦੀ ਸ਼ਾਇਰੀ ਵਾਲਾ ਸ਼ਾਇਰ ਹੈ। ਉਸ ਕੋਲ ਕਵਿਤਾ ਦਾ ਰਾਜਨੀਤੀਕ ਮੁਹਾਵਰਾ ਹੈ। ਉਸਦੀ ਕਵਿਤਾ ਸਮਾਜਿਕ ਕ੍ਰਾਂਤੀ ਦਾ ਹੋਕਾ ਦਿੰਦੀ ਹੈ। ਉਸ ਦੀ ਸਾਰੀ ਦੀ ਸਾਰੀ ਕਵਿਤਾ ਉੱਥੇ ਸੁਰ ਦੀ ਹੈ ਪਰ ਨਾਹਰਾ ਨਹੀਂ ਹੈ। ਉੱਚੀ ਸੁਰ ਕਵਿਤਾ ਦਾ ਦੋਸ਼ ਨਹੀਂ ਹੈ। ਸਮਾਜਿਕਲ 'ਤੇ ਰਾਜਨੀਤਕ ਨੂੰ ਖਲਕਤ ਅੱਗੇ ਪੇਸ਼ ਕਰਨ ਲਈ ਇਹ ਸੁਰ ਹੀ ਸੂਤ ਬੈਠਦੀ ਹੈ। ਅਜੋਕੇ ਦੌਰ ਵਿੱਚ ਜੋ ਹੇਠਲੇ ਬੰਦੇ ਨੂੰ ਮਾਰ ਪੈ ਰਹੀ ਹੈ, ਸਾਮਰਾਜੀ ਸ਼ਕਤੀਆਂ ਉਸ ਨੂੰ ਨਿਗਲਣ ਲੱਗੀਆਂ ਹੋਈਆਂ ਹਨ, ਉਹ ਉਨ੍ਹਾਂ ਸ਼ਕਤੀਆਂ 'ਤੇ ਉਂਗਲੀ ਵੀ ਧਰਦਾ ਹੈ 'ਤੇ ਅਜਿਹੀਆਂ ਖੌਫ਼ਨਾਕ ਸਥਿਤੀਆਂ ਵਿੱਚ ਬੰਦੇ ਲਈ ਰਾਹ ਵੀ ਤਬਾਸ਼ ਕਰਦਾ ਨਜ਼ਰ ਆਉਂਦਾ ਹੈ।

**– ਅਜਮੇਰ ਸਿੱਧੂ**

# ਬਹਿਸ ਰੱਬ ਦੀ ਤੇ ਰੌਣੀ ਮੜ੍ਹੀ ਦੀ

ਹਰ ਦੂਜੇ ਚੌਥੇ ਦਿਨ ਰੱਬ ਨੂੰ ਘੜੀਸਿਆ ਪਿਆ ਰਹਿੰਦਾ। ਆਈ. ਟੀ. ਆਈ. ਦੀ ਕਿਸੇ ਨਾ ਕਿਸੇ ਕਲਾਸ ਜਾਂ ਕਿਸੇ ਨਾ ਕਿਸੇ ਪਾਰਕ ਵਿੱਚ ਰੱਬ ਨੂੰ ਲੈ ਕੇ ਗੱਲ ਤੁਰਦੀ ਤੇ ਫਿਰ 'ਪਾਣੀ 'ਚ ਮਧਾਣੀ' ਪੈ ਕੇ ਅਮੁੱਕ ਬਹਿਸ ਦਾ ਰੂਪ ਅਖ਼ਤਿਆਰ ਕਰ ਜਾਂਦੀ। ਪੰਜਾਬ ਸਟੂਡੈਂਟਸ ਯੂਨੀਅਨ ਵਿੱਚ ਸਰਗਰਮ ਹੋਣ ਦੇ ਮੁੱਢਲੇ ਦਿਨਾਂ 'ਚ ਹੋਈਆਂ ਸਕੂਲਿੰਗਾਂ ਨੇ ਭਾਵੇਂ 'ਰੱਬ' ਨਾਲੋਂ ਨਾਤਾ ਤੋੜ ਦਿੱਤਾ ਸੀ ਪਰ ਫਿਰ ਵੀ ਭੂਤਾਂ-ਪ੍ਰੇਤਾਂ, ਮੜ੍ਹੀਆਂ-ਮਸਾਣੀਆਂ ਤੇ ਕਸਰਾਂ ਵਰਗੇ ਆਲੇ-ਦੁਆਲੇ ਵਾਪਰਦੇ ਗੈਰ-ਵਿਗਿਆਨਕ ਵਰਤਾਰਿਆਂ ਦੇ ਧੁੰਦੂਕਾਰੇ ਦਾ ਬਾ-ਦਲੀਲ ਜਵਾਬ ਦੇਣ ਤੇ ਦੂਜਿਆਂ ਦੀ ਤਸੱਲੀ ਕਰਵਾਉਣ 'ਚ ਦਿੱਕਤਾਂ ਦਰਪੇਸ਼ ਸਨ। ਉਂਞ ਵੀ 'ਆਂਡਾ ਪਹਿਲਾਂ ਕਿ ਮੁਰਗੀ' ਵਾਲੀ ਬਹਿਸ ਜਿੰਨੀ ਮਰਜ਼ੀ ਚਾਹੋ ਕਰੀ ਜਾਂਦੇ ਰਹਿ ਸਕਦੇ ਹੋ। ਅਜਿਹੀਆਂ ਬਹਿਸਾਂ ਨਿੱਤ ਰੋਜ਼ ਚੱਲਣ ਦਾ ਇੱਕ ਕਾਰਨ ਇਹ ਵੀ ਸੀ ਕਿ ਆਈ. ਟੀ. ਆਈ. ਵਿੱਚ ਪੜ੍ਹਾਈ ਦਾ ਤਾਂ ਬਹੁਤਾ ਰਿਵਾਜ ਨਹੀਂ ਸੀ ਹੁੰਦਾ, ਇਸ ਹਾਲਤ ਵਿੱਚ ਵਿਹਲਿਆਂ ਨੂੰ 'ਰੱਬ' ਵਾਹਵਾ ਕੰਮ ਲਾਈਂ ਰੱਖਦਾ ਸੀ। ਦੂਜਾ ਕਾਰਨ ਇਹ ਸੀ ਕਿ ਆਈ. ਟੀ. ਆਈ. ਵਿੱਚ ਪੰਜ-ਦਸ ਜਣਿਆਂ ਦਾ ਇੱਕ ਗਰੁੱਪ ਜਿਹਾ ਸੀ ਜਿਹੜੇ ਆਪ ਤਾਂ ਕੁੱਝ ਕਰਨ-ਕੱਤਰਨ ਜੋਗੇ ਨਹੀਂ ਸਨ ਪਰ ਪੀ. ਐਸ. ਯੂ. ਦੇ ਵਿਰੁੱਧ 'ਨਾਸਤਿਕ ਹੋਣ' ਦੀਆਂ ਸ਼ੁਰਲੀਆਂ ਛੱਡਦੇ ਰਹਿੰਦੇ ਤੇ ਖ਼ੁਦ ਨੂੰ 'ਸਿੱਖੀ ਦੇ ਵਾਰਸ' ਕਹਾਉਂਦੇ। ਉਨ੍ਹਾਂ 'ਚੋਂ ਮੁੱਖ ਇੱਕ ਸੁਖਵੰਤ ਸਿੰਘ ਸੀ। ਜਿਵੇਂ ਪਿੰਡ ਦੀਆਂ ਬੁੜ੍ਹੀਆਂ ਕਹਿੰਦੀਆਂ ਹੁੰਦੀਆਂ ਨੇ 'ਵਜ੍ਹਾ ਨਾ ਕਤ੍ਹਾ' ਉਹ ਲਮਢੀਂਗ ਜਿਹਾ ਸੀ ਜਿਸ ਨੂੰ ਸਾਰੇ 'ਡੌਂਗਰ' ਕਹਿੰਦੇ ਹੁੰਦੇ। ਸਿਰੇ ਦਾ ਡਰਪੋਕ! ਇਹ ਉਹੋ ਸੁਖਵੰਤ ਸੀ ਜਿਹੜਾ ਬਾਅਦ 'ਚ ਖਾਲਿਸਤਾਨੀਆਂ 'ਚ ਰਲ ਗਿਆ ਤੇ 'ਸ਼ਹੀਦ' ਹੋ ਗਿਆ ਸੀ। ਪਰ ਅੱਜ ਤੱਕ ਵੀ ਇਹ ਰਹੱਸ ਹੀ ਹੈ ਕਿ ਉਹ 'ਸ਼ਹੀਦ' ਹੋਇਆ ਸੀ ਜਾਂ 'ਕਾਲ਼ੀ ਭੇਡ' ਬਣ ਕੇ 'ਆਪਨਿਆਂ' ਹੱਥੋਂ ਹੀ ਮਰਿਆ ਸੀ।



ਖ਼ੈਰ, ਇੱਕ ਦਿਨ ਬਹਿਸ ਚੱਲ ਰਹੀ ਸੀ। ਚਲਦੀ-ਚਲਦੀ ਬਹਿਸ ਵਿੱਚ ਸੁਖਵੰਤ ਨੇ ਨਾਜਰ ਬਾਗ਼ੀ ਨੂੰ ਚੈਲਿੰਜ ਕਰਦਿਆਂ ਕਿਹਾ ਕਿ ਬੁਢਲਾਡੇ ਬੱਸ ਅੱਡੇ ਦੇ ਪਿਛਲੇ ਪਾਸੇ ਇੱਕ 'ਪੀਰ ਦੀ ਮੜ੍ਹੀ' ਹੈ ਜਿਸ 'ਤੇ ਜੇਕਰ ਕੋਈ ਮੂਤ ਵੀ ਦੇਵੇ ਤਾਂ ਸੁੱਕਾ ਨਹੀਂ ਜਾਣ ਦਿੰਦੀ। ਅਖੇ 'ਅੰਨ੍ਹਾਂ ਕੀ ਭਾਲੇ ਦੋ ਅੱਖਾਂ' ਨਾਜਰ ਬਾਗ਼ੀ ਨੂੰ ਹੋਰ ਕੀ ਚਾਹੀਦਾ ਸੀ? ਨਾਜਰ ਬਾਗ਼ੀ ਪੀ. ਐਸ. ਯੂ. ਵਿੱਚ ਅਜਿਹਾ ਸਖ਼ਸ਼ ਸੀ ਜਿਸ ਨੂੰ ਕੋਈ ਨਾ ਕੋਈ 'ਕੌਤਕ' ਦਿਖਾਏ ਬਿਨ੍ਹਾਂ ਰੋਟੀ ਹਜ਼ਮ ਨਹੀਂ ਸੀ ਹੁੰਦੀ। ਸੋ ਨਾਜਰ ਬਾਗ਼ੀ ਨੇ ਚੈਲਿੰਜ ਕਬੂਲ ਕਰਦਿਆਂ ਕਿਹਾ ਕਿ ਲਓ ਬਈ ਚੱਲੋ ਕਿਹੜੀ ਮੜ੍ਹੀ ਹੈ ਸਾਨੂੰ ਦੱਸੋ ਅਸੀਂ ਹੁਣੇ ਹੀ ਮੂਤ ਕੇ ਦਿਖਾਉਂਦੇ ਹਾਂ, ਪੀਰ ਨੇ ਜਿਹੜੀ ਸਾਡੀ ਲੱਤ ਭੰਨਣੀ ਹੋਈ ਭੰਨ ਲਵੇਗਾ।

ਨਾਜਰ ਬਾਗ਼ੀ ਨੇ ਪੈਂਤੀ-ਚਾਲੀ ਦੇ ਝੁਰਮਟ ਨੂੰ ਸੰਬੋਧਨ ਕਰਦਿਆਂ ਕਿਹਾ "ਚਲੋ ਸਾਥੀਓ ਆਪਾਂ ਮੜ੍ਹੀ 'ਤੇ ਚਲਦੇ ਹਾਂ।" ਉਸ ਝੁਰਮਟ ਵਿੱਚ ਕੁੱਝ ਕੁ ਸੁਖਵੰਤ ਦੇ ਹਮਾਇਤੀ ਸਨ ਅਤੇ ਬਾਕੀ ਮੇਰੇ ਵਰਗੇ ਪੀ. ਐਸ. ਯੂ. ਦੇ 'ਨਵੇਂ-ਨਵੇਂ ਸਜੇ ਸਿੰਘ' ਸਨ। ਸਾਰੇ ਜਾਣੇ ਬੱਸ ਸਟੈਂਡ ਨੂੰ ਚੱਲ ਪਏ। ਕੋਈ ਡੇਢ ਕਿਲੋਮੀਟਰ ਦੇ ਡਾਂਡੀ ਮਾਰਚ ਵਿੱਚ ਜਾਬ੍ਹਾਂ ਦਾ ਭੇੜ ਵੀ ਹੁੰਦਾ ਗਿਆ। ਬੱਸ ਸਟੈਂਡ ਦੇ ਵਿੱਚੋਂ ਦੀ ਲੰਘ ਕੇ ਜਾਂਦਿਆਂ ਨੂੰ ਬੱਸ ਸਟੈਂਡ 'ਚ ਬੈਠੀਆਂ ਸਵਾਰੀਆਂ ਵੀ ਹੈਰਾਨੀ ਨਾਲ ਦੇਖਣ, ਬਈ ਇਹ ਪਾੜ੍ਹਿਆਂ ਦੀ ਫੌਜ ਕਿੱਧਰ ਚੱਲੀ ਹੈ।

ਬੁਢਲਾਡਾ ਬੱਸ ਸਟੈਂਡ ਤੇ ਪੀ. ਆਰ. ਟੀ. ਸੀ. ਦੀ ਵਰਕਸ਼ਾਪ ਦੇ ਪਿਛਲੇ ਪਾਸੇ ਵੱਡੀ ਗਿਣਤੀ ਵਿੱਚ ਮੜ੍ਹੀਆਂ ਸਨ ਜਿਵੇਂ ਪਿੰਡਾਂ ਵਿੱਚ ਆਮ ਹੀ ਹੁੰਦੀਆਂ ਹਨ- ਕੁੱਝ ਛੋਟੀਆਂ ਤੇ ਕੁੱਝ ਵੱਡੀਆਂ, ਕਿਸੇ 'ਤੇ ਸਫੈਦ ਰੰਗ ਕੀਤਾ, ਕਿਸੇ 'ਤੇ ਲਾਲ ਚੁੰਨੀ ਜਿਹੀ ਚੜ੍ਹੀ। ਮੜ੍ਹੀਆਂ 'ਚ ਪਹੁੰਚ ਕੇ ਨਾਜਰ ਬਾਗ਼ੀ ਨੇ ਕਿਹਾ ਲਓ ਬਈ ਦੱਸੋ ਕਿਹੜੀ ਹੈ ਪੀਰ ਦੀ ਮੜ੍ਹੀ? ਅੰਧ-ਵਿਸ਼ਵਾਸ 'ਚ ਪਰੁੰਨ੍ਹੇ ਸੁਖਵੰਤ ਹੋਰਾਂ ਨੇ ਇੱਕ ਵੱਡੀ ਸਾਰੀ ਮੜ੍ਹੀ ਕੋਲ ਜਾ ਕੇ ਕਿਹਾ, "ਇਹ ਹੈ, ਲਓ ਮੂਤ ਕੇ ਦਿਖਾਓ ਕੋਈ।" ਨਾਜਰ ਬਾਗ਼ੀ ਕਹਿੰਦਾ - ਲਓ ਵੀ ਸਾਥੀਓ, ਜਿਨ੍ਹਾਂ ਨੂੰ ਯਕੀਨ ਹੈ ਕਿ ਨਾ ਕੋਈ ਪੀਰ ਹੁੰਦੈ ਤੇ ਨਾ ਕੋਈ ਮੜ੍ਹੀ ਹੁੰਦੀ ਐ, ਉਹ ਸਾਰੇ ਮੜ੍ਹੀ 'ਤੇ ਮੂਤਾਂਗੇ ਤੇ ਪਾਖੰਡ ਦਾ ਭਾਂਡਾ ਭੰਨਾਂਗੇ।

ਫਿਰ ਕੀ ਸੀ ਹਮਾਤੜ ਵਰਗੇ ਸਾਰਿਆਂ ਨੇ ਪੈਂਟਾਂ ਦੀਆਂ ਜਿਪਾਂ ਤੇ ਪਜਾਮਿਆਂ ਦੇ ਨਾਲੇ ਖੋਲ੍ਹੇ ਅਤੇ ਪੀਰ ਦੀ ਮੜ੍ਹੀ ਦੀ ਜਚ ਕੇ ਰੌਣੀ ਕਰ ਦਿੱਤੀ। ਇਹ 'ਸ਼ੁਭ ਕਾਰਜ' ਕਰਕੇ ਸਾਰੇ ਮੁੜ ਆਈ. ਟੀ. ਆਈ. ਨੂੰ ਚੱਲ ਪਏ। ਸੁਖਵੰਤ ਵਰਗਿਆਂ ਨੂੰ ਕੋਈ ਗੱਲ ਨਾ ਅਹੁੜੇ। ਕੋਈ ਪੀਰ ਹੋਵੇ ਤਾਂ ਸਾਡੀ ਲੱਤ ਭੰਨੇ, ਸਾਨੂੰ ਕੋਈ ਸਬਕ ਸਿਖਾਵੇ। ਇੱਕ ਨਵਾਂ ਤਜ਼ਰਬਾ ਕਰਕੇ ਅਸੀਂ ਮੌਜ ਨਾਲ ਘਰਾਂ ਨੂੰ ਜਾ ਵੜੇ।

*-ਰਣਜੀਤ ਲਹਿਰਾ, ਮੋਬਾਈਲ : 94175-88616*

# ਅਨੇਕ ਦੁੱਖਾਂ ਦਾ ਕਾਰਨ ਮੋਟਾਪਾ- ਕਾਰਨ ਅਤੇ ਉਪਾਅ

ਜੋ ਲੋਕ ਦੁਬਲੇ-ਪਤਲੇ ਸ਼ਰੀਰ ਵਾਲੇ ਹੁੰਦੇ ਹਨ, ਉਹਨਾਂ ਦਾ ਇਹ ਅਰਮਾਨ ਹੁੰਦਾ ਹੈ ਕਿ ਕਾਸ਼ ਉਹਨਾਂ ਦਾ ਸ਼ਰੀਰ ਥੋੜ੍ਹਾ ਮੋਟਾ ਤਾਜ਼ਾ ਹੋ ਜਾਵੇ ਤਾਂ ਕਿ ਉਹ ਖਾਂਦੇ ਪੀਂਦੇ ਘਰ ਦੇ ਨਜ਼ਰ ਆਉਣ ਤੇ ਦੂਜੇ ਪਾਸੇ ਮੋਟੇ ਲੋਕ ਮੋਟਾਪੇ ਤੋਂ ਨਾ ਸਿਰਫ਼ ਪ੍ਰੇਸ਼ਾਨ ਹੀ ਹਨ ਬਲਕਿ ਕੁਝ ਮੁਸ਼ਕਲਾਂ/ਰੋਗਾਂ ਨਾਲ ਵੀ ਗ੍ਰਸਿਤ ਰਹਿੰਦੇ ਹਨ ਜੋ ਮੋਟਾਪੇ ਕਰਕੇ ਪੈਦਾ ਹੁੰਦੀਆਂ ਹਨ। ਇਸ ਲੇਖ ’ਚ ਮੋਟਾਪੇ ਦੇ ਕਾਰਨ ਤੇ ਉਸ ਦੇ ਹੱਲ ਬਾਰੇ ਕੁਝ ਚਰਚਾ ਕਰਦੇ ਹਾਂ।

ਸਾਡੀ ਸਰੀਰਕ ਸਿਹਤ ਦੇ ਬਣੇ ਰਹਿਣ ਲਈ ਲੋੜੀਂਦੀ ਖੁਰਾਕ ਦੇ ਤੱਤ ਤੇ ਸ਼ਰੀਰਕ ਅਮਲ ਅਤੇ ਸ਼ਕਤੀ ਲਈ ਜ਼ਰੂਰੀ ਊਰਜਾ ਦੀ ਸਪਲਾਈ ਉਸ ਭੋਜਨ ਰਾਹੀ ਹੁੰਦੀ ਹੈ ਜੋ ਅਸੀਂ ਰੋਜ਼ਾਨਾਂ ਖਾਂਦੇ ਹਾਂ। ਜੇ ਇਹ ਸਪਲਾਈ ਲੋੜ ਤੋਂ ਵੱਧ ਹੋ ਜਾਵੇ ਯਾਨੀ ਲੋੜੀਂਦੀ ਮਾਤਰਾ ਤੋਂ ਵੱਧ ਅੰਨ ਖਾਧਾ ਜਾਵੇ ਤਾਂ ਵਾਧੂ ਭੋਜਨ ਨੂੰ ਚਰਬੀ ’ਚ ਤਬਦੀਲ ਕਰਕੇ ਇਕੱਠਾਕਰਣ ਦਾ ਰੁਝਾਨ ਸਾਡੇ ਸ਼ਰੀਰ ’ਚ ਹੁੰਦਾ ਹੈ। ਜੇ ਵੱਧ ਮਾਤਰਾ ’ਚ ਆਹਾਰ ਲੈਣਾ ਜਾਰੀ ਰਹਿੰਦਾ ਹੈ ਤਾਂ ਚਰਬੀ ਇਕੱਠੀ ਹੋਣ ਨਾਲ ਵਜਨ ਵਧਦਾ ਹੈ ਅਤੇ ਜੇ ਉਹ ਵਜਨ ਵਧਣਾ ਜਾਰੀ ਰਹਿੰਦਾ ਹੈ ਤਾਂ ਮੋਟਾਪੇ (Obesity) ਦੀ ਸਮੱਸਿਆ ਪੈਦਾ ਹੋ ਜਾਂਦੀ ਹੈ। ਇਸ ਦੇ ਸਿੱਟੇ ਗੰਭੀਰ ਵੀ ਹੋ ਸਕਦੇ ਹਨ। ਮੌਤ ਦੇ ਜਿਹੜੇ ਕਾਰਨਾਂ ਨੂੰ ਟਾਲਿਆ ਜਾ ਸਕਦਾ ਹੈ ਉਹਨਾਂ ’ਚ ਤੰਬਾਕੂ ਤੋਂ ਪਿਛੋਂ ਦੂਜੇ ਨੰਬਰ ਤੇ ਮੋਟਾਪਾ ਆਉਂਦਾ ਹੈ। ਮੋਟਾਪੇ ਦਾ ਕਾਰਨ ਬਾਰੇ ਪਹਿਲਾਂ ਗੱਲ ਕਰ ਲਈਏ। ਮੋਟਾਪਾ ਹੋਣ ਦੇ ਕਾਰਨਾਂ ਨੂੰ ਜਾਨਣਾ ਬਹੁਤ ਜ਼ਰੂਰੀ ਹੈ ਅਤੇ ਅਹਿਮ ਹੈ ਕਿਉਂਕਿ ਕਾਰਨਾਂ ਨੂੰ ਜਾਣ ਕੇ ਇਕ ਤਾਂ ਬਚਾਅ ਕੀਤਾ ਜਾ ਸਕਦਾ ਹੈ ਤਾਂ ਕਿ ਸ਼ਰੀਰ ’ਤੇ ਮੋਟਾਪਾ ਆਵੇ ਹੀ ਨਾ। ਦੂਜਾ ਜੋ ਮੋਟਾਪੇ ਤੋਂ ਪੀੜਤ ਹਨ ਉਹ ਇਹਨਾਂ ਕਾਰਨਾਂ ਤੋਂ ਬਚਾਅ ਕਰਕੇ ਮੋਟਾਪੇ ਨੂੰ ਵਧਣ ਤੋਂ ਰੋਕ ਸਕਦੇ ਹਨ। ਜੇ ਮੋਟਾਪਾ ਵਧਣ ਵਾਲੇ ਕਾਰਨਾਂ ਦਾ ਖਹਿੜਾ ਨਾ ਛੱਡਿਆ ਜਾਵੇ ਤਾਂ ਫ਼ਿਰ ਮੋਟਾਪਾ ਘੱਟ ਕਰਨ ਲਈ ਜਿੰਨੇ ਮਰੀਜ ਉਪਾਅ ਤੇ ਇਲਾਜ ਕੀਤੇ ਜਾਣ ਵਿਅਰਥ ਹੀ ਜਾਣਗੇ ਕਿਉਂਕਿ ਜਦ ਤਕ ਕਾਰਨ ਬਣਿਆ ਰਹੇਗਾ ਉਦੋਂ ਤਕ ਉਹ ਕੰਮ ਹੁੰਦਾ ਰਹੇਗਾ। ਮੋਟਾਪੇ ਦੇ ਮਹੱਤਵਪੂਰਨ ਕਾਰਨ ਇਸ ਪ੍ਰਕਾਰ ਹਨ:

ਪਹਿਲਾ ਕਾਰਨ ਹੁੰਦਾ ਹੈ ਪਿਤਾ ਪੁਰਖੀ ਅਸਰ ਭਾਵ ਮਾਂ-ਬਾਪ , ਦਾਦਾ-ਦਾਦੀ ਜਾਂ ਨਾਨਾ-ਨਾਨੀ ਆਦਿ ਮੋਟਾਪੇ ਨਾਲ ਪੀੜ੍ਹਤ ਹੋਣ ਤਾਂ ਇਸ ਗੱਲ ਦੀ ਬਹੁਤ ਸੰਭਾਵਨਾ ਹੁੰਦੀ ਹੈ ਕਿ ਉਹਨਾਂ ਦੇ ਬੱਚੇ ਵੀ ਮੋਟੇ ਹੋਣ। ਤਾਂ ਇਸ ਦਾ ਇਕ ਉਪਾਅ ਇਹ ਹੈ ਕਿ ਬੱਚੇ ਦੇ ਖਾਣ-ਪੀਣ ਤੇ ਰਹਿਣ-ਸਹਿਣ ਅਜੇਹਾ ਰੱਖਿਆ ਜਾਵੇ ਜੋ ਮੋਟਾਪਾ ਲਿਆਉਣ ਵਾਲਾ ਨਾ ਹੋਵੇ। ਉਸਨੂੰ ਆਪਣੇ ਖਾਣ-ਪੀਣ ਤੇ ਰਹਿਣ-ਸਹਿਣ ਬਾਰੇ



ਬਚਪਨ ਤੋਂ ਹੀ ਸਾਵਧਾਨ ਕਰ ਦਿੱਤਾ ਜਾਵੇ ਤੇ ਉਸ ਨੂੰ ਉਹਨਾਂ ਕਾਰਨਾਂ ਤੋਂ ਬਚਣ ਦੀ ਸਲਾਹ ਦਿੱਤੀ ਜਾਵੇ ਜੋ ਸਰੀਰ ਨੂੰ ਮੋਟਾ ਕਰਦੇ ਹਨ। ਦੂਜਾ ਕਾਰਨ ਹੈ- ਗਲਤ ਭੋਜਨ, ਅਜਕੱਲ੍ਹ ਬੰਦੇ ਦਾ ਖਾਣ-ਪੀਣ ਹੀ ਗਲਤ ਨਹੀਂ ਹੈ ਬਲਕਿ ਉਸ ਦਾ ਰੁਟੀਨ ਤੇ ਜੀਵਨ-ਸ਼ੈਲੀ ਵੀ ਠੀਕ ਨਹੀਂ। ਰੋਜ਼ਾਨਾ ਜੀਵਨ ’ਚ ਸ਼ਰੀਰਕ ਮੇਹਨਤ ਦਾ ਨਾ ਹੋਣਾ ਮੋਟਾਪੇ ਦਾ ਇਕ ਵੱਡਾ ਕਾਰਨ ਹੈ। ਰੋਜਾਨਾ ਜੀਵਨ ’ਚ ਸ਼ਰੀਰਕ ਮੇਹਨਤ ਦਾ ਨਾ ਹੋਣਾ ਮੋਟਾਪੇ ਦਾ ਇਕ ਵੱਡਾ ਕਾਰਨ ਹੈ। ਪਹਾੜੀ ਇਲਾਕਿਆਂ ’ਚ ਰਹਿਣ ਵਾਲੇ ਲੋਕਾਂ ’ਚ ਮੋਟਾਪਾ ਲੱਭਿਆ ਵੀ ਨਹੀਂ ਮਿਲਦਾ ਜਦਕਿ ਉਹ ਦਿਨ ’ਚ ਕਈ ਵਾਰ ਖਾਂਦੇ ਹਨ। ਕਾਰਣ ਇਹ ਹੈ ਕਿ ਪਹਾੜ ਚੜ੍ਹਨਾ-ਉਤਰਨਾ ਉਹਨਾਂ ਦੀ ਰੋਜ ਮਰ੍ਹਾ ਦੀ ਜਿੰਦਗੀ ਦਾ ਹਿੱਸਾ ਹੁੰਦਾ ਹੈ। ਇਸ ਤਰ੍ਹਾਂ ਪਿੰਡ ’ਚ ਖੇਤੀ ਕਰਨ ਵਾਲੇ ਬੰਦੇ ਨੂੰ ਰੋਜ਼ ਕਈ ਮੀਲ ਚੱਲਣਾ ਪੈਂਦਾ ਹੈ ਤੇ ਧੁੱਪ ’ਚ ਮੇਹਨਤ ਕਰਨੀ ਪੈਂਦੀ ਹੈ। ਇਸ ਲਈ ਪਿੰਡਾਂ ’ਚ ਮੋਟੇ ਲੋਕ ਬਹੁਤ ਘੱਟ ਮਿਲਦੇ ਹਨ। ਸਮੱਸਿਆ ਤਾ ਸ਼ਹਿਰੀ ਤੇ ਖੁਸ਼ਹਾਲ ਜਮਾਤ ਦੀ ਹੈ ਕਿਉਂਕਿ ਇਕ ਤਾਂ ਬਹੁਤੇ ਲੋਕਾਂ ਦਾ ਕਾਰੋਬਾਰ ਇਸ ਤਰ੍ਹਾਂ ਦਾ ਹੁੰਦਾ ਹੈ ਕਿ ਪੂਰਾ ਦਿਨ ਕੁਰਸੀ ਤੋੜਦਿਆਂ ਹੀ ਲੰਘ ਜਾਂਦਾ ਹੈ। ਦੂਜਾ ਵਸੀਲਿਆਂ ਤੇ ਸਹੂਲਤਾਂ ਮਿਲਣ ਕਰਕੇ ਸਰੀਰਕ ਮੇਹਨਤ ਨਾ ਦੇ ਬਰਾਬਰ ਹੈ। ਇਸ ’ਤੇ ਆਰਾਮ ਪ੍ਰਸਤ ਮਨੋਬਿਰਤੀ, ਸੁਬਾਹ ਦੇਰ ਤਕ ਸੁੱਤੇ ਰਹਿਣਾ, ਭੋਜਨ ਖਾਣਾ ਪਿਛੋਂ ਵੀ ਸੌਣਾ, ਕਿਸੇ ਕਿਸਮ ਦੀ ਵੀ ਕਸਰਤ ਨਾ ਕਰਨੀ ਆਦਿ ਕਾਰਣ ਵੀ ਜੁੜੇ ਹੋਏ ਹਨ। ਲੋੜ ਤੋਂ ਵੱਧ ਤੇ ਵਾਰ-ਵਾਰ ਖਾਣ ਦਾ ਰੁਝਾਨ ਤਾਂ ਮੋਟਾਪੇ ਦਾ ਇਕ ਅਹਿਮ ਕਾਰਣ ਹੈ। ਨਾਲ ਹੀ ਅੱਜ ਦੇ ਦੌਰ ਵਿਚ ਖਰਾਬ ਚਰਬੀ (Trans Fat) ਅਤੇ ਮੈਦੇ ਤੋਂ ਬਣੇ ਭੋਜਨਾ ਨੂੰ ਖਾਣ ਦਾ ਰਿਵਾਜ਼ ਵੀ ਇਸ ਮਰਜ਼ ਨੂੰ ਵਧਾਉਣ ’ਚ ਸਹਿਯੋਗੀ ਹੋ ਰਹੇ ਹਨ। ਅਜਕੱਲ੍ਹ ਦੇ ਆਹਾਰ ’ਚ ਰੇਸ਼ੇ (Fibre) ਦੀ ਮਾਤਰਾ ਬਹੁਤ ਘੱਟ ਰਹਿ ਗਈ ਹੈ। ਮੋਟਾਪਾ ਆ ਜਾਣ ’ਤੇ ਇਕ ਗਧੀਗੇੜ ਸ਼ੁਰੂ ਹੋ ਜਾਂਦਾ ਹੈ। ਵਾਰ-ਵਾਰ ਭੁੱਖ ਲੱਗਦੀ ਹੈ ਤੇ ਬੰਦਾ ਵਾਰੀ ਵਾਰੀ ਮੂੰਹ ਮਾਰਦਾ ਰਹਿੰਦਾ ਹੈ। ਅਜਕੱਲ੍ਹ, ਪਨੀਰ, ਮੱਖਣ-ਘੀ ਨਾਲ ਭਰਪੂਰ ਭੋਜਨ ਪਦਾਰਥ, ਮੈਦੇ ਤੋਂ ਬਣੀਆਂ ਚੀਜ਼ਾਂ, ਆਈਸ਼ ਕ੍ਰੀਮ, ਕੋਲਡ ਡ੍ਰਿੰਕਸ਼, ਸਰਾਬ ਦੇ ਨਾਲ ਮੀਟ (ਤਲਿਆ ਹੋਇਆ) ਦਾ ਰਿਵਾਜ਼ ਬਹੁਤ ਹੈ। ਇਹ ਸਾਰੇ ਮੋਟਾਪਾ ਵਧਾਉਣ ਵਾਲੇ ਹੁੰਦੇ ਹਨ।



ਡਾ. ਅਜੀਤਪਾਲ ਸਿੰਘ
ਐਮ. ਡੀ.
ਮੋ. 98156-29301

ਤੀਜਾ ਕਾਰਨ ਹੈ, ਸਤ੍ਰਾਵੀ ਗ੍ਰੰਥੀਆਂ (Endocrine Glands) ਦਾ ਵਿਗਾੜ। ਇਸ ਨਾਲ ਵਿਸ਼ੇਸ਼ ਕਿਸਮ ਦਾ ਮੋਟਾਪਾ ਹੁੰਦਾ ਹੈ, ਜਿਸ ’ਚ ਸਰੀਰ ਬਹੁਤ ਭਾਰੀ, ਬੋਝਲ, ਘਟਵਾ ਤੇ ਮੋਟਾ ਹੋ ਜਾਂਦਾ ਹੈ। ਥਾਇਰਾਇਡ ਗ੍ਰੰਥੀ, ਪਿਚੂਟਰੀ ਗ੍ਰੰਥੀ ਤੇ ਐਡ੍ਰੀਨਲ ਗ੍ਰੰਥੀ ’ਚ ਵਿਗਾੜ ਪੈਦਾ ਹੋ ਜਾਣ ਕਰਕੇ ਸਰੀਰ ਮੋਟਾ ਹੋ ਜਾਂਦਾ ਹੈ।

**ਮੋਟਾਪੇ ਤੋਂ ਪੈਦਾ ਵਿਗਾੜ ਤੇ ਹਾਨੀਆਂ** :- ਬੇਹੱਦ ਸੁਸਤ ਬੰਦੇ ’ਚ ਸਰੀਰਕ ਕਰੂਪਤਾ, ਤੋਂ ਇਲਾਵਾਂ ਹੋਰ ਦੂਜੇ ਦੋਸ਼ ਵੀ ਹੁੰਦੇ ਹਨ। ਸੁਸਤ ਬੰਦੇ ਦੀ ਉਮਰ ਘਟ ਜਾਂਦੀ ਹੈ। ਸੈਕਸ ਸ਼ਕਤੀ ’ਚ ਕਮੀ, ਦੁਰਬਲਤਾ, ਸਰੀਰ ’ਚ ਬਦਬੂ ਦਾ ਹੋਣਾ, ਵੱਧ ਪਸੀਨਾ ਆਉਣਾ, ਵੱਧ ਭੁੱਖ ਲਗਣੀ ਤੇ ਵੱਧ ਪਿਆਸ ਲੱਗਣੀ - ਇਹ ਅੱਠ ਵਿਗਾੜ (ਲੱਛਣ) ਮੋਟਾਪੇ ਤੋਂ ਪੀੜਤ ਬੰਦੇ ’ਚ ਹੁੰਦੇ ਹਨ। ਮੋਟਾਪੇ ਨਾਲ ਸ਼ਰੀਰ ’ਚ ਕਈ ਹੋਰ ਵਿਗਾੜ ਪੈਦਾ ਹੋ ਜਾਂਦੇ ਹਨ ਜਿਵੇਂ ਸ਼ੂਗਰ ਦੀ ਬੀਮਾਰੀ (Diabetes) ਤੇ ਹਾਈ ਬਲੱਡ ਪ੍ਰੈਸ਼ਰ, ਦਿਲ ਦੇ ਰੋਗ, ਹੱਡੀਆਂ ਤੇ ਜੋੜਾਂ ਦੇ ਦਰਦ, ਨੀਂਦ ਦੌਰਾਨ ਥੋੜ੍ਹਾ ਚਿਰ ਸਾਹ ਰੁਕਣਾ (Sleep Aponea) ਘੁਰਾੜੇ ਮਾਰਨੇ, ਔਰਤਾਂ ’ਚ ਮਹਾਂਵਾਰੀ ਦੀ ਅਨਿਯਮਤ, ਗਰਭਪਾਤ ਜਾਂ ਜਣੇਪੇ ਸਬੰਧੀ ਸਮੱਸਿਆ, ਕੈਂਸਰ ਆਦਿ।

**ਇਲਾਜ** :- ਕਰਨ ਤੋਂ ਪਹਿਲਾਂ ਕਈ ਗੱਲਾਂ ਦਾ ਵਿਸ਼ੇਸ਼ ਧਿਆਨ ਰੱਖਣਾ ਜ਼ਰੂਰੀ ਹੈ। ਜਿਵੇਂ ਰੋਗੀ ਦੀ ਉਮਰ ਕਿੰਨੀ ਹੈ। ਜੇ ਪਹਿਲਾਂ ਕੋਈ ਰੋਗ ਹੈ ਤਾਂ ਉਸ ਦਾ ਇਲਾਜ਼ ਸ਼ੁਰੂ ਕੀਤਾ ਜਾਵੇ। ਰੋਗੀ ਦੀ ਇੱਛਾ ਸ਼ਕਤੀ ਮਜ਼ਬੂਤ ਹੋਣੀ ਜ਼ਰੂਰੀ ਹੈ ਕਿਉਂਕਿ ਇਹ ਮਹੀਨੇ-20 ਦਿਨਾਂ ’ਚ ਠੀਕ ਹੋਣ ਵਾਲਾ ਰੋਗ ਨਹੀਂ ਹੈ। ਇਸ ਲਈ ਵੱਡੇ ਸਬਰ ਦੀ ਲੋੜ ਹੁੰਦੀ ਹੈ। ਰੋਜ਼ਾਨਾ ਕਸਰਤ ਤੇ ਲੰਬੀ ਸੈਰ ਕਰਨੀ ਚਾਹੀਦੀ ਹੈ। ਭੋਜਨ ’ਤੇ ਕੰਟਰੋਲ ਰਖਣਾ ਬਣਦਾ ਹੈ, ਘੱਟ ਖਾਓ। ਮੂੰਹ ਦੇ ਸੁਆਦ ਲਈ ਖਾਣਾ ਬੰਦ ਰਖੋ। ਸੁਬਾਹ 5 ਵਜੇ ਉੱਠ ਕੇ ਰੋਗੀ ਨੂੰ 2-3 ਕਿਲੋਮੀਟਰ ਟਹਿਲਣਾ ਚਾਹੀਦਾ ਹੈ। ਭੋਜਨ ’ਚ ਛਿਲਕੇ ਵਾਲੀ ਮੂੰਗੀ ਦੀ ਦਾਲ। ਜਾਂ ਖਿਚੜੀ, ਹਰਾ ਸਾਗ ਤੇ ਪੱਤਿਆਂ ਵਾਲੀਆਂ, ਸਬਜ਼ੀਆਂ, ਜੌਂ ਦੀ ਰੋਟੀ ਦੀ ਵਰਤੋਂ ਆਮ ਤੌਰ ’ਤੇ ਕੀਤੀ ਜਾਂਦੀ ਹੈ। ਤਲੀਆਂ ਚੀਜ਼ਾਂ ਬੰਦ ਰਖਣੀਆਂ ਚਾਹੀਦੀਆਂ ਹਨ। ਫਿੱਕਾ ਗਾਂ ਦਾ ਦੁੱਧ (250 ਗ੍ਰਾਮ), ਅਮਰੂਦ, ਪਪੀਤਾ ਵਰਤਿਆ ਜਾਣਾ ਚਾਹੀਦਾ ਹੈ। ਦੁਪਹਿਰੇ ਇਕ ਕੌਲੀ ਮੂੰਗੀ ਦੀ ਛਿਲਕੇ ਵਾਲੀ ਦਾਲ, ਇਕ ਕਟੋਰੀ ਹਰੀ ਸਬਜ਼ੀ ਜਿਵੇਂ ਲੌਕੀ, ਤੋਰੀ, ਕੱਦੂ, ਟਿੰਡੇ, ਪਾਲਕ, ਪੱਤਗੋਭੀ, ਪਰਵਾਲ ਆਦਿ, ਇਕ ਕੌਲੀ ਸਪਰੇਟੇ ਦੁੱਧ ਦੀ ਦਹੀਂ, ਤੇ ਬਿਨਾ ਘਿਉ ਚੋਪੜੀ ਇਕ ਰੋਟੀ ਲੈਣੀ ਚਾਹੀਦੀ ਹੈ।

ਮੋਟਾਪਾ ਘਟਾਉਣ ’ਚ ਖੁਰਾਕ ’ਤੇ ਕੰਟਰੋਲ ਦਾ ਅਹਿਮ ਯੋਗਦਾਨ ਹੈ। ਇਸ ਬਿਨਾਂ ਸਾਰੀ ਕੋਸ਼ਿਸ਼ ਬੇਕਾਰ ਜਾਂਦੀ ਹੈ। ਪੱਕੇ ਇਰਾਦੇ ਨਾਲ ਹੀ ਮੋਟਾਪੇ ’ਤੇ ਕਾਬੂ ਪਾਇਆ ਜਾ ਸਕਦਾ ਹੈ। ਦਵਾਈਆਂ ਘੱਟ ਹੀ ਮਦਦ ਕਰਦੀਆਂ ਹਨ। ਭੁੱਖ ਘਟਾਉਣ ਲਈ ਦਵਾਈਆਂ ਦੇਣ ਨਾਲ ਹਾਈਬਲੱਡ ਪ੍ਰੈਸ਼ਰ ਰਹਿਣ ਦਾ ਖ਼ਤਰਾ ਰਹਿੰਦਾ ਹੈ।

# ਫਰੀਦਕੋਟ ਤਰਕਸ਼ੀਲ ਮੇਲੇ ਦਾ ਅੰਧ ਵਿਸ਼ਵਾਸ਼ਾਂ ਖਿਲਾਫ਼ ਲੜਣ ਦਾ ਸੱਦਾ





ਫਰੀਦਕੋਟ 7 ਅਪਰੈਲ( ਪੱਤਰ ਪ੍ਰੇਰਕ)

ਤਰਕਸ਼ੀਲ ਲਹਿਰ ਨੂੰ ਪੂਰੀ ਤਰ੍ਹਾਂ ਸਮਰਪਿਤ ਸਾਥੀ ਸੁਖਚੈਨ ਥਾਂਦੇਵਾਲਾ ਨੇ ਆਪਣੇ ਬੇਟੇ ਬਲਜੋਤਪਾਲ ਅਤੇ ਭਤੀਜੇ ਤਰਕਦੀਪ ਦੀ ਯਾਦ ਤਰਕਸ਼ੀਲ ਮੇਲਾ ਕਰਵਾਇਆ



ਸਰਕਾਰੀ ਐਲੀਮੈਂਟਰੀ ਸਕੂਲ ਮਨਜੀਤ ਇੰਦਰਪੁਰਾ ਫਰੀਦਕੋਟ ਵਿਖੇ ਕਰਵਾਏ ਤਰਕਸ਼ੀਲ ਮੇਲੇ ਦੇ ਮੁਖ ਬੁਲਾਰੇ ਤਰਕਸ਼ੀਲ ਸੁਸਾਇਟੀ ਭਾਰਤ ਦੇ ਬਾਨੀ ਮੇਘ ਰਾਜ ਮਿਤਰ ਅਤੇ ਸਾਥੀ ਮੇਘ ਰਾਜ ਰੱਲਾ ਸਨ। ਪ੍ਰਭਾਵਸ਼ਾਲੀ ਇਕੱਠ ਨੂੰ ਸੰਬੋਧਨ ਕਰਦਿਆਂ ਸਾਥੀ ਮਿਤਰ ਨੇ ਲੋਕਾਂ ਨੂੰ ਅੰਧ ਵਿਸ਼ਵਾਸ਼ ਖਿਲਾਫ ਡਟਣ ਦਾ ਸੱਦਾ ਦਿਤਾ। ਮੇਘ ਰਾਜ ਰੱਲਾ ਦੀ ਅਗਵਾਈ ਵਰਿਆਮ ਸੰਧੂ ਦੀ ਕਹਾਣੀ 'ਤੇ ਆਧਾਰਤ ਨਾਟਕ ਆਪਣਾ ਆਪਣਾ ਹਿੱਸਾ ,ਬਹੁਤ ਵਧੀਆ ਢੰਗ ਨਾਲ ਪੇਸ਼ ਕੀਤਾ ਗਿਆ। ਸਾਥੀ ਮਿਤਰ ਅਤੇ ਸਾਥੀ ਰੱਲਾ ਨੇ ਕਿਹਾ ਇਸ ਸਮੇਂ ਭਾਰਤ ਵਿਚ ਫਿਰਕੂ ਤਾਕਤਾਂ ਪੂਰੀ ਤਰ੍ਹਾਂ ਇਕਮੁੱਠ ਹੋ ਗਈਆਂ ਹਨ । ਜੋਤਿਸ਼ ਵਰਗੇ ਗੈਰ ਵਿਗਿਆਨਕ ਵਿਸ਼ੇ ਪੂਰੀ ਢੀਠਤਾ ਨਾਲ ਪਰਚਾਰ ਕੀਤਾ ਜਾ ਰਿਹਾ ਹੈ। ਉਹਨਾਂ ਜੋਤਸ਼ੀਆਂ ਅਤੇ ਗੈਬੀ ਤਾਕਤ ਦਾ ਦਾਅਵਾ ਕਰਨ ਵਾਲਿਆਂ ਨੂੰ ਕਿਹਾ ਕਿ ਉਹ ਉਹਨਾਂ ਚੈਲਿੰਜ ਪਰਵਾਨ ਕਰਕੇ,ਸੁਸਾਇਟੀ ਵਲੋਂ ਰੱਖਿਆ ਇਕ ਕਰੋੜ ਰੁਪੈ ਦਾ ਇਨਾਮ ਹਾਸਿਲ ਕਰਨ। ਉਹਨਾਂ ਪ੍ਰੋਗ੍ਰਾਮ ਦੇ ਸੰਜੋਯਕ ਸੁਖਚੈਨ ਥਾਂਦੇਵਾਲਾ ਦੀ ਤਾਰੀਫ਼ ਕਰਦਿਆਂ ਕਿਹਾ ਕਿ ਅਸਲੀ ਤਰਕਸ਼ੀਲ ਹੈ ਜਿਸਦੀ ਕਰਨੀ ਅਤੇ ਕਹਿਣੀ ਇਕ ਹੈ।

ਇਸ ਦੌਰਾਨ ਦੌਰਾਨ ਅਮਰਜੀਤ ਢਿੱਲੋਂ ਦਬੜ੍ਹੀਖਾਨਾ ਦਾ ਗ਼ਜ਼ਲ ਸੰਗ੍ਰਿਹ ' ਅਪਣੇ ਸੰਗ ਸੰਵਾਦ' ਲੋਕ ਅਰਪਣ ਕੀਤਾ ਗਿਆ। ਇਹ ਪੁਸਤਕ ਲੋਕ ਅਰਪਣ ਕਰਨ ਦੀ ਰਸਮ ਤਰਕਸ਼ੀਲ ਸੁਸਾਇਟੀ ਭਾਰਤ ਦੇ ਬਾਨੀ ਮੇਘ ਰਾਜ ਮਿਤਰ , ਉਘੇ ਤਰਕਸ਼ੀਲ ਅਤੇ ਰੰਗ ਕਰਮੀ ਮੇਘ ਰਾਜ ਰੱਲਾ, ਉਘੇ ਸਾਹਿਤਕਾਰ ਨਵਰਾਹੀ ਘੁਗਿਆਣਵੀ,ਡੀ ਐਸ ਪੀ ਵਿਜ਼ੀਲੈਂਸ ਫਰੀਦਕੋਟ ਹਰਜਿੰਦਰ ਸਿੰਘ ,ਜਗਪਾਲ ਸਿੰਘ ਬਰਾੜ, ਥਾਂਦੇਵਾਲਾ ਦੇ ਸਰਪੰਚ ਐਡਵੋਕੇਟ ਮਨਜੀਤ ਸਿੰਘ ਬਰਾੜ ਅਤੇ ਸੁਖਚੈਨ ਥਾਂਦੇਵਾਲਾ ਨੇ ਅਦਾ ਕੀਤੀ। ਇਸ ਮੌਕੇ ਬੋਲਦਿਆਂ ਮੇਘ ਰਾਜ ਮਿੱਤਰ ਅਤੇ ਮੇਘ ਰੱਲਾ ਨੇ ਕਿਹਾ ਕਿ ਸਾਹਿਤ ਹਮੇਸ਼ਾ ਲੋਕਾਂ ਦੀ ਅਗਵਾਈ ਕਰਨ ਵਾਲਾ ਹੋਣਾ ਚਾਹੀਦਾ ਹੈ।

ਮੇਘ ਰਾਜ ਰੱਲਾ ਨੇ ਕਿਹਾ ਸਿਰਫ ਜ਼ਿਹਨੀ ਐਯਾਸ਼ੀ ਲਈ ਲਿਖੇ ਗੀਤ ਗ਼ਜ਼ਲ ਹਮੇਸ਼ਾ ਲੋਕ ਵਿਰੋਧੀ ਹੁੰਦੇ ਹਨ। ਉਹਨਾਂ ਅਪਣੇ ਸੰਗ ਸੰਵਾਦ ਪੁਸਤਕ ਦੀਆਂ ਗ਼ਜ਼ਲਾਂ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਅਮਰਜੀਤ ਢਿਲੋਂ ਤਰਕਸ਼ੀਲ ਸੋਚ ਵਾਲਾ ਵਿਗਿਆਨਕ ਵਿਚਾਰਧਾਰਾ ਵਾਲਾ ਸ਼ਾਇਰ ਹੈ। ਸੁਖਚੈਨ ਥਾਂਦੇਵਾਲਾ ਨੇ ਕਿਹਾ ਉਸਦੀ ਵਿਗਿਆਨਕ ਸੋਚ ਬਣਾਉਣ ਵਿਚ ਅਮਰਜੀਤ ਢਿੱਲੋਂ ਦਾ ਅਹਿਮ ਰੋਲ ਹੈ ਅਤੇ ਹਮੇਸ਼ਾ ਸ਼੍ਰੀ ਢਿੱਲੋਂ ਨੂੰ ਆਪਣਾ ਉਸਤਾਦ ਮੰਨਦਾ ਹੈ। ਇਸ ਮੌਕੇ ਸ਼ਾਇਰ ਇਕਬਾਲ ਘਾਰੂ , ਸੁਨੀਲ ਚੰਦਿਆਣਵੀ,ਲਖਵਿੰਦਰ ਹਾਲੀ,ਪ੍ਰੇਮ ਚਾਵਲਾ ਅਤੇ ਅਸ਼ੋਕ ਕੌਸ਼ਲ ਨੇ ਵੀ ਅਪਣੇ ਵਿਚਾਰ ਰੱਖੇ।

ਸਟੇਜ ਸੰਚਾਲਨ ਵੀਰ ਸਿੰਘ ਗੋਲੇਵਾਲੀਆ ਨੇ ਕੀਤਾ, ਗੁਰਮੀਤ ਸਿੰਘ ਬਰਾੜ ਐਮ. ਡੀ. ਪੰਜਾਬ ਕਾਰਪੋਰੇਟ ਬੈਂਕ ਵਿਸ਼ੇਸ਼ ਮਹਿਮਾਨ ਦੇ ਤੌਰ 'ਤੇ ਪ੍ਰੋਗਰਾਮ ਵਿੱਚ ਸ਼ਾਮਿਲ ਹੋਏ। ਇਸ ਮੌਕੇ ਸੁਖਵਿੰਦਰ ਸਿੰਘ, ਸੋਹਣ ਸਿੰਘ ਪੀ. ਆਰ. ਓ., ਮਨਜੀਤ ਗਿੱਲ ਪੱਖੀ ਖੁਰਦ, ਸੁਖਵਿੰਦਰ ਸਿੰਘ ਡੋਡ ਵੀ ਹਾਜ਼ਰ ਸਨ।